I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

NAME CHANGE

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

NAME CHANGE

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

NAME CHANGE

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

NAME CHANGE

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

NAME CHANGE

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

PUBLIC NOTICE

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

PUBLIC NOTICE

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

NAME CHANGE

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

NAME CHANGE

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

NAME CHANGE

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

NAME CHANGE

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

PUBLIC NOTICE

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

NAME CHANGE

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

NAME CHANGE

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

NAME CHANGE

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

PUBLIC NOTICE

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH EX.MALL, SECTOR-9,
ROHINI, NEW DELHI

ਸਰਕਾਰੀ ਰਣਬੀਰ ਕਾਲਜ,ਸੰਗਰੂਰ ਦੇ ਪ੍ਰਿੰਸੀਪਲ ਸ਼੍ਰੀਮਤੀ ਰੋਮੀ ਗਰਗ ਜੀ ਦੀ ਰਹਿਨੁਮਾਈ ਹੇਠ ਰਵਾਇਤੀ ਖੇਡ ਦਿਵਸ ਮਨਾਇਆ



ਸੰਗਰੂਰ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਇਸ ਨਸ਼ਾ ਮੁਕਤ ਯੁਵਾ ਅਭਿਆਨ ਤਹਿਤ ਮਨਾਏ ਰਵਾਇਤੀ ਖੇਡ ਦਿਵਸ ਵਿੱਚ ਕਾਲਜ ਦੇ ਪ੍ਰਿੰਸੀਪਲ ਅਸੋਸੀਏਟ ਪ੍ਰੋਫੈਸਰ ਰੋਮੀ ਗਰਗ ਜੀ ਬਤੌਰ ਮੁੱਖ ਮਹਿਮਾਨ ਅਤੇ ਕਾਲਜ ਕਾਉਂਸਿਲ ਮੈਂਬਰਜ਼ ਅਸੋਸੀਏਟ ਪ੍ਰੋਫ਼ੈਸਰ ਕੁਲਦੀਪ ਕੁਮਾਰ, ਅਸੋਸੀਏਟ ਪ੍ਰੋਫ਼ੈਸਰ ਡਾ. ਰਣਧੀਰ ਕੌਸ਼ਿਕ ਅਤੇ ਅਸਿਸਟੈਂਟ ਪ੍ਰੋਫ਼ੈਸਰ ਜਗਸੀਰ ਸਿੰਘ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਵਲੰਟੀਅਰਜ਼ ਵੱਲੋਂ NSS ਕਲੈਪ ਨਾਲ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।

NSS Unit A (BOYS) ਦੇ ਪ੍ਰੋਗਰਾਮ ਅਫ਼ਸਰ,ਬੱਡੀ ਪ੍ਰੋਗਰਾਮ ਦੇ ਨੋਡਲ ਅਫ਼ਸਰ -ਕਮ-ਮਾਸਟਰ ਟ੍ਰੇਨਰ, ਐਂਟੀ- ਨਾਰਕੋਟਿਕ ਕਲੱਬ ਅਤੇ ਤੰਬਾਕੂ ਕੰਟਰੋਲ ਸੈੱਲ ਦੇ ਕਨਵੀਨਰ ਡਾ. ਰੁਪਿੰਦਰ ਕੁਮਾਰ ਸ਼ਰਮਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾਗਰੂਕਤਾ ਮੁਹਿੰਮ ਬਾਰੇ ਜਾਣਕਾਰੀ ਦਿੱਤੀ।

ਉਹਨਾਂ ਕਿਹਾ ਕਿ ਰਵਾਇਤੀ ਖੇਡਾਂ ਕੇਵਲ ਮਨੋਰੰਜਨ ਦਾ ਹੀ ਸਾਧਨ ਨਹੀਂ ਹਨ ਬਲਕਿ ਇਹ ਖੇਡਾਂ ਸਾਡੇ ਅਮੀਰ ਸੱਭਿਆਚਾਰ ਵਿਰਸੇ ਅਤੇ ਭਾਈਚਾਰਿਕ ਸਾਂਝ ਦੀ ਤਰਜਮਾਨੀ ਵੀ ਕਰਦੀਆਂ ਹਨ ਅਤੇ ਇਹਨਾਂ ਨਾਲ ਸਾਡਾ ਸਰੀਰਕ, ਭਾਵਨਾਤਮਕ ਅਤੇ ਮਾਨਸਿਕ ਵਿਕਾਸ ਵੀ ਹੁੰਦਾ ਹੈ।ਇਸ ਮੌਕੇ ਅਸੋਸੀਏਟ ਪ੍ਰੋਫ਼ੈਸਰ ਕੁਲਦੀਪ ਕੁਮਾਰ ਜੀ ਨੇ ਵਲੰਟੀਅਰਜ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਨਸ਼ਿਆਂ ਖ਼ਿਲਾਫ਼ ਡਟ ਕੇ ਲੜਾਈ ਲੜ੍ਹਨੀ ਚਾਹੀਦੀ ਹੈ।

ਮੁੱਖ ਮਹਿਮਾਨ ਕਾਲਜ ਦੇ ਪ੍ਰਿੰਸੀਪਲ ਅਸੋਸੀਏਟ ਪ੍ਰੋਫ਼ੈਸਰ ਰੋਮੀ ਗਰਗ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਨਸ਼ਿਆਂ ਨਾਲ ਵਿਅਕਤੀ ਦਾ ਸਰੀਰਕ, ਮਾਨਸਿਕ, ਆਰਥਿਕ ਅਤੇ ਸਮਾਜਿਕ ਨੁਕਸਾਨ ਹੁੰਦਾ ਹੈ ਅਤੇ ਉਹਨਾਂ ਕਿਹਾ ਕਿ ਸਾਨੂੰ ਨਸ਼ਾ ਨਾ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਤੇ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਨਸ਼ਾ ਮੁਕਤ ਯੁਵਾ ਫਾਰ ਵਿਕਿਸਿਤ ਭਾਰਤ ਸੰਕਲਪ ਅਭਿਆਨ ਵਿੱਚ ਆਪਣਾ ਬਨਦਾ ਯੋਗਦਾਨ ਪਾਇਆ ਜਾਵੇ।

ਇਸ ਮੌਕੇ NSS Volunteers ਨੇ ਵੱਖ ਵੱਖ ਰਵਾਇਤੀ ਖੇਡਾਂ ਜਿਵੇਂ ਗੁੱਲੀ ਡੰਡਾ ,ਸ਼ਟਾਪੂ, ਮੈਰਾਥਨ ਦੌੜ, ਰੁਮਾਲ ਚੁੱਕਣਾ, ਗੀਟੇ ਖੇਲਣਾ, ਰੱਸੀ ਟੱਪਣਾ,ਲੂਣ ਮਿਆਨੀ, ਕੋਟਲਾ ਛਪਾਕੀ,ਪੀਚੋ ਖੇਡਣਾ ਆਦਿ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਸਾਰੇ ਵਲੰਟੀਅਰਜ਼ ਨੇ ਇਹਨਾਂ ਰਵਾਇਤੀ ਖੇਡਾਂ ਵਿੱਚ ਹਿੱਸਾ ਲਿਆ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰਣ ਕੀਤਾ।ਇਸ ਮੌਕੇ ਕਾਲਜ ਦੀ ਬੱਡੀ ਪ੍ਰੋਗਰਾਮ ਕਮੇਟੀ, ਐਂਟੀ ਨਾਰਕੋਟਿਕ ਕਲੱਬ ਅਤੇ ਤੰਬਾਕੂ ਕੰਟਰੋਲ ਸੈੱਲ ਦੇ ਮੈਂਬਰਜ਼ ਅਤੇ ਹੋਰ ਸਟਾਫ਼ ਮੈਂਬਰ ਵੀ ਮੌਜੂਦ ਸਨ।

ਅੰਤ ਵਿੱਚ ਬੱਡੀ ਪ੍ਰੋਗਰਾਮ ਕਮੇਟੀ, ਐਂਟੀ- ਨਾਰਕੋਟਿਕ ਕਲੱਬ ਅਤੇ ਤੰਬਾਕੂ ਕੰਟਰੋਲ ਸੈੱਲ ਦੇ ਮੈਂਬਰ ਮੈਡਮ ਰਮਾ ਸ਼ਰਮਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਸ਼ਿਆਂ ਦੀ ਦਲਦਲ ਵਿਚੋਂ ਨਿਕਲਣ ਲਈ ਮਜਬੂਰ ਇਰਾਦੇ ਦੀ ਜ਼ਰੂਰਤ ਹੈ।ਇਸ ਮੌਕੇ ਵਲੰਟੀਅਰਜ਼ ਨੂੰ ਫਲਾਂ ਦੀ ਰਿਫਰੈਸ਼ਮੈਂਟ ਦਿੱਤੀ ਗਈ।

'ਸੇਵਾ, ਸੁਰੱਖਿਆ, ਸਨਮਾਨ—ਸ਼੍ਰੋਮਣੀ ਅਕਾਲੀ ਦਲ ਦੇ ਨਾਲ'; ਕੋਟਕਪੂਰਾ 'ਚ ਸਮਾਗਮ



ਕੋਟਕਪੂਰਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਦੀਆਂ 2027 ਵਿੱਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਪਾਰਟੀ ਦੀਆਂ ਸਰਗਰਮੀਆਂ ਤੇਜ਼ ਕਰਨ ਅਤੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਕੋਟਕਪੂਰਾ ਵਿਖੇ ਸਮਾਗਮ ਕਰਵਾਇਆ ਗਿਆ।

ਇਸ ਦੌਰਾਨ ਪਾਰਟੀ ਦੇ ਸੀਨੀਅਰ ਆਗੂਆਂ, ਅਹੁਦੇਦਾਰਾਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦਾ ਮੁੱਖ ਉਦੇਸ਼ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨਾ ਅਤੇ ਆਉਣ ਵਾਲੀਆਂ ਚੋਣਾਂ ਲਈ ਵਰਕਰਾਂ ਨੂੰ ਸਰਗਰਮ ਕਰਨਾ ਰਿਹਾ।

ਇਸ ਮੌਕੇ ਸਾਬਕਾ ਮੰਤਰੀ ਅਤੇ ਬੀ.ਸੀ. ਵਿੰਗ ਦੇ ਪ੍ਰਧਾਨ ਸ. ਹੀਰਾ ਸਿੰਘ ਗਾਬੜੀਆ, ਸਾਬਕਾ ਵਿਧਾਇਕ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਸ. ਮਨਤਾਰ ਸਿੰਘ ਬਰਾੜ, ਸ਼੍ਰੋਮਣੀ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨ (ਦਿਹਾਤੀ) ਸ. ਸ਼ੇਰ ਸਿੰਘ ਮੰਡ, ਸਾਬਕਾ ਜ਼ਿਲ੍ਹਾ ਪਰਿਸ਼ਦ ਚੇਅਰਮੈਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਪੀ.ਏ.ਸੀ. ਦੇ ਮੈਂਬਰ ਸ. ਕੁਲਤਾਰ ਸਿੰਘ ਬਰਾੜ, ਜਨਰਲ ਕੌਂਸਲ ਮੈਂਬਰ ਨਰਿੰਦਰ ਸਿੰਘ ਨਿੰਦਾ ਅਤੇ ਗੁਰਦੇਵ ਸਿੰਘ ਠੇਕੇਦਾਰ ਸਮੇਤ ਹੋਰ ਆਗੂ ਹਾਜ਼ਰ ਸਨ।

ਇਸ ਤੋਂ ਇਲਾਵਾ ਸਾਬਕਾ ਐਮ.ਸੀ. ਅਤੇ ਹਲਕਾ ਕੋਟਕਪੂਰਾ ਦੇ ਬੀ.ਸੀ. ਵਿੰਗ ਦੇ ਪ੍ਰਧਾਨ ਗੁਰਮੁਖ ਸਿੰਘ ਭੁੱਲਰ, ਜ਼ਿਲ੍ਹਾ ਫ਼ਰੀਦਕੋਟ ਦੇ ਬੀ.ਸੀ. ਵਿੰਗ ਦੇ ਪ੍ਰਧਾਨ ਗੁਰਸੇਵਕ ਸਿੰਘ ਅਨੋਖਾ, ਨਗਰ ਕੌਂਸਲ ਕੋਟਕਪੂਰਾ ਦੇ ਸਾਬਕਾ ਪ੍ਰਧਾਨ ਮੋਹਨ ਸਿੰਘ ਮੱਤਾ, ਸ਼੍ਰੋਮਣੀ ਅਕਾਲੀ ਦਲ ਦੇ ਐਸ.ਸੀ. ਵਿੰਗ ਦੇ ਕੌਮੀ ਮੀਤ ਪ੍ਰਧਾਨ ਕੇਵਲ ਸਿੰਘ ਸਹੋਤਾ, ਸਰਕਲ ਪ੍ਰਧਾਨ ਅੰਗਰੇਜ਼ ਸਿੰਘ ਬਿੱਟੂ, ਸਾਬਕਾ ਐਮ.ਸੀ. ਅਤੇ ਸਰਕਲ ਪ੍ਰਧਾਨ ਰਣਜੀਤ ਸਿੰਘ ਕਾਕਾ, ਜਗਸੀਰ ਸਿੰਘ ਸੀਰਾ ਗਿੱਲ, ਰਵਿੰਦਰ ਸਿੰਘ ਰਾਓ, ਗੁਰਮੀਤ ਸਿੰਘ ਠੇਕੇਦਾਰ ਅਤੇ ਲਾਭ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

ਸਮਾਗਮ ਵਿੱਚ ਬਗੀਚਾ ਸਿੰਘ ਸਾਬਕਾ ਐਮ.ਸੀ., ਅਰਜਨ ਸਿੰਘ ਐਮ.ਸੀ., ਦਿਲਦਾਰ ਸਿੰਘ, ਬੇਅੰਤ ਸਿੰਘ ਖਾਲਸਾ, ਸੰਨੀ ਸਿੰਘ ਐਮ.ਸੀ., ਪ੍ਰਭਜਿੰਦਰ ਸਿੰਘ ਲਾਡੀ, ਸਾਬਕਾ ਐਮ.ਸੀ. ਕੁਲਦੀਪ ਸਿੰਘ ਟੋਨੀ ਅਤੇ ਯੂਥ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਅਮਰੀਕ ਸਿੰਘ ਸਮੇਤ ਹੋਰ ਵਰਕਰ ਵੀ ਮੌਜੂਦ ਸਨ।

ਆਲ ਇੰਡੀਆ ਮਹਿਲਾ ਕਾਂਗਰਸ ਦੀ ਪ੍ਰਧਾਨ ਅਲਕਾ ਲਾਂਬਾ ਨੇ ਦਿੱਲੀ ਚਲੋ ਮੁਹਿੰਮ ਦੀ ਕੀਤੀ ਗਈ ਸ਼ੁਰੂਆਤ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਾਂਬਾ ਨੇ ਦਿੱਲੀ ਚੱਲੋ ਮੁਹਿੰਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਰਾਮਲੀਲਾ ਮੈਦਾਨ ਵਿੱਚ ਹੋਣ ਵਾਲੀ 'ਇੰਡੀਆ' ਗੱਠਜੋੜ ਦੀ ਰੈਲੀ ਵਿੱਚ 10 ਲੱਖ ਲੋਕ ਪਹੁੰਚਣਗੇ ਅਤੇ ਇਨ੍ਹਾਂ ਵਿੱਚ ਘੱਟੋ-ਘੱਟ ਇੱਕ ਲੱਖ ਔਰਤਾਂ ਸ਼ਾਮਲ ਹੋਣਗੀਆਂ।



ਚੋਣ ਕਮਿਸ਼ਨ ਦੀ ਵੈੱਬਸਾਈਟ ਅਤੇ ਆਰ.ਟੀ.ਆਈ. ਦੇ ਜਵਾਬਾਂ ਦਾ ਹਵਾਲਾ ਦਿੰਦਿਆਂ ਲਾਂਬਾ ਨੇ ਕਿਹਾ ਕਿ 13.39 ਕਰੋੜ ਵੋਟਾਂ ਕੱਟੀਆਂ ਗਈਆਂ, ਪਰ ਇਨ੍ਹਾਂ ਵਿੱਚੋਂ ਇੱਕ ਵੀ ਘੁਸਪੈਠੀਆ ਨਹੀਂ ਮਿਲਿਆ।ਜਦੋਂ ਇੱਕ ਵੀ ਘੁਸਪੈਠੀਆ ਨਹੀਂ ਮਿਲਿਆ, ਤਾਂ ਫਿਰ 13 ਕਰੋੜ ਨਾਂ ਕਿਸ ਦੇ ਕਹਿਣ 'ਤੇ ਕੱਟੇ ਗਏ? ਇਹ ਕੋਈ ਸੁਧਾਰ ਨਹੀਂ, ਸਗੋਂ ਭਾਜਪਾ ਨੂੰ ਫਾਇਦਾ ਪਹੁੰਚਾਉਣ ਲਈ ਕੀਤੀ ਗਈ ਖੁੱਲ੍ਹੀ ਵੋਟ ਚੋਰੀ ਹੈ, ਲਾਂਬਾ ਨੇ ਕਿਹਾ।ਉਨ੍ਹਾਂ ਅੱਗੇ ਕਿਹਾ, ਗਿਆਨੇਸ਼ ਕੁਮਾਰ ਨੇ ਚੋਣ ਕਮਿਸ਼ਨ ਨੂੰ ਭਾਜਪਾ ਦਾ ਚੋਣ ਵਿਭਾਗ ਬਣਾ ਦਿੱਤਾ ਹੈ।

ਲਾਂਬਾ ਨੇ ਕਿਹਾ, ਮੋਦੀ ਸਰਕਾਰ ਨੇ 2023 ਵਿੱਚ ਸੰਸਦ ਤੋਂ ਅਜਿਹਾ ਕਾਨੂੰਨ ਪਾਸ ਕਰਵਾਇਆ, ਜਿਸ ਨਾਲ ਮੁੱਖ ਚੋਣ ਕਮਿਸ਼ਨਰ ਵਿਰੁੱਧ ਅਹੁਦੇ 'ਤੇ ਰਹਿੰਦਿਆਂ ਅਤੇ ਸੇਵਾ-ਮੁਕਤ ਹੋਣ ਤੋਂ ਬਾਅਦ ਵੀ ਕੋਈ ਕੇਸ ਨਹੀਂ ਚੱਲ ਸਕਦਾ। ਯਾਨੀ ਗਿਆਨੇਸ਼ ਕੁਮਾਰ ਨੂੰ ਉਮਰ ਭਰ ਦੀ ਕਾਨੂੰਨੀ ਢਾਲ ਮਿਲ ਗਈ ਹੈ। ਜੇ ਉਨ੍ਹਾਂ ਨੇ ਕੁਝ ਗਲਤ ਨਹੀਂ ਕੀਤਾ, ਤਾਂ ਉਨ੍ਹਾਂ ਨੂੰ ਇਸ ਢਾਲ ਦੀ ਕੀ ਲੋੜ ਹੈ?

ਸੱਚਾਈ ਇਹ ਹੈ ਕਿ ਆਪਣੇ ਆਕਾਵਾਂ ਦੇ ਇਸ਼ਾਰੇ 'ਤੇ ਵੋਟ ਚੋਰੀ ਕਰਨ ਵਾਲਿਆਂ ਨੂੰ ਸਜ਼ਾ ਤੋਂ ਬਚਾਉਣ ਲਈ ਹੀ ਇਹ ਕਾਨੂੰਨ ਬਣਾਇਆ ਗਿਆ ਹੈ। ਇਸੇ ਕਰਕੇ ਸੁਪਰੀਮ ਕੋਰਟ ਨੇ ਵੀ 13 ਅਕਤੂਬਰ ਨੂੰ ਇਸ ਕਾਨੂੰਨ ਤੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਜਿਹੜਾ ਵਿਅਕਤੀ ਜਨਤਾ ਦੀ ਵੋਟ ਦੀ ਰੱਖਿਆ ਨਹੀਂ ਕਰ ਸਕਦਾ, ਉਸਨੂੰ ਇੱਕ ਦਿਨ ਵੀ ਕੁਰਸੀ 'ਤੇ ਬੈਠਣ ਦਾ ਕੋਈ ਹੱਕ ਨਹੀਂ ਹੈ।

ਔਰਤਾਂ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ, ਜਦੋਂ ਕਿਸੇ ਔਰਤ ਦਾ ਨਾਂ ਸੂਚੀ ਵਿੱਚੋਂ ਕੱਟਿਆ ਜਾਂਦਾ ਹੈ, ਤਾਂ ਘਰ, ਪਿੰਡ ਅਤੇ ਦੇਸ਼ ਵਿੱਚ ਉਸਦੀ ਆਵਾਜ਼ ਖੋਹ ਲਈ ਜਾਂਦੀ ਹੈ। ਹੁਣ 1 ਨਵੰਬਰ ਨੂੰ ਦੇਸ਼ ਦੀਆਂ ਔਰਤਾਂ ਰਾਮਲੀਲਾ ਮੈਦਾਨ ਤੋਂ ਇਸ ਵੋਟ ਚੋਰੀ ਦਾ ਜਵਾਬ ਦੇਣਗੀਆਂ। ਚੰਡੀਗੜ੍ਹ ਪ੍ਰਦੇਸ਼ ਕਾਂਗਰਸ ਪ੍ਰਧਾਨ ਐਚ.ਐਸ. ਲੱਕੀ ਨੇ ਕਿਹਾ, ਇਹ ਬਹੁਤ ਗੰਭੀਰ ਗੱਲ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਚੰਡੀਗੜ੍ਹ ਦੀ ਵੋਟਰ ਸੂਚੀ ਵਿੱਚੋਂ ਲਗਭਗ 2 ਲੱਖ ਨਾਂ ਘੱਟ ਗਏ ਹਨ, ਯਾਨੀ ਕੁੱਲ ਵੋਟਰਾਂ ਦਾ ਲਗਭਗ 30 ਫੀਸਦੀ। ਇਸ ਲਈ ਚੰਡੀਗੜ੍ਹ ਕਾਂਗਰਸ ਸਾਰੇ 35 ਵਾਰਡਾਂ ਤੋਂ ਲੋਕਾਂ ਨੂੰ ਦਿੱਲੀ ਲੈ ਕੇ ਜਾਵੇਗੀ, ਅਤੇ ਸਾਡੇ ਵਰਕਰ ਘਰ-ਘਰ ਜਾ ਕੇ ਵੋਟਰ ਸੂਚੀ ਦੀ ਜਾਂਚ ਕਰਨਗੇ, ਤਾਂ ਜੋ ਕਿਸੇ ਵੀ ਅਸਲ ਵੋਟਰ ਦਾ ਨਾਂ ਨਾ ਕੱਟਿਆ ਜਾਵੇ। ?

ਚੰਡੀਗੜ੍ਹ ਮਹਿਲਾ ਕਾਂਗਰਸ ਪ੍ਰਧਾਨ ਨੰਦਿਤਾ ਹੁੱਡਾ ਨੇ ਕਿਹਾ, ਚੰਡੀਗੜ੍ਹ ਦੇ ਹਰ ਸੈਕਟਰ, ਪਿੰਡ ਅਤੇ ਕਲੋਨੀ ਤੋਂ ਔਰਤਾਂ ਆਪਣੀ ਵੋਟ ਨੂੰ ਬਚਾਉਣ ਲਈ ਦਿੱਲੀ ਵੱਲ ਕੂਚ ਕਰਨਗੀਆਂ।

ਆਲ ਇੰਡੀਆ ਮਹਿਲਾ ਕਾਂਗਰਸ ਦੀ ਸਕੱਤਰ ਸਾਖੀ ਚੌਧਰੀ ਨੇ ਕਿਹਾ, ਗਰੀਬ ਔਰਤ ਕੋਲ ਵੋਟ ਹੀ ਉਸਦੀ ਬਰਾਬਰੀ ਦੀ ਸਭ ਤੋਂ ਵੱਡੀ ਤਾਕਤ ਹੈ। ਅਸੀਂ ਇਸਨੂੰ ਕਿਸੇ ਨੂੰ ਵੀ ਚੋਰੀ ਨਹੀਂ ਕਰਨ ਦੇਵਾਂਗੇ।

ਅਧਿਆਤਮਿਕ ਜਾਗ੍ਰਿਤੀ ਦੀ ਅਟੁਟ ਧਾਰਾ(ਅਵਿਰਲ ਸਰਿਤਾ) ਵਿਚ ਸਪੰਨ ਹੋਇਆ 79ਵਾਂ ਨਿਰੰਕਾਰੀ ਸੰਤ ਸਮਾਗਮ

ਸਮਾਲਖਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬ੍ਰਹਮਗਿਆਨ ਦੀ ਵਾਸਤਵਿਕ ਸਾਰਥਕਤਾ, ਉਸਨੂੰ ਜੀਵਨ ਵਿਚ ਅਪਨਾਉਣਾ ਅਤੇ ਅਪਨੇ ਵਿਚਾਰਾਂ, ਵਿਵਹਾਰ ਅਤੇ ਕਰਮਾਂ ਵਿਚ ਸ਼ਾਮਿਲ ਕਰਨ ਵਿਚ ਹੈ।' ਇਹ ਦੈਵੀ-ਭਾਵ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ 79ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਸਮਾਪਤੀ ਦਿਨ ਤੇ ਲੱਖਾਂ ਸ਼ਰਧਾਲੂਆਂ ਨੂੰ ਆਪਣੇ ਪਾਵਨ ਆਸ਼ੀਰਵਚਨਾਂ ਦੁਆਰਾ ਪ੍ਰਦਾਨ ਕੀਤੇ।



ਜਾਗ੍ਰਿਤੀ ਦੀ ਅਧਿਆਤਮਿਕ ਪ੍ਰੇਰਣਾਵਾਂ ਨੂੰ ਆਪਣੇ ਜੀਵਨ ਵਿਚ ਉਤਾਰਕੇ ਖੁਦ ਦੇ ਉਤਥਾਨ ਦੇ ਨਾਲ ਨਾਲ ਜਗਤ ਕਲਿਆਣ ਦੀ ਭਾਵਨਾ ਨੂੰ ਦ੍ਰਿੜ ਕਰਨ ਵਾਲਾ ਇਹ ਪਾਵਨ ਸੰਤ ਸਮਾਗਮ ਕਲ ਰਾਤ ਪ੍ਰੇਮ-ਭਗਤੀ ਅਤੇ ਸ਼ਰਧਾ ਨਾਲ ਓਤ-ਪ੍ਰੋਤ ਵਾਤਾਵਰਣ ਵਿਚ ਸਮਾਪਤ ਹੋਇਆ। ਸਮਾਗਮ ਤੋਂ ਅਧਿਆਤਮਿਕ ਪ੍ਰੇਰਣਾ ਅਤੇ ਮਧੁਰ ਸਮਰਿਤੀਆਂ ਲੈ ਕੇ ਸ਼ਰਧਾਲੂ ਭਗਤਜਨ ਹੌਲੀ-ਹੌਲੀ ਆਪਣੇ ਆਪਣੇ ਸਥਾਨਾਂ ਨੂੰ ਪਰਤਣ ਲਗੇ।

ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਵਿਸ਼ਾਲ ਮਾਨਵ ਪਰਿਵਾਰ ਨੂੰ ਸੰਬੋਧਨ ਕਰਦੇ ਹੋਏ ਆਪਣੇ ਪਵਿੱਤਰ ਪ੍ਰਵਚਨਾਂ ਵਿਚ ਫੁਰਮਾਇਆ ਕਿ 'ਜਾਗ੍ਰਿਤੀ ਕੇਵਲ ਸਤਿਸੰਗ ਜਾਂ ਸਮਾਗਮ ਤਕ ਸੀਮਿਤ ਨਹੀਂ, ਬਲਕਿ ਜੀਵਨ ਦੇ ਹਰ ਪਲ ਵਿਚ ਨਿਰਾਕਾਰ ਪ੍ਰਮਾਤਮਾ ਦੇ ਅਹਿਸਾਸ ਦੇ ਨਾਲ ਜੀਣ ਦਾ ਨਾਮ ਹੈ। ਬ੍ਰਹਮਗਿਆਨ ਦੀ ਵਾਸਤਵਿਕ ਸਾਰਥਕਤਾ ਤਦ ਹੀ ਹੈ, ਜਦ ਅਸੀਂ ਇਸਨੂੰ ਆਪਣੇ ਵਿਚਾਰਾਂ, ਵਿਵਹਾਰ ਅਤੇ ਕਰਮਾਂ ਵਿਚ ਅਪਨਾਵਾਂਗੇ।

ਸਤਿਗੁਰੂ ਮਾਤਾ ਜੀ ਨੇ ਸਕਾਰਾਤਮਿਕ ਸੋਚ, ਪ੍ਰੇਮ, ਕਰੁਣਾ ਅਤੇ ਨਿਮਰਤਾ ਨੂੰ ਅਪਨਾਉਣਾ ਅਤੇ ਦੂਸਰਿਆਂ ਦੀਆਂ ਕਮੀਆਂ ਦੀ ਬਜਾਇ ਉਨ੍ਹਾਂ ਦੀਆਂ ਖੂਬੀਆਂ ਨੂੰ ਦੇਖਣ ਦੀ ਪ੍ਰੇਰਣਾ ਦਿਤੀ। 'ਸੱਚੀ ਜਾਗ੍ਰਿਤੀ ਦਾ ਆਰੰਭਆਪਣੇ ਘਰ-ਪਰਿਵਾਰ ਅਤੇ ਨਿੱਜੀ ਜੀਵਨ ਵਿਚ ਹੁੰਦਾ ਹੈ। ਸੇਵਾ, ਸਿਮਰਨ ਅਤੇ ਸਤਿਸੰਗ ਨੂੰ ਜੀਵਨ ਦਾ ਅਟੁੱਟ ਅੰਗ ਮੰਨਕੇ ਹਰ ਪ੍ਰਸਥਿਤੀਆਂ ਵਿਚ ਪ੍ਰਮਾਤਮਾ ਦਾ ਅਹਿਸਾਸ ਬਣਾ ਕੇ ਰੱਖਣਾ ਹੀ ਜੀਵਨ ਨੂੰ ਸੁਖਮਈ ਅਤੇ ਅਧਿਆਤਮਿਕ ਰੂਪ ਤੋਂ ਸਮਰੱਥ ਬਣਾਉਣਾ ਹੈ।' ਇਸ ਅਵਸਰ ਤੇ ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਸਤਿਕਾਰਯੋਗ ਸ੍ਰੀ ਜੋਗਿੰਦਰ ਸੁਖੀਜਾ ਨੇ ਸਤਿਗੁਰੂ ਮਾਤਾ ਜੀ ਅਤੇ ਨਿਰੰਕਾਰੀ ਰਾਜਪਿਤਾ ਜੀ ਦੇ ਪਵਿੱਤਰ ਦਰਸ਼ਨ ਕਰਕੇ ਉਨ੍ਹਾਂ ਦੇ ਦੈਵੀ ਆਸ਼ੀਰਵਾਦਾਂ ਦੇ ਲਈ ਧੰਨਵਾਦ ਕੀਤਾ। ਨਾਲ ਹੀ ਸਮੂੰਹ ਸਾਧਸੰਗਤ ਅਤੇ ਸਮਾਗਮ ਦੇ ਸਫਲ ਆਯੋਜਨ ਵਿਚ ਸਹਿਯੋਗ ਦੇਣ ਵਾਲੇ ਸਾਰੇ ਸਰਕਾਰੀ ਵਿਭਾਗਾਂ ਦਾ ਹਾਰਦਿਕ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਸਮਾਗਮ ਵਿਚ ਪਿਛਲੇ ਸਾਲਾਂ ਦੀ ਬਦੌਲਤ ਜਿਆਦਾ ਸੰਖਿਆ ਵਿਚ ਸ਼ਰਧਾਲੂਆਂ ਦੇ ਇਕੱਤਰਤ ਹੋਣ ਤੇ ਪ੍ਰਸੰਨਤਾ ਵਿਅਕਤ ਕੀਤੀ ਅਤੇ ਭਵਿੱਖ ਵਿਚ ਵੀ ਸੰਗਤ ਦੀ ਸੰਖਿਆ ਵਿਚ ਨਿਰੰਤਰ ਵਾਧਾ ਹੋਣ ਦੀ ਸ਼ੁਭਕਾਮਨਾ ਕੀਤੀ।

ਕਵੀ ਦਰਬਾਰ ਇਸ ਸਾਲ ਸਮਾਗਮ ਦੇ ਚਾਰੇ ਦਿਨ ਆਯੋਜਿਤ 'ਕਵੀ ਦਰਬਾਰ' ਵਿਚ ਬਾਲ ਕਵੀਆਂ ਸਮੇਤ ਮਹਿਲਾ ਅਤੇ ਪੁਰਸ਼ ਕਵੀਆਂ ਨੇ ਉਤਸ਼ਾਹਪੂਰਵਕ ਭਾਗ ਲਿਆ ਜੋ ਮਨਮੋਹਕ ਖਿਚ ਦਾ ਇਕ ਮੁਖ ਬਿੰਦੂ ਰਿਹਾ। ਇਸ ਅਵਸਰ ਤੇ 80 ਕਵੀਆਂ ਨੇ 'ਜਾਗ੍ਰਿਤੀ' ਵਿਸ਼ੇ ਤੇ ਅਧਾਰਿਤ ਆਪਣੀਆਂ ਕਵਿਤਾਵਾਂ ਹਿੰਦੀ, ਰਾਜਸਥਾਨੀ, ਪੰਜਾਬੀ, ਅੰਗਰੇਜੀ, ਹਰਿਆਣਵੀ, ਮੁਲਤਾਨੀ, ਮਰਾਠੀ, ਭੋਜਪੁਰੀ ਅਤੇ ਸੰਸਕ੍ਰਿਤ ਸਹਿਤ ਵਿਭਿੰਨ ਭਾਸ਼ਾਵਾਂ ਵਿਚ ਪੇਸ਼ ਕੀਤੀਆਂ। ਇਨ੍ਹਾਂ ਭਾਵਪੂਰਨ ਪੇਸ਼ ਕੀਤੀਆਂ ਕਵਿਤਾਵਾਂ ਨੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ ਅਤੇ ਸਾਰਿਆਂ ਨੇ ਇਸ ਆਯੋਜਨ ਦਾ ਭਰਪੂਰ ਆਨੰਦ ਪ੍ਰਾਪਤ ਕੀਤਾ।

ਇਸ ਤਰ੍ਹਾਂ, 79ਵਾਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਸਤਿਗੁਰੂ ਦੇ ਦੈਵੀ-ਸੰਦੇਸ਼, ਪ੍ਰੇਮ, ਭਗਤੀ ਅਤੇ ਮਾਨਵਤਾ ਦੇ ਭਾਵਾਂ ਨਾਲ ਓਤਪ੍ਰੋਤ ਵਾਤਾਵਰਣ ਵਿਚ ਸੰਪੰਨ ਹੋਇਆ। ਨਿਰਸੰਦੇਹ ਇਹ ਪਾਵਨ ਸੰਤ ਸਮਾਗਮ ਅਧਿਆਮਿਕ ਜਾਗ੍ਰਿਤੀ ਅਤੇ ਸਦਭਾਵ ਦਾ ਅਨੋਖਾ ਸੰਗਮ ਬਣਿਆ, ਜਿਸਨੇ ਅਨੇਕਤਾ ਵਿਚ ਏਕਤਾ ਅਤੇ ਸੰਪੂਰਣ ਮਾਨਵਤਾ ਨੂੰ ਇਕ ਸੂਤਰ ਵਿਚ ਪਰੋਣ ਦਾ ਦੈਵੀ ਸੰਦੇਸ਼ ਦਿੱਤਾ।

ਅੰਕਾਂ ਦੀ ਦੌੜ ਨਹੀਂ, ਚੰਗਾ ਇਨਸਾਨ ਬਣਨਾ ਹੀ ਅਸਲ ਸਫ਼ਲਤਾ : ਕਿਰਨਦੀਪ ਕੌਰ ਸੰਧੂ

ਜੈਤੋ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ, ਜੈਤੋ ਦੀ ਸਾਇੰਸ ਅਧਿਆਪਕਾ ਕਿਰਨਦੀਪ ਕੌਰ ਸੰਧੂ ਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਸਫ਼ਲਤਾ ਹਾਸਲ ਕਰਨ ਦੇ ਨਾਲ-ਨਾਲ ਚੰਗੇ ਇਨਸਾਨ ਬਣਨ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਸਫ਼ਲਤਾ ਦਾ ਅਸਲ ਮਾਪਦੰਡ ਸਿਰਫ਼ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਪ੍ਰਾਪਤ ਕਰਨਾ ਨਹੀਂ, ਸਗੋਂ ਚੰਗਾ ਚਰਿੱਤਰ, ਸੁਚੱਜਾ ਵਿਹਾਰ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਜੀਵਨ ਦਾ ਹਿੱਸਾ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਸਿੱਖਿਆ ਦਾ ਮਕਸਦ ਕੇਵਲ ਕਿਤਾਬੀ ਗਿਆਨ ਹਾਸਲ ਕਰਨਾ ਜਾਂ ਡਿਗਰੀਆਂ ਪ੍ਰਾਪਤ ਕਰਨਾ ਨਹੀਂ, ਬਲਕਿ ਵਿਦਿਆਰਥੀਆਂ ਅੰਦਰ ਸੱਚਾਈ, ਇਮਾਨਦਾਰੀ, ਨਿਮਰਤਾ, ਅਨੁਸ਼ਾਸਨ ਅਤੇ ਦੂਜਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਵੀ ਹੈ। ਨੈਤਿਕ ਕਦਰਾਂ-ਕੀਮਤਾਂ ਤੋਂ ਬਿਨਾਂ ਸਿੱਖਿਆ ਅਧੂਰੀ ਹੈ, ਕਿਉਂਕਿ ਚੰਗੇ ਸੰਸਕਾਰ ਹੀ ਮਨੁੱਖ ਦੀ ਸ਼ਖ਼ਸੀਅਤ ਨੂੰ ਨਿਖਾਰਨ ਦੇ ਨਾਲ-ਨਾਲ ਉਸ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦੇ ਹਨ।ਕਿਰਨਦੀਪ ਕੌਰ ਸੰਧੂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਸੱਚਾਈ ਦੇ ਰਾਹ 'ਤੇ ਚੱਲਣ ਅਤੇ ਮੁਸ਼ਕਲ ਹਾਲਾਤਾਂ ਵਿੱਚ ਵੀ ਇਮਾਨਦਾਰੀ ਦਾ ਸਾਥ ਨਾ ਛੱਡਣ। ਉਨ੍ਹਾਂ ਕਿਹਾ ਕਿ ਝੂਠ ਅਤੇ ਬੇਈਮਾਨੀ ਨਾਲ ਮਿਲੀ ਕਾਮਯਾਬੀ ਸਥਾਈ ਨਹੀਂ ਹੁੰਦੀ, ਜਦਕਿ ਸੱਚਾਈ ਅਤੇ ਮਿਹਨਤ ਨਾਲ ਹਾਸਲ ਕੀਤੀ ਸਫ਼ਲਤਾ ਮਨੁੱਖ ਨੂੰ ਅਸਲ ਮਾਣ-ਸਤਿਕਾਰ ਦਿਵਾਉਂਦੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ, ਲੋੜਵੰਦਾਂ ਦੀ ਮਦਦ ਕਰਨ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਚੰਗੇ ਚਰਿੱਤਰ ਅਤੇ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਵਾਲੇ ਵਿਦਿਆਰਥੀ ਹੀ ਭਵਿੱਖ ਵਿੱਚ ਇਮਾਨਦਾਰ, ਜ਼ਿੰਮੇਵਾਰ ਅਤੇ ਸੁਚੱਜੇ ਸਮਾਜ ਦੀ ਸਿਰਜਣਾ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਸਾਦਿਕ ਦੇ ਦੁਕਾਨਦਾਰਾਂ ਦੀ ਰੋਜ਼ੀ-ਰੋਟੀ 'ਤੇ ਨਾ ਲਟਕੇ ਨੋਟਿਸਾਂ ਦੀ ਤਲਵਾਰ, ਅਰਸ਼ ਸੱਚਰ ਨੇ ਮੁੱਖ ਮੰਤਰੀ ਨੂੰ ਲਿਖਿਆ ਪੱਤਰ

ਫ਼ਰੀਦਕੋਟ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਪੰਜਾਬ ਦੇ ਵਪਾਰ ਵਿੰਗ ਦੇ ਸੂਬਾ ਮੀਤ ਪ੍ਰਧਾਨ ਅਤੇ ਸੀਨੀਅਰ ਆਗੂ ਅਰਸ਼ ਸੱਚਰ ਨੇ ਸਾਦਿਕ ਦੀਆਂ ਪੰਚਾਇਤੀ ਦੁਕਾਨਾਂ ਦੇ ਦੁਕਾਨਦਾਰਾਂ ਨੂੰ ਜਾਰੀ ਨੋਟਿਸਾਂ ਦਾ ਮਾਮਲਾ ਮੁੱਖ ਮੰਤਰੀ ਭਗਵੰਤ ਮਾਨ, ਮੁੱਖ ਸਕੱਤਰ ਪੰਜਾਬ ਅਤੇ ਡਿਪਟੀ ਕਮਿਸ਼ਨਰ ਫ਼ਰੀਦਕੋਟ ਦੇ ਧਿਆਨ ਵਿੱਚ ਲਿਆਉਂਦਿਆਂ ਇਸ ਦਾ ਲੋਕ-ਹਿੱਤ ਵਿੱਚ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ ਹੈ।

ਸੱਚਰ ਨੇ ਕਿਹਾ ਕਿ ਨੋਟਿਸ ਜਾਰੀ ਹੋਣ ਕਾਰਨ ਦੁਕਾਨਦਾਰਾਂ ਵਿੱਚ ਆਪਣੇ ਕਾਰੋਬਾਰ ਅਤੇ ਰੋਜ਼ੀ-ਰੋਟੀ ਨੂੰ ਲੈ ਕੇ ਚਿੰਤਾ ਹੈ। ਉਨ੍ਹਾਂ ਮੰਗ ਕੀਤੀ ਕਿ ਪ੍ਰਭਾਵਿਤ ਦੁਕਾਨਦਾਰਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇ ਅਤੇ ਨਿਯਮਾਂ ਅਨੁਸਾਰ ਬਕਾਇਆ ਰਾਸ਼ੀ ਦੀਆਂ ਆਸਾਨ ਕਿਸ਼ਤਾਂ, ਇੱਕਮੁਸ਼ਤ ਨਿਪਟਾਰੇ ਅਤੇ ਵਿਆਜ ਤੇ ਜੁਰਮਾਨਿਆਂ ਵਿੱਚ ਸੰਭਵ ਰਾਹਤ ਬਾਰੇ ਵਿਚਾਰ ਕੀਤਾ ਜਾਵੇ।ਉਨ੍ਹਾਂ ਸੁਝਾਅ ਦਿੱਤਾ ਕਿ ਮਾਮਲੇ ਦੀ ਸਮੀਖਿਆ ਦੌਰਾਨ ਕਾਨੂੰਨ ਅਨੁਸਾਰ ਸੰਭਵ ਹੋਵੇ ਤਾਂ ਸਖ਼ਤ ਕਾਰਵਾਈ ਮੁਲਤਵੀ ਰੱਖੀ ਜਾਵੇ। ਇਸ ਦੇ ਨਾਲ ਹੀ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਅਤੇ ਪ੍ਰਭਾਵਿਤ ਦੁਕਾਨਦਾਰਾਂ ਦੀ ਸਾਂਝੀ ਮੀਟਿੰਗ ਕਰਵਾ ਕੇ ਨਿਰਪੱਖ ਤੇ ਸਮਾਂਬੱਧ ਹੱਲ ਕੱਢਿਆ ਜਾਵੇ।

ਅਰਸ਼ ਸੱਚਰ ਨੇ ਕਿਹਾ ਕਿ ਪੰਚਾਇਤ ਦੀ ਜਾਇਜ਼ ਆਮਦਨ ਦੀ ਰਾਖੀ ਦੇ ਨਾਲ ਛੋਟੇ ਦੁਕਾਨਦਾਰਾਂ ਦੇ ਕਾਰੋਬਾਰ ਅਤੇ ਪਰਿਵਾਰਾਂ ਦੀ ਰੋਜ਼ੀ-ਰੋਟੀ ਬਚਾਉਣਾ ਵੀ ਮਹੱਤਵਪੂਰਨ ਹੈ। ਉਨ੍ਹਾਂ ਮੁੱਖ ਮੰਤਰੀ ਅਤੇ ਸਬੰਧਤ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਮਾਮਲੇ ਦਾ ਕਾਨੂੰਨੀ ਅਤੇ ਵਿਹਾਰਕ ਹੱਲ ਕੱਢ ਕੇ ਦੁਕਾਨਦਾਰਾਂ ਨੂੰ ਜਲਦ ਰਾਹਤ ਦਿੱਤੀ ਜਾਵੇ।

ਸੀਆਈਟੀਯੂ ਜ਼ਿਲ੍ਹਾ ਰੂਪਨਗਰ ਅਤੇ ਨਵਾਂ ਸ਼ਹਿਰ ਦੀ ਮੀਟਿੰਗ ਹੋਈ



ਰੂਪਨਗਰ, 1 ਨਵੰਬਰ-
-ਕੌਮੀ ਪੱਤ੍ਰਿਕਾ ਬਿਊਰੋ-

ਸੀਟੂ ਜ਼ਿਲ੍ਹਾ ਰੂਪਨਗਰ ਅਤੇ ਨਵਾਂ ਸ਼ਹਿਰ ਦੀ ਸਾਂਝੀ ਮੀਟਿੰਗ ਸਾਥੀ ਵਿਨੋਦ ਕੁਮਾਰ ਭੱਟੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਸੀਟੂ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਮਹਾਂ ਸਿੰਘ ਰੋੜੀ ਉਚੇਚੇ ਸ਼ਾਮਿਲ ਹੋਏ । ਉਨ੍ਹਾਂ ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੀ ਹੂਬਹੂ ਕੇਂਦਰ ਦੀ ਮੋਦੀ ਸਰਕਾਰ ਦੇ ਪੰਦਚਿੰਨ੍ਹਾਂ ਤੇ ਚੱਲ ਰਹੀ ਹੈ ਜਿਸ ਦੀ ਮਿਸਾਲ ਮਜ਼ਦੂਰ ਪੱਖੀ 29 ਕਿਰਤ ਕਾਨੂੰਨਾਂ ਦੀ ਥਾਂ ਮਜ਼ਦੂਰ ਮਾਰੂ ਚਾਰ ਲੇਬਰ ਕੋਡਾਂ ਤੇ ਅਮਲ ਕਰਨਾ ,ਮਨਰੇਗਾ ਦੀ ਥਾਂ ਵੀਬੀ ਗਾ ?ਮ ਜੀ ਕਾਨੂੰਨ ਤੇ ਅਮਲ ਕਰਨਾ, ਮੁਲਾਜ਼ਮਾਂ ਦਾ ਡੀ ਏ ਨਾ ਦੇਣਾ ,ਹੱਕਾਂ ਲਈ ਸੰਘਰਸ਼ ਕਰਦੇ ਲੋਕਾਂ ਤੇ ਪੁਲਿਸ ਨੂੰ ਅੰਨ੍ਹਾ ਤਸ਼ੱਦਦ ਕਰਨ ਦੀ ਖੁੱਲ ਦੇਣਾ ਆਦਿ ।ਪੰਜਾਬ ਸੀਟੂ ਮਜ਼ਦੂਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਮਾਨ ਸਰਕਾਰ ਦੇ ਵਿਰੋਧ ਵਿੱਚ 3 ਨਵੰਬਰ ਨੂੰ ਧੂਰੀ ਵਿਖੇ ਪੰਜਾਬ ਸਰਕਾਰ ਖਿਲਾਫ ਸੰਘਰਸ਼ ਕਰਨ ਜਾ ਰਹੀ ਹੈ ।ਸੀਟੂ ਦੋਹਾਂ ਜ਼ਿਲ੍ਹਿਆਂ ਦੇ ਮੀਟਿੰਗ ਵਿਚ ਹਾਜ਼ਰ ਆਗੂ ਸਾਥੀਆਂ ਤੋਂ ਆਸ ਰੱਖਦੀ ਹੈ ਕਿ ਲੱਗੇ ਕੋਟੇ ਨਾਲੋਂ ਵੱਧ ਸਾਥੀਆਂ ਦੀ ਸ਼ਮੂਲਿਅਤ ਕਰਵਾਉਣਗੇ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੀਟੂ ਆਗੂ ਕਾਮਰੇਡ ਗੁਰਦੇਵ ਸਿੰਘ ਬਾਗੀ , ਆਸ਼ਾ ਵਰਕਰ ਅਤੇ ਫੈਸੀਲੀਟੇਟਰ ਯੂਨੀਅਨ ਦੀ ਸੂਬਾ ਜਨਰਲ ਸਕੱਤਰ ਸੁਰਜਿੰਦਰ ਕੌਰ ,ਜਸਵਿੰਦਰ ਕੌਰ, ਅਮਰਜੀਤ ਕੌਰ, ਬੀ ਬੀ ਐਮ ਬੀ ਫੀਲਡ ਇੰਪਲਾਈਜ ਯੂਨੀਅਨ ਦੇ ਪ੍ਰਧਾਨ ਸਾਥੀ ਰਾਕੇਸ਼ ਕੁਮਾਰ, ਸਾਥੀ ਰਾਜਾ ਸਿੰਘ ,ਉਸਾਰੀ ਮਜ਼ਦੂਰਾਂ ਦੇ ਆਗੂ ਸਾਥੀ ਪੇ ?ਮ ਚੰਦ ਜੱਟਪੁਰ ,ਸਾਥੀ ਰਾਮ ਸਿੰਘ, ਸਾਥੀ ਜਰਨੈਲ ਸਿੰਘ ਜੈਲੀ, ਪਲਾਸਟਿਕ ਬਰਤਨ ਅਤੇ ਹਿਊਮਨ ਹੇਅਰ ਸਪਲਾਇਰ ਐਂਡ ਫੇਰੀ ਵਰਕਰ ਯੂਨੀਅਨ ਦੇ ਆਗੂ ਸਾਥੀ ਸ਼੍ਰੀਪਾਲ ,ਸਾਥੀ ਰਾਹੁਲ ਉਰਫ ਛੋਟੂ ਭਾਈ, ਸਵਰਾਜ ਮਾਜ਼ਦਾ ਕੰਟਰੈਕਟ ਵਰਕਰ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਪ੍ਰਮਿੰਦਰ ਕੰਗ, ਸਾਥੀ ਜੀਵਨ ਕੁਮਾਰ ਆਦਿ ਹਾਜ਼ਰ ਸਨ ?

ਨਾਭਾ ਦੇ ਉਦਯੋਗਾਂ ਦੀ ਸੁਰੱਖਿਆ ਅਤੇ ਰੁਜ਼ਗਾਰ ਯਕੀਨੀ ਬਣਾਏ ਸਰਕਾਰ: ਪਰਮਜੀਤ ਸਿੰਘ ਕੈਂਥ

ਨਾਭਾ , 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਾਭਾ ਦੇ ਉਦਯੋਗਪਤੀਆਂ ਦੀ ਇੱਕ ਮੀਟਿੰਗ ਰੋਟਰੀ ਕਲੱਬ, ਨਾਭਾ ਵਿਖੇ ਹੋਈ, ਜਿਸ ਦਾ ਆਯੋਜਨ ਪਰਮਜੀਤ ਸਿੰਘ ਕੈਂਥ, ਮੀਤ ਪ੍ਰਧਾਨ, ਭਾਜਪਾ ਅਨੁਸੂਚਿਤ ਜਾਤੀ ਮੋਰਚਾ, ਪੰਜਾਬ ਵੱਲੋਂ ਕੀਤਾ ਗਿਆ। ਇਸ ਮੀਟਿੰਗ ਵਿੱਚ ਪ੍ਰਮੁੱਖ ਉਦਯੋਗਪਤੀਆਂ, ਵਪਾਰੀਆਂ, ਸੂਖਮ, ਲਘੂ ਅਤੇ ਦਰਮਿਆਨੇ ਉਦਯੋਗਾਂ (ਐਮ.ਐਸ.ਐਮ.ਈ.) ਦੇ ਨੁਮਾਇੰਦਿਆਂ ਅਤੇ ਵਪਾਰਕ ਸੰਗਠਨਾਂ ਦੇ ਆਗੂਆਂ ਨੇ ਭਾਗ ਲਿਆ। ਇਸ ਮੌਕੇ ਭਾਰਤ ਸਰਕਾਰ ਦੇ ਨੈਸ਼ਨਲ ਟਰੇਡਰਜ਼ ਵੈਲਫੇਅਰ ਬੋਰਡ ਦੇ ਚੇਅਰਮੈਨ ਸ੍ਰੀ ਸੁਨੀਲ ਜੇ. ਸਿੰਘੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਵਪਾਰੀਆਂ ਨਾਲ ਸਿੱਧਾ ਸੰਵਾਦ ਕੀਤਾ।



ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਸੁਨੀਲ ਜੇ. ਸਿੰਘੀ ਨੇ ਉਦਯੋਗਪਤੀਆਂ ਨੂੰ ਮਿਲ ਰਹੀਆਂ ਫਿਰੌਤੀ ਦੀਆਂ ਧਮਕੀਆਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਸੁਰੱਖਿਆ ਦਾ ਮਾਹੌਲ ਨਿਵੇਸ਼ਕਾਂ ਦੇ ਭਰੋਸੇ ਨੂੰ ਪ੍ਰਭਾਵਿਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਉਦਯੋਗਿਕ ਵਿਕਾਸ ਲਈ ਮਜ਼ਬੂਤ ਅਮਨ-ਕਾਨੂੰਨ ਦੀ ਵਿਵਸਥਾ, ਅਪਰਾਧੀਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਅਤੇ ਵਪਾਰੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁੱਦਿਆਂ 'ਤੇ ਠੋਸ ਕਾਰਵਾਈ ਦੀ ਮੰਗ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖਿਆ ਜਾਵੇਗਾ। ਉਨ੍ਹਾਂ ਅਨੁਸਾਰ, ਨਸ਼ਿਆਂ, ਭ੍ਰਿਸ਼ਟਾਚਾਰ ਅਤੇ ਅਪਰਾਧ 'ਤੇ ਕਾਬੂ ਪਾਉਣਾ ਪੰਜਾਬ ਦੀ ਆਰਥਿਕ ਤਰੱਕੀ ਲਈ ਅਹਿਮ ਹੈ।

ਪ੍ਰਸਿੱਧ ਉਦਯੋਗਪਤੀ ਅਤੇ ਕੰਬਾਈਨ ਨਿਰਮਾਤਾ ਸ੍ਰੀ ਚਰਨ ਸਿੰਘ ਰਹਨਲ ਨੇ ਕਿਹਾ ਕਿ ਵਧਦੇ ਨਿਯਮਕ ਬੋਝ ਕਾਰਨ ਘਰੇਲੂ ਨਿਰਮਾਤਾਵਾਂ ਦੀ ਮੁਕਾਬਲੇਬਾਜ਼ੀ ਪ੍ਰਭਾਵਿਤ ਹੋ ਰਹੀ ਹੈ ਅਤੇ ਇਸ ਦਾ ਆਰਥਿਕ ਬੋਝ ਆਖ਼ਰਕਾਰ ਕਿਸਾਨਾਂ 'ਤੇ ਪਵੇਗਾ। ਉਨ੍ਹਾਂ ਦੱਸਿਆ ਕਿ ਇੰਜਣ ਅਤੇ ਐਮੀਸ਼ਨ ਨਿਯਮਾਂ ਦੇ ਨਾਲ-ਨਾਲ ਭਵਿੱਖ ਦੇ ਟ੍ਰੇਮ-4 ਮਾਪਦੰਡਾਂ ਦੀ ਪਾਲਣਾ ਕਰਨ ਲਈ ਮਹਿੰਗੇ ਤਕਨੀਕੀ ਬਦਲਾਅ, ਟੈਸਟਿੰਗ ਅਤੇ ਸਰਟੀਫਿਕੇਸ਼ਨ 'ਤੇ ਭਾਰੀ ਨਿਵੇਸ਼ ਕਰਨਾ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਨਿਯਮ ਭਾਰਤੀ ਖੇਤੀਬਾੜੀ ਦੀਆਂ ਅਸਲ ਲੋੜਾਂ ਅਨੁਸਾਰ ਬਣਾਏ ਜਾਣ ਅਤੇ ਘਰੇਲੂ ਨਿਰਮਾਤਾਵਾਂ ਨੂੰ ਤਕਨੀਕੀ ਤਬਦੀਲੀਆਂ ਲਾਗੂ ਕਰਨ ਲਈ ਢੁੱਕਵਾਂ ਸਮਾਂ ਅਤੇ ਨੀਤੀਗਤ ਸਹਿਯੋਗ ਦਿੱਤਾ ਜਾਵੇ।

ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਉਦਯੋਗਾਂ ਦੀਆਂ ਸਮੱਸਿਆਵਾਂ ਨੂੰ ਅਣਡਿੱਠਾ ਕਰਨ ਨਾਲ ਪੰਜਾਬ ਦੀ ਆਰਥਿਕਤਾ ਅਤੇ ਨੌਜਵਾਨਾਂ ਦੇ ਰੁਜ਼ਗਾਰ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ 'ਵਿਕਸਿਤ ਭਾਰਤ-2047', 'ਆਤਮਨਿਰਭਰ ਭਾਰਤ' ਅਤੇ 'ਮੇਕ ਇਨ ਇੰਡੀਆ' ਦੇ ਟੀਚਿਆਂ ਨੂੰ ਪੂਰਾ ਕਰਨ ਲਈ ਨਾਭਾ ਦੇ ਕੰਬਾਈਨ, ਫਰਨੀਚਰ, ਰਾਈਸ ਮਿੱਲ ਅਤੇ ਸਪੇਅਰ ਪਾਰਟਸ ਉਦਯੋਗਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਉਦਯੋਗਾਂ ਦੀ ਸੁਰੱਖਿਆ, ਬੁਨਿਆਦੀ ਢਾਂਚੇ ਵਿੱਚ ਸੁਧਾਰ, ਨੀਤੀਗਤ ਰੁਕਾਵਟਾਂ ਦਾ ਹੱਲ ਅਤੇ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਰਨਾ ਸਰਕਾਰ ਦੀਆਂ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਉਦਯੋਗਪਤੀਆਂ ਦੇ ਮੁੱਦੇ ਸਬੰਧਤ ਸਰਕਾਰੀ ਮੰਚਾਂ 'ਤੇ ਉਠਾਏ ਜਾਣਗੇ।

ਮੀਟਿੰਗ ਵਿੱਚ ਵਿਸ਼ੇਸ਼ ਮਹਿਮਾਨ ਸ੍ਰੀ ਭਗਵੰਤ ਸਿੰਘ ਰਾਮਗੜ੍ਹੀਆ ਅਤੇ ਉਦਯੋਗਪਤੀ ਸਿਮਰਨਜੀਤ ਸਿੰਘ ਸੋਢੀ ਨੇ ਵੀ ਸੁਰੱਖਿਅਤ ਵਪਾਰਕ ਮਾਹੌਲ, ਪਾਰਦਰਸ਼ੀ ਪ੍ਰਸ਼ਾਸਨ ਅਤੇ ਨਿਵੇਸ਼-ਪੱਖੀ ਨੀਤੀਆਂ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਵੱਖ-ਵੱਖ ਉਦਯੋਗਿਕ ਅਤੇ ਵਪਾਰਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਉਦਯੋਗਿਕ ਵਿਕਾਸ, ਵਪਾਰੀਆਂ ਦੀ ਸੁਰੱਖਿਆ ਅਤੇ ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਨ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।

ਆਮ ਆਦਮੀ ਪਾਰਟੀ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਪ੍ਰਸ਼ਾਸਨ ਨੇ ਬੋਟੈਨਿਕਲ ਗਾਰਡਨ ਦੀ ਐਂਟਰੀ ਫੀਸ ਵਾਪਸ ਲਈ; ਚੰਡੀਗੜ੍ਹ ਵਿੱਚ ਭਾਜਪਾ-ਕਾਂਗਰਸ ਦੀ ਮਿਲੀਭੁਗਤ ਦਾ ਦੋਸ਼



ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਨੇ ਅੱਜ ਦੋਸ਼ ਲਗਾਇਆ ਕਿ ਚੰਡੀਗੜ੍ਹ ਵਿੱਚ ਪਿਛਲੇ ਕਈ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਕਾਂਗਰਸ ਪਾਰਟੀ ਨੇ ਆਪਸ ਵਿੱਚ ਹੱਥ ਮਿਲਾ ਕੇ ਚੰਡੀਗੜ੍ਹ ਨੂੰ ਆਪਣਾ ਸਿਆਸੀ ਅੱਡਾ ਬਣਾ ਲਿਆ ਹੈ।

ਇਸ ਦੀ ਤਾਜ਼ਾ ਮਿਸਾਲ ਬੋਟੈਨਿਕਲ ਗਾਰਡਨ ਵਿੱਚ ਲੋਕਾਂ ਦੀ ਐਂਟਰੀ 'ਤੇ ਭਾਜਪਾ ਸ਼ਾਸਿਤ ਪ੍ਰਸ਼ਾਸਨ ਵੱਲੋਂ ਲਗਾਈ ਗਈ ਭਾਰੀ ਫੀਸ ਹੈ, ਜਿਸ ਦਾ ਕਾਂਗਰਸ ਪਾਰਟੀ ਨੇ ਸਮਰਥਨ ਕੀਤਾ। ਇਸ ਮੁੱਦੇ 'ਤੇ ਐਮ.ਪੀ. ਸਾਹਿਬ ਵੱਲੋਂ ਕੋਈ ਬਿਆਨ ਨਹੀਂ ਆਇਆ। ਪਾਰਟੀ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ। ਜਨਵਰੀ 2022 ਵਿੱਚ ਜਦੋਂ ਆਮ ਆਦਮੀ ਪਾਰਟੀ ਦਾ ਮੇਅਰ ਬਣ ਸਕਦਾ ਸੀ, ਉਦੋਂ ਵੀ ਕਾਂਗਰਸ ਨੇ ਅਜਿਹਾ ਹੀ ਕੀਤਾ ਸੀ। ਸਾਲ 2023 ਵਿੱਚ ਕਾਂਗਰਸ ਕੋਲ 6 ਕੌਂਸਲਰ ਸਨ, ਪਰ ਇਸ ਦੇ ਬਾਵਜੂਦ ਉਹ ਸਦਨ ਵਿੱਚੋਂ ਵਾਕਆਊਟ ਕਰ ਗਏ।

ਇਸ ਦੇ ਉਲਟ, ਆਮ ਆਦਮੀ ਪਾਰਟੀ ਲੋਕਾਂ ਦੇ ਹੱਕਾਂ ਲਈ ਸੜਕਾਂ 'ਤੇ ਉਤਰੀ, ਵੱਡਾ ਧਰਨਾ-ਪ੍ਰਦਰਸ਼ਨ ਕੀਤਾ ਅਤੇ ਇਸ ਫ਼ਰਮਾਨ ਨੂੰ ਵਾਪਸ ਲੈਣ ਲਈ ਪ੍ਰਸ਼ਾਸਨ ਨੂੰ ਵੱਡੇ ਜਨ ਅੰਦੋਲਨ ਦੀ ਚੇਤਾਵਨੀ ਦਿੱਤੀ। ਆਮ ਆਦਮੀ ਪਾਰਟੀ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਭਾਜਪਾ ਸ਼ਾਸਿਤ ਪ੍ਰਸ਼ਾਸਨ ਨੂੰ ਆਪਣਾ ਇਹ ਤੁਗਲਕੀ ਫ਼ਰਮਾਨ ਵਾਪਸ ਲੈਣਾ ਪਿਆ। ਪਾਰਟੀ ਨੇ ਇਸ ਨੂੰ ਆਪਣੇ ਸੰਘਰਸ਼ ਦੀ ਜਿੱਤ ਕਰਾਰ ਦਿੰਦਿਆਂ ਚੰਡੀਗੜ੍ਹ ਦੇ ਲੋਕਾਂ ਨੂੰ ਵਧਾਈ ਦਿੱਤੀ।

ਚੰਡੀਗੜ੍ਹ ਵਿੱਚ ਭਾਜਪਾ ਅਤੇ ਕਾਂਗਰਸ ਨੇ ਆਪਸ ਵਿੱਚ ਹੱਥ ਮਿਲਾ ਕੇ ਸ਼ਹਿਰ ਨੂੰ ਆਪਣਾ ਸਿਆਸੀ ਅੱਡਾ ਬਣਾ ਲਿਆ ਹੈ। ਬੋਟੈਨਿਕਲ ਗਾਰਡਨ ਦੀ ਐਂਟਰੀ ਫੀਸ ਦੇ ਮਾਮਲੇ ਵਿੱਚ ਕਾਂਗਰਸ ਨੇ ਭਾਜਪਾ ਸ਼ਾਸਿਤ ਪ੍ਰਸ਼ਾਸਨ ਦਾ ਸਾਥ ਦਿੱਤਾ। ਜਨਵਰੀ 2022 ਵਿੱਚ ਜਦੋਂ ਆਮ ਆਦਮੀ ਪਾਰਟੀ ਦਾ ਮੇਅਰ ਬਣ ਸਕਦਾ ਸੀ, ਉਦੋਂ ਵੀ ਕਾਂਗਰਸ ਨੇ ਅਜਿਹਾ ਹੀ ਕੀਤਾ ਸੀ। ਸਾਲ 2023 ਵਿੱਚ 6 ਕੌਂਸਲਰ ਹੋਣ ਦੇ ਬਾਵਜੂਦ ਕਾਂਗਰਸ ਵਾਕਆਊਟ ਕਰ ਗਈ ਸੀ। ਚੰਡੀਗੜ੍ਹ ਦੇ ਲੋਕ ਹੁਣ ਇਨ੍ਹਾਂ ਦੇ ਝਾਂਸਿਆਂ, ਵਾਅਦਿਆਂ ਅਤੇ ਜੁਮਲਿਆਂ ਵਿੱਚ ਨਹੀਂ ਆਉਣਗੇ। ਆਮ ਆਦਮੀ ਪਾਰਟੀ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਪ੍ਰਸ਼ਾਸਨ ਨੂੰ ਇਹ ਤੁਗਲਕੀ ਫ਼ਰਮਾਨ ਵਾਪਸ ਲੈਣਾ ਪਿਆ। ਇਹ ਚੰਡੀਗੜ੍ਹ ਦੇ ਲੋਕਾਂ ਦੀ ਜਿੱਤ ਹੈ। ਜੇਕਰ ਬਾਕੀ ਦੋ ਗੇਟ ਤੁਰੰਤ ਨਹੀਂ ਖੋਲ੍ਹੇ ਗਏ ਤਾਂ ਅਸੀਂ ਸੜਕ ਤੋਂ ਲੈ ਕੇ ਸਦਨ ਤੱਕ ਲੜਾਈ ਲੜਾਂਗੇ।

ਪਾਰਟੀ ਨੇ ਕਿਹਾ ਕਿ ਫਿਲਹਾਲ ਸਿਰਫ਼ ਐਂਟਰੀ ਫੀਸ ਵਾਪਸ ਲਈ ਗਈ ਹੈ। ਬੋਟੈਨਿਕਲ ਗਾਰਡਨ ਦੇ ਦੋ ਗੇਟ ਅਜੇ ਵੀ ਬੰਦ ਹਨ, ਜਿਸ ਕਾਰਨ ਆਲੇ-ਦੁਆਲੇ ਦੇ ਇਲਾਕਿਆਂ ਦੇ ਲੋਕਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਮ ਆਦਮੀ ਪਾਰਟੀ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਨ੍ਹਾਂ ਗੇਟਾਂ ਨੂੰ ਵੀ ਤੁਰੰਤ ਖੋਲ੍ਹਿਆ ਜਾਵੇ, ਨਹੀਂ ਤਾਂ ਪਾਰਟੀ ਸੜਕ ਤੋਂ ਲੈ ਕੇ ਸਦਨ ਤੱਕ ਸੰਘਰਸ਼ ਕਰੇਗੀ।

ਆਮ ਆਦਮੀ ਪਾਰਟੀ ਚੰਡੀਗੜ੍ਹ ਦੇ ਇੱਕ-ਇੱਕ ਵਿਅਕਤੀ ਦੇ ਹੱਕਾਂ ਦੀ ਲੜਾਈ ਸੜਕਾਂ 'ਤੇ ਵੀ ਲੜ ਰਹੀ ਹੈ ਅਤੇ ਸਦਨ ਵਿੱਚ ਵੀ। ਗੇਟ ਬੰਦ ਹੋਣ ਕਾਰਨ ਆਲੇ-ਦੁਆਲੇ ਦੇ ਇਲਾਕਿਆਂ ਦੇ ਲੋਕਾਂ, ਖ਼ਾਸ ਕਰਕੇ ਔਰਤਾਂ ਅਤੇ ਬਜ਼ੁਰਗਾਂ ਨੂੰ ਕਾਫ਼ੀ ਮੁਸ਼ਕਲਾਂ ਆ ਰਹੀਆਂ ਹਨ। ਪ੍ਰਸ਼ਾਸਨ ਇਨ੍ਹਾਂ ਗੇਟਾਂ ਨੂੰ ਤੁਰੰਤ ਖੋਲ੍ਹੇ। ਪੰਜਾਬ ਵਿੱਚ ਸਾਡੀ ਸਰਕਾਰ ਨੇ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਅਤੇ ਮਾਣ-ਸਨਮਾਨ ਰਾਸ਼ੀ ਦੇ ਕੇ ਆਪਣੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ।

ਆਮ ਆਦਮੀ ਪਾਰਟੀ ਨੇ ਦੁਹਰਾਇਆ ਕਿ ਉਹ ਚੰਡੀਗੜ੍ਹ ਦੇ ਹਰ ਵਿਅਕਤੀ ਦੇ ਹੱਕਾਂ ਦੀ ਲੜਾਈ ਪੂਰੀ ਮਜ਼ਬੂਤੀ ਨਾਲ ਸੜਕਾਂ 'ਤੇ ਵੀ ਲੜ ਰਹੀ ਹੈ।

.ਫ਼ਰੀਦਕੋਟ ਸ਼ਹਿਰ ਚ ਸਫ਼ਾਈ ਮੁਹਿੰਮ ਨੂੰ ਲੱਗਿਆ ਗ੍ਰਹਿਣ

ਫ਼ਰੀਦਕੋਟ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਪੰਜਾਬ ਦੇ ਵਪਾਰ ਵਿੰਗ ਦੇ ਸੂਬਾ ਮੀਤ ਪ੍ਰਧਾਨ ਅਤੇ ਸੀਨੀਅਰ ਆਗੂ ਅਰਸ਼ ਸੱਚਰ ਨੇ ਇਤਿਹਾਸਕ ਸ਼ਹਿਰ ਫ਼ਰੀਦਕੋਟ ਵਿੱਚ ਸਫ਼ਾਈ ਪ੍ਰਬੰਧਾਂ ਦੀ ਮਾੜੀ ਹਾਲਤ 'ਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ।

ਸੱਚਰ ਨੇ ਕਿਹਾ ਕਿ ਸ਼ਹਿਰ ਵਿੱਚ ਵੱਖ-



ਵੱਖ ਥਾਵਾਂ 'ਤੇ ਕੂੜੇ ਦੇ ਢੇਰ ਲੋਕਾਂ ਦੀ ਸਿਹਤ ਅਤੇ ਵਾਤਾਵਰਨ ਲਈ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਮੰਗ ਕੀਤੀ ਕਿ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਪ੍ਰਭਾਵਿਤ ਥਾਵਾਂ ਦੀ ਜਾਂਚ ਕਰਵਾ ਕੇ 72 ਘੰਟਿਆਂ ਦੀ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਜਾਵੇ।

ਉਨ੍ਹਾਂ ਕਿਹਾ ਕਿ ਹਰ ਵਾਰਡ ਵਿੱਚ ਕੂੜਾ ਚੁੱਕਣ ਅਤੇ ਸਫ਼ਾਈ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ। ਨਗਰ ਕੌਂਸਲ ਦੇ ਕਰਮਚਾਰੀਆਂ, ਮਸ਼ੀਨਰੀ ਅਤੇ ਕੂੜੇ ਦੇ ਨਿਪਟਾਰੇ ਦੀ ਵਿਵਸਥਾ ਦੀ ਸਮੀਖਿਆ ਕਰਕੇ ਲਾਪਰਵਾਹੀ ਸਾਹਮਣੇ ਆਉਣ 'ਤੇ ਨਿਯਮਾਂ ਅਨੁਸਾਰ ਜਵਾਬਦੇਹੀ ਨਿਰਧਾਰਤ ਕੀਤੀ ਜਾਵੇ।

ਯੂਰੀਆ ਅਤੇ ਡਾਏ ਦੀ ਕਿੱਲਤ ਨੂੰ ਲੈਕੇ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਵਲੋਂ ਐਨ ਐਫ ਐਲ ਦੇ ਐਮਡੀ ਨਾਲ ਮੀਟਿੰਗ ਕੀਤੀ ਰੂਪਨਗਰ -27



ਮਾਛੀਵਾੜਾ ਸਾਹਿਬ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਤੀ ਕਿਸਾਨ ਯੂਨੀਅਨ ਬਹਿਰਾਮਕੇ ਵਲੋਂ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਹੀਰਾ ਦੀ ਅਗਵਾਈ ਹੇਠ ਰੋਪੜ ਜ਼ਿਲ੍ਹੇ ਵਿੱਚ ਆ ਰਹੀ ਯੂਰੀਆ ਅਤੇ ਡਾਏ ਦੀ ਕਿੱਲਤ ਨੂੰ ਲੈਕੇ ਐਨ ਐਫ ਐਲ ਨੈਸ਼ਨਲ ਫਰਟੀਲਾਈਜ਼ਰ ਲਿਮਿਟਡ ਦੇ ਐਮਡੀ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਐਨ ਐਫ ਐਲ ਦੇ ਐਮਡੀ ਨੂੰ ਮੰਗ ਪੱਤਰ ਦਿੱਤਾ।

ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ 500 ਟਰੱਕ ਰੋਪੜ ਜ਼ਿਲ੍ਹੇ ਲਈ ਅਲਾਟ ਹੋਏ ਹਨ ਅਤੇ ਮਾਰਕਫੈਡ ਵੱਲੋਂ ਜ਼ਿਲ੍ਹਾ ਖੇਤੀਬਾੜੀ ਅਫਸਰ ਨਾਲ ਮਿਲ ਕੇ ਵੱਖ-ਵੱਖ ਸੁਸਾਇਟੀਆਂ ਤੇ ਡੀਲਰਾਂ ਨੂੰ ਯੂਰੀਆ ਅਲਾਟ ਕੀਤਾ ਗਿਆ ਡਾਏ ਦੇ ਮਾਮਲੇ ਵਿੱਚ ਉਨ੍ਹਾਂ ਨੇ ਦੱਸਿਆ ਕਿ ਜੇਕਰ ਸਰਕਾਰ ਸਾਨੂੰ ਅਪਰੋਚ ਕਰਦੀ ਹੈ ਤਾਂ ਉਹੀ ਮੰਗਵਾਇਆ ਜਾਂਦਾ ਹੈ ਤੇ ਅੱਗੇ ਡਿਸਟਰੀਬਿਊਟ ਕੀਤਾ ਜਾਂਦਾ ਹੈ।

ਇਸ ਮੌਕੇ ਮੰਗ ਕੀਤੀ ਗਈ ਹੈ ਕਿ ਐਨਐਫਐਲ ਦੇ ਐਮਡੀ ਨਾਲ ਅਗਲੀ ਮੀਟਿੰਗ ਇੱਕ ਸਾਂਝੀ ਰੱਖੀ ਜਾਵੇ ।

• ਡਾ. ਰਣਜੀਤ ਸਿੰਘ

ਪੰਜਾਬ ਦੀ ਧਰਤੀ ਦੋ ਫ਼ਸਲੀ ਹੈ, ਜਿਸ ਦਾ ਅਰਥ ਹੈ ਕਿ ਇਕ ਖੇਤ ਵਿੱਚੋਂ ਸਾਲ 'ਚ ਘੱਟੋ ਘੱਟ ਦੋ ਫ਼ਸਲਾਂ ਲਈਆਂ ਜਾਂਦੀਆਂ ਹਨ। ਕਾਸ਼ਤ ਹੇਠ ਰਕਬੇ ਦੇ ਹਿਸਾਬ ਨਾਲ ਕਣਕ ਪਹਿਲੇ ਸਥਾਨ 'ਤੇ ਹੈ, ਦੂਜਾ ਝੋਨੇ ਦਾ ਅਤੇ ਤੀਜਾ ਸਥਾਨ ਕਪਾਹ-ਨਰਮੇ ਦਾ ਹੈ। ਚੌਥੀ ਥਾਂ 'ਤੇ ਮੱਕੀ, ਪੰਜਵੀਂ 'ਤੇ ਬਾਜਰੇ ਅਤੇ ਛੇਵੀਂ ਥਾਂ 'ਤੇ ਗੰਨੇ ਦੀ ਫ਼ਸਲ ਆਉਂਦੀ ਹੈ...

ਪੰਜਾਬ ਦੀਆਂ ਮੁੱਖ ਫ਼ਸਲਾਂ 6



ਕਮਾਦ ਬੀਜੋ ਫਗਣ

ਕਮਾਦ ਪੰਜਾਬ ਦੀ ਇਕ ਪ੍ਰਮੁੱਖ ਫ਼ਸਲ ਹੈ। ਕਦੇ ਸਾਰੇ ਕਿਸਾਨ ਕੁਝ ਰਕਬੇ ਵਿਚ ਗੰਨੇ ਦੀ ਕਾਸ਼ਤ ਕਰਦੇ ਸਨ ਤਾਂ ਜੋ ਘਰ ਦੀ ਲੋੜ ਪੂਰੀ ਕਰਨ ਲਈ ਗੁੜ ਤੇ ਸ਼ਕਰ ਬਣਾਈ ਜਾ ਸਕੇ। ਸਰਦੀਆਂ ਵਿਚ ਪੰਜਾਬ ਦੇ ਸਾਰੇ ਪਿੰਡਾਂ ਵਿਚ ਹੀ ਵੇਲਣੇ ਚਲਦੇ ਸਨ ਤੇ ਕੜ੍ਹ ਰਹੀ ਰਸ ਦੀ ਖੁਸ਼ਬੋ ਸਾਰੇ ਪਾਸੇ ਫ਼ੈਲੀ ਹੁੰਦੀ ਸੀ। ਹੁਣ ਬਹੁਤੇ ਘਰਾਂ ਵਿਚ ਖੰਡ ਦੀ ਵਰਤੋਂ ਹੋਣ ਲੱਗ ਪਈ ਹੈ, ਇਸ ਕਰਕੇ ਵੇਲਣੇ ਚਲਣੇ ਬੰਦ ਹੋ ਗਏ ਹਨ। ਸਵੇਰੇ ਸਵੇਰੇ ਚੁਣਵੇਂ ਗੰਨਿਆਂ ਦੀ ਕੱਢੀ ਰਸ ਪੀਣ ਦਾ ਵੀ ਕੋਈ ਸ਼ੁਕੀਨ ਨਹੀਂ ਰਿਹਾ ਤੇ ਨਾਹੀ ਗੰਨੇ ਦੀ ਰਸ ਵਿਚ ਰਿੰਨ੍ਹੇ ਚੌਲ ਖਾਣ ਦਾ ਰਿਵਾਜ ਰਿਹਾ ਹੈ।

ਗੰਨਾ ਇਕ ਰੋਕੜੀ ਫ਼ਸਲ ਹੈ ਤੇ ਇਕ ਵਾਰ ਕੀਤੀ ਬਿਜਾਈ ਕਈ ਸਾਲ ਫ਼ਸਲ ਦਿੰਦੀ ਹੈ। ਇਸ ਦੀ ਕਟਾਈ ਸਾਲ ਵਿਚ ਇਕ ਵਾਰ ਨਵੰਬਰ ਤੋਂ ਮਾਰਚ ਤਕ ਕੀਤੀ ਜਾਂਦੀ ਹ। ਜੇਕਰ ਸੁਚੱਜੇ ਢੰਗ ਨਾਲ ਕਾਸ਼ਤ ਕੀਤੀ ਜਾਵੇ ਤਾਂ ਇਹ ਮੁਨਾਫ਼ੇ ਵਾਲੀ ਫ਼ਸਲ ਹੈ। ਨਵੀਂ ਫ਼ਸਲ ਦੀ ਬਿਜਾਈ ਫਰਵਰੀ ਦੇ ਅਖੀਰ ਵਿਚ ਸ਼ੁਰੂ ਹੋ ਜਾਂਦੀ ਹੈ ਤੇ ਮਾਰਚ ਤਕ ਹੁੰਦੀ ਰਹਿੰਦੀ ਹੈ। ਜੇਕਰ ਵਧ ਰਕਬੇ ਵਿਚ ਬਿਜਾਈ ਕਰਨੀ ਹੋਵੇ ਤਾਂ ਕੁਝ ਰਕਬੇ ਵਿਚ ਅਗੇਤੀਆਂ ਤੇ ਕੁਝ ਰਕਬੇ ਵਿਚ ਪਿਛੇਤੀਆਂ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਗੰਨੇ ਦੀ ਬਿਜਾਈ ਗੰਨੇ ਦੇ ਟੁਕੜਿਆਂ ਨਾਲ ਜਿਨ੍ਹਾਂ ਨੂੰ ਪਛੀਆਂ ਵੀ ਆਖਿਆ ਜਾਂਦਾ ਹੈ ਕੀਤੀ ਜਾਂਦੀ ਹੈ। ਬਿਜਾਈ ਲਈ ਰੋਗ ਰਹਿਤ, ਨਰੋਏ ਅਤੇ ਸਿਫ਼ਾਰਿਸ਼ ਕੀਤੀ ਕਿਸਮ ਦੇ ਗੰਨੇ ਹੀ ਵਰਤੇ ਜਾਣੇ ਚਾਹੀਦੇ ਹਨ। ਇਕ ਏਕੜ ਦੀ ਬਿਜਾਈ ਲਈ ਚਾਰ ਅੱਖਾਂ ਵਾਲੀਆਂ 15 ਹਜ਼ਾਰ ਅਤੇ ਤਿੰਨ ਅੱਖਾਂ ਵਾਲੀਆਂ 20 ਹਜ਼ਾਰ ਪਛੀਆਂ ਦੀ ਲੋੜ ਪੈਂਦੀ ਹੈ। ਇਹ ਵੀ ਆਖਿਆ ਜਾ ਸਕਦਾ ਹੈ ਕਿ ਇਕ ਏਕੜ ਦੀ ਬਿਜਾਈ ਲਈ ਕੋਈ 35 ਕੁਇੰਟਲ ਗੰਨਾ ਚਾਹੀਦਾ ਹੈ। ਕਮਾਦ ਦੀ ਬਿਜਾਈ ਚੰਗੀ ਤਰ੍ਹਾਂ ਤਿਆਰ ਕੀਤੇ ਖੇਤ ਵਿਚ ਕਰਨੀ ਚਾਹੀਦੀ ਹੈ। ਸਿਆਣੇ ਆਖਦੇ ਹਨ ਕਿ ਕਮਾਦ ਵਾਲੇ ਖੇਤ ਵਿਚ ਦੁਬਾਰਾ ਕਮਾਦ ਨਹੀਂ ਬੀਜਣਾ ਚਾਹੀਦਾ, ਸਗੋਂ ਇਕ ਸਾਲ ਕੋਈ ਹੋਰ ਫ਼ਲੀਦਾਰ ਫ਼ਸਲ ਬੀਜੀ ਜਾਵੇ। ਅਜਿਹਾ ਕੀਤਿਆਂ ਗੰਨੇ ਨੂੰ ਲੱਗਣ ਵਾਲੇ ਕੀੜਿਆਂ, ਬਿਮਾਰੀਆਂ ਅਤੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਕਪਾਹ ਵੱਢ ਕੇ ਕਪਾਹ ਬੀਜੇ ਇੱਖ ਵੱਢ ਕੇ ਇੱਖ।
ਉਸ ਤੋਂ ਮੂਰਖ ਕੋਈ ਨਹੀਂ ਜੋ ਲਏ ਅਜਿਹੀ ਸਿੱਖ।

ਜੇਕਰ ਕਮਾਦ ਬੀਜਣ ਤੋਂ ਪਹਿਲਾਂ ਉਸ ਖੇਤ ਵਿਚ ਸੇਂਜੀ ਬੀਜੀ ਹੋਵੇ ਤਾਂ ਫ਼ਸਲ ਵਧੀਆ ਹੁੰਦੀ ਹੈ। ਇਹ ਕਹਾਵਤ ਹੈ 'ਸੇਂਜੀ ਵੱਢ ਕਮਾਦ ਬੀਜੀ, ਅੰਦਰ ਵੜ ਕੇ ਸੌਂ। "ਪੰਜਾਬ ਵਿਚ ਕਾਸ਼ਤ ਲਈ ਸੀ ਓਜੇ 64, ਸੀਓਜੇ 92 ਅਤੇ ਸੀਓ 118 ਅਗੇਤੀਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਮੁੱਖ ਮੌਸਮ ਲਈ ਸੀਓ 238, ਸੀਓ ਪੰਜਾਬ 91, ਸੀਓ ਐਸ 8436 ਅਤੇ ਸੀਓ ਜੇ 88 ਕਿਸਮਾਂ ਦੀ ਬਿਜਾਈ ਕੀਤੀ ਜਾਵੇ। ਸੀ ਓ ਜੇ 89 ਪਿਛੇਤੀ ਕਿਸਮ ਹੈ। ਕਮਾਦ ਦੀ ਬਿਜਾਈ ਪਿਛੇਤੀ ਨਹੀਂ ਕਰਨੀ ਚਾਹੀਦੀ। •

• ਹਰੀ ਰਾਮ, ਹਰਵਿੰਦਰ ਕੌਰ ਤੇ ਜਸਪਾਲ ਕੌਰ



ਕਣਕ ਦੇ ਵੱਧ ਝਾੜ ਲਈ ਵਿਗਿਆਨਿਕ ਨੁਕਤੇ

ਦੇਸ਼ ਦੀ ਬਹੁਤੀ ਆਬਾਦੀ ਦੀ ਮੁੱਖ ਖੁਰਾਕ ਕਣਕ ਹੈ। ਪੰਜਾਬ ਨੂੰ ਦੇਸ਼ ਭਰ ਵਿਚ ਕਣਕ ਦੇ ਤਕਰੀਬਨ 50.5 ਕੁਇੰਟਲ/ਹੈਕਟੇਅਰ ਝਾੜ ਵਿਚ ਪਹਿਲਾ ਸਥਾਨ ਦਿਵਾਉਣ ਵਿਚ ਸਿੰਚਾਈ ਸੁਵਿਧਾਵਾਂ, ਖਾਦਾਂ, ਸੁਧਰੇ ਬੀਜਾਂ ਅਤੇ ਖੇਤੀ ਰਸਾਇਣਾਂ ਦਾ ਬਹੁਤ ਵੱਡਾ ਯੋਗਦਾਨ ਹੈ। ਕਣਕ ਨੂੰ ਬਿਜਾਈ ਦੇ ਸਮੇਂ ਠੰਡੇ ਜਲਵਾਯੂ ਦੀ ਜ਼ਰੂਰਤ ਹੁੰਦੀ ਹੈ, ਜੋ ਕਿ ਵਧੀਆ ਫੁਟਾਰੇ ਲਈ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਲਾਹੇਵੰਦ ਹੈ। ਪੱਕਣ ਸਮੇਂ ਕਣਕ ਨੂੰ ਘੱਟ ਤਾਪਮਾਨ ਅਤੇ ਘੱਟ ਨਮੀ ਦੀ ਲੋੜ ਹੁੰਦੀ ਹੈ। ਜੇਕਰ ਕਣਕ ਦੇ ਸ਼ੁਰੂਆਤੀ ਦੌਰ ਵਿਚ ਲੋੜ ਤੋਂ ਵਧ ਬੱਦਲਵਾਈ ਜਾਂ ਮੀਂਹ ਪੈ ਜਾਣ ਤਾਂ ਪੀਲੀ ਕੁੰਗੀ ਦੇ ਫੈਲਣ ਦੀ ਸੰਭਾਵਨਾ ਵਧ ਜਾਂਦੀ ਹੈ। ਮਾਰਚ ਦੇ ਮਹੀਨੇ ਇਕਦਮ ਤਾਪਮਾਨ ਵਧਣ ਨਾਲ ਦਾਣੇ ਹਲਕੇ ਅਤੇ ਬਰੀਕ ਹੋਣ ਦੇ ਕਾਰਨ ਕਣਕ ਦੇ ਝਾੜ ਤੇ ਮਾੜਾ ਪ੍ਰਭਾਵ ਪੈਂਦਾ ਹੈ। ਜ਼ਿਆਦਾ ਤਾਪਮਾਨ ਦਾ ਤਣਾਅ, ਦਾਣਿਆਂ ਦੇ ਭਰਨ ਸਮੇਂ ਕਣਕ ਦੀ ਪੈਦਾਵਾਰ ਘਟਾਉਣ ਦਾ ਮੁੱਖ ਕਾਰਨ ਹੈ। ਜ਼ਿਆਦੇ ਤਾਪਮਾਨ ਨਾਲ ਪੌਦੇ ਦੇ ਕਲੋਰੋਪਲਾਸਟ ਦਾ ਨੁਕਸਾਨ ਹੁੰਦਾ ਹੈ ਅਤੇ ਪ੍ਰਕਾਸ਼ ਸੰਸਲੇਸ਼ਣ ਦੀ ਸਮਰੱਥਾ ਘੱਟ ਜਾਂਦੀ ਹੈ। ਇਸ ਦੇ ਨਾਲ ਸੁੱਕੇ ਮਾਦੇ ਦੀ ਜਜ਼ਬਤਾ ਅਤੇ ਦਾਣਿਆਂ ਦਾ ਝਾੜ ਘੱਟ ਜਾਂਦਾ ਹੈ। ਜੇਕਰ ਮਾਰਚ ਦੇ ਮਹੀਨੇ ਤਾਪਮਾਨ ਇਕਦਮ ਵੱਧਦਾ ਹੈ ਤਾਂ ਕਣਕ ਨੂੰ ਹਲਕਾ ਪਾਣੀ ਲਾਉਣ ਨਾਲ ਵੱਧਦੇ ਤਾਪਮਾਨ ਦੇ ਮਾੜੇ ਪ੍ਰਭਾਵ ਤੋਂ ਬਚਾਇਆ ਜਾ ਸਕਦਾ ਹੈ। ਕਣਕ ਦੀ ਬਿਜਾਈ ਲਈ ਕੱਲਰ ਅਤੇ ਸੇਮ ਵਾਲੀਆਂ ਜ਼ਮੀਨਾਂ ਠੀਕ ਨਹੀਂ ਰਹਿੰਦੀਆਂ । ਕਣਕ ਦਾ ਝਾੜ ਵੱਧ ਤੋਂ ਵੱਧ ਪਾਉਣ ਲਈ ਕਿਸਾਨ ਨੂੰ ਹੇਠ ਲਿਖਤ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

ਸਹੀ ਕਿਸਮਾਂ ਦੀ ਚੋਣ

ਕਣਕ ਦੀਆਂ ਕਿਸਮਾਂ ਦੀ ਬਿਜਾਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਸਿਫਾਰਸ਼ੀ ਖੇਤਰਾਂ, ਸਿੰਚਾਈ ਸਾਰਣੀ ਅਤੇ ਬਿਜਾਈ ਦੇ ਸਮੇਂ ਅਨੁਸਾਰ ਕਰਨੀ ਚਾਹੀਦੀ ਹੈ। ਗੈਰ ਪ੍ਰਮਾਣਿਤ ਕਿਸਮਾਂ, ਖਾਸ ਕਰਕੇ ਜੋ ਹੋਰ ਖੇਤਰਾਂ ਲਈ ਸਿਫਾਰਸ਼ ਕੀਤੀਆਂ ਹੋਣ ਦੀ ਚੋਣ ਪੀਲੀ ਕੁੰਗੀ ਦੇ ਹਮਲੇ ਨੂੰ ਵਧਾਉਂਦੀ ਹੈ। ਸੇਜੂ ਇਲਾਕਿਆਂ ਵਿੱਚ ਸਮੇਂ ਸਿਰ ਬਿਜਾਈ ਲਈ ਉਨਤ ਪੀ ਬੀ ਡਬਲਯੂ 343, ਉਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ 3086, ਐਚ ਡੀ 2967, ਡਬਲਯੂ ਐਚ 1105,ਪੀ ਬੀ ਡਬਲਯੂ 621 ਅਤੇ ਪੀ ਬੀ ਡਬਲਯੂ 550 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਕੰਢੀ ਖੇਤਰ ਜਿਥੇ ਪਾਣੀ ਦਾ ਪ੍ਰਬੰਧ ਪੂਰਾ ਹੈ, ਉਥੋਂ ਦੇ ਕਿਸਾਨਾਂ ਨੂੰ ਪੀਲੀ ਕੁੰਗੀ ਦਾ ਟਾਕਰਾ ਕਰਨ ਦੇ ਸਮਰੱਥ ਕਿਸਮਾਂ ਜਿਵੇਂ ਕਿ ਉਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 725 ਅਤੇ ਪੀ ਬੀ ਡਬਲਯੂ 677 ਨੂੰ ਬੀਜਣ ਦੀ ਸਲਾਹ ਦਿੱਤੀ ਜਾਂਦੀ ਹੈ।

ਜ਼ਮੀਨ ਦੀ ਤਿਆਰੀ

ਪਿਛਲੀ ਫਸਲ ਅਤੇ ਮਿੱਟੀ ਦੀ ਕਿਸਮ ਦੇ ਆਧਾਰ ਤੇ ਖੇਤ ਨੂੰ ਤਵੀਆਂ ਜਾਂ ਹਲਾਂ ਨਾਲ ਇਕ ਜਾਂ ਦੋ ਵਾਰ ਵਾਹ ਕੇ ਬਿਜਾਈ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ।ਹਲਕੀਆਂ ਜ਼ਮੀਨਾਂ ਨੂੰ ਭਾਰੀਆਂ ਦੇ ਮੁਕਾਬਲੇ ਘੱਟ ਵਹਾਈ ਦੀ ਲੋੜ ਪੈਂਦੀ ਹੈ।ਖੇਤ ਦੇ ਵੱਤਰ ਨਾ ਹੋਣ ਦੀ ਸੂਰਤ ਵਿੱਚ ਰੌਣੀ ਕਰ ਲੈਣੀ ਚਾਹੀਦੀ ਹੈ। ਝੋਨੇ ਦੀ ਪਰਾਲੀ ਨੂੰ ਪੈਡੀਸਟਰਾਅ-ਚੌਪਰ-ਕਮ-ਸਪਰੈਡਰ ਨਾਲ ਛੋਟੇ-ਛੋਟੇ ਟੁਕੜਿਆਂ ਵਿਚ ਕੁਤਰ ਕੇ ਤਵੀਆਂ ਨਾਲ ਮਿੱਟੀ ਵਿਚ ਮਿਲਾਇਆ ਜਾ ਸਕਦਾ ਹੈ। ਇਸ ਨਾਲ ਕਣਕ ਦੇ ਝਾੜ ਉਪਰ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ। ਝੋਨੇ ਦੀ ਪਰਾਲੀ ਨੂੰ ਸਿਫਾਰਸ਼ ਕੀਤੀ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਖਾਦਾਂ ਨਾਲ ਮਿੱਟੀ ਵਿੱਚ ਰਲਾਇਆ ਜਾ ਸਕਦਾ ਹੈ।ਝੋਨੇ ਦੀ ਪਰਾਲੀ ਨੂੰ ਲਗਾਤਾਰ ਮਿੱਟੀ ਵਿੱਚ ਰਲਾਉਣ ਜਾਂ ਉਪਰ ਰੱਖਣ ਨਾਲ ਸਿਰਫ ਝਾੜ ਹੀ ਨਹੀਂ ਵੱਧਦਾ ਬਲਕਿ ਮਿੱਟੀ ਦੀ ਸਿਹਤ ਵੀ ਵਧੀਆ ਹੁੰਦੀ ਹੈ।ਕਣਕ ਨੂੰ ਘੱਟੋ-ਘੱਟ ਵਹਾਈ ਜਾਂ ਬਿਨਾਂ ਵਹਾਈ (ਜ਼ੀਰੋ ਟਿੱਲੇਜ)ਨਾਲ ਵੀ ਬੀਜਿਆ ਜਾ ਸਕਦਾ ਹੈ। ਬਿਨਾਂ ਵਹਾਈ ਤੋਂ ਬੀਜੀ ਫਸਲ ਦੇ ਕਈ ਫਾਇਦੇ ਹਨ ਜਿਵੇਂ ਫਸਲ ਦੀ ਸਮੇਂ ਸਿਰ ਬਿਜਾਈ, ਡੀਜ਼ਲ ਦੀ ਬੱਚਤ, ਵਾਤਾਵਰਨ ਪ੍ਰਦੂਸ਼ਣ ਵਿਚ ਕਮੀ, ਗੁੱਲੀਡੰਡੇ ਦਾ ਘੱਟ ਉਗਣਾ, ਪਹਿਲੀ ਸਿੰਚਾਈ ਦੌਰਾਨ ਕਣਕ ਦਾ ਪੀਲਾ ਨਾ ਪੈਣਾ, ਖੇਤੀ ਖਰਚਿਆਂ ਵਿਚ ਕਟੌਤੀ ਆਦਿ ਸ਼ਾਮਿਲ ਹਨ।ਕਣਕ ਦੀ ਬਿਜਾਈ ਹੈਪੀ ਸੀਡਰ ਜਾਂ ਪੀਏਯੂ ਹੈਪੀ ਸੀਡਰ ਜੋ ਕਿ ਬਿਜਾਈ ਤੋਂ ਬਾਅਦ ਪਰਾਲੀ ਦਬਾ ਦਿੰਦਾ ਹੈ, ਨਾਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਹੈਪੀ ਸੀਡਰ ਨਾਲ ਬਿਜਾਈ ਕਰਨ ਲਈ ਪਰਾਲੀ ਦਾ ਪੂਰੇ ਖੇਤ ਵਿੱਚ ਇਕਸਾਰ ਖਿਲਰਿਆ ਹੋਣਾ ਜ਼ਰੂਰੀ ਹੈ। ਬੀਜ ਨੂੰ ਸਿਫਾਰਿਸ਼ ਕੀਤੀ ਦਵਾਈ ਨਾਲ ਸੋਧ ਕੇ 3.5 ਤੋਂ 5 ਸੈ.ਮੀ. ਡੂੰਘਾ ਬੀਜਣਾ ਚਾਹੀਦਾ ਹੈ। ਬਿਜਾਈ ਤੋਂ ਬਾਅਦ ਚੂਹਿਆਂ ਦੀ ਰੋਕਥਾਮ ਲਈ ਖਾਸ ਧਿਆਨ ਰੱਖਣਾ ਚਾਹੀਦਾ ਹੈ। ਜਿਨ੍ਹਾਂ ਖੇਤਾਂ ਵਿੱਚ ਨਦੀਨਾਂ ਦੀ ਸਮੱਸਿਆ ਵੱਧ ਹੋਵੇ, ਉਥੇ ਗਰੇਮੋਕਸੋਨ 24 ਐਸ.ਐਲ. 500 ਗ੍ਰਾਮ ਪ੍ਰਤੀ ਏਕੜ, 200 ਲਿਟਰ ਪਾਣੀ ਵਿਚ ਮਿਲਾ ਕੇ ਬਿਜਾਈ ਤੋਂ ਇਕ ਹਫਤਾ ਪਹਿਲਾਂ ਛਿੜਕਾਅ ਕਰੋ।

ਬੀਜ ਦੀ ਸਿਫਾਰਸ਼ ਕੀਤੀ ਮਾਤਰਾ

ਖੇਤ ਵਿੱਚ ਪੌਦਿਆਂ ਦੀ ਸਹੀ ਗਿਣਤੀ ਵੱਧ ਝਾੜ ਲੈਣ ਦੀ ਮੁੱਢਲੀ ਸ਼ਰਤ ਹੈ। ਖੇਤਰ ਦੇ ਹਿਸਾਬ ਨਾਲ ਕਿਸਮ ਦੀ ਚੋਣ ਕਰਕੇ ਨਰੋਇਆ ਬੀਜ ਹੀ ਬਿਜਾਈ ਲਈ ਵਰਤਣਾ ਚਾਹੀਦਾ ਹੈ। ਕਿਸਾਨਾਂ ਨੂੰ ਸਾਫ ਸੁਥਰੇ, ਸਿਹਤਮੰਦ ਅਤੇ ਬਿਮਾਰੀ ਰਹਿਤ (ਖਾਸ ਕਰਕੇ ਕਰਨਾਲ ਬੰਟ) ਬੀਜ ਹੀ ਬੀਜਣਾ ਚਾਹੀਦਾ ਹੈ। ਬੀਜ ਹਮੇਸ਼ਾ ਭਰੋਸੇਮੰਦ ਡੀਲਰਾਂ ਤੋਂ ਹੀ ਲੈਣਾ ਚਾਹੀਦਾ ਹੈ ਤਾਂ ਜੋ ਬੀਜ ਵਿਚ ਹੋਣ ਵਾਲੇ ਰਲਾਅ ਤੋਂ ਬਚਿਆ ਜਾ ਸਕੇ।ਉਨਤ ਪੀ ਬੀ ਡਬਲਯੂ 550 ਅਤੇ ਪੀ ਬੀ ਡਬਲਯੂ 550 ਲਈ ਪ੍ਰਤੀ ਏਕੜ 45 ਕਿਲੋ ਬੀਜ ਜਦੋਂਕਿ ਬਾਕੀ ਸਾਰੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਦਾ ਪ੍ਰਤੀ ਏਕੜ 40 ਕਿਲੋ ਬੀਜ ਪਾਉਣਾ ਚਾਹੀਦਾ ਹੈ।

ਦਵਾਈਆਂ ਨਾਲ ਬੀਜ ਦੀ ਸੋਧ

ਸਿਉਂਕ ਤੋਂ ਬਚਾਉਣ ਲਈ 40 ਕਿਲੋ ਬੀਜ ਨੂੰ 160 ਮਿ.ਲੀ. ਡਰਸਬਾਨ ਜਾਂ ਰੂਬਨ ਜਾਂ ਡਰਮੈਟ 20 ਈ ਸੀ (ਕਲੋਰੋਪਾਈਰੀਫੋਸ) ਜਾਂ 240 ਐਮ ਐਲ ਰੀਜੈਂਟ 5 ਪ੍ਰਤੀਸ਼ਤ ਐਸ ਐਲ (ਫਿਪਰੋਨਿੱਲ) ਨਾਲ ਸੋਧ ਲੈਣਾ ਚਾਹੀਦਾ ਹੈ।ਸਿਟਿਆਂ ਦੀ ਕਾਂਗਿਆਰੀ ਉਲੀ ਕਰਕੇ ਲੱਗਦੀ ਹੈ ਅਤੇ ਇਸ ਦੇ ਕਣ ਬੀਜ ਦੇ ਅੰਦਰ ਹੁੰਦੇ ਹਨ। ਇਹ ਉਲੀ ਸਿਟਿਆਂ ਨੂੰ ਬਿਲਕੁਲ ਤਬਾਹ ਕਰ ਦਿੰਦੀ ਹੈ ਅਤੇ ਉਨ੍ਹਾਂ ਅੰਦਰ ਦਾਣਿਆਂ ਦੀ ਥਾਂ ਕਾਲਾ ਜਿਹਾ ਧੂੜਾ ਬਣ ਜਾਂਦਾ ਹੈ। ਪੱਤਿਆਂ ਦੀ ਕਾਂਗਿਆਰੀ ਵੀ ਉਲੀ ਕਰਕੇ ਲਗਦੀ ਹੈ ਅਤੇ ਇਸ ਦੇ ਕਣ ਬੀਜ ਅਤੇ ਮਿੱਟੀ ਦੋਨੋਂ ਵਿੱਚ ਰਹਿ ਸਕਦੇ ਹਨ। ਇਹ ਬਿਮਾਰੀ ਹੁਸਿਆਰਪੁਰ, ਸ਼ਹੀਦ ਭਗਤ ਸਿੰਘ ਨਗਰ ਅਤੇ ਜਲੰਧਰ ਜਿਲ੍ਹਿਆਂ ਵਿਚ ਜਿਆਦਾ ਦੇਖੀ ਜਾਂਦੀ ਹੈ। ਇਨਾਂ ਬਿਮਾਰੀਆਂ ਦੀ ਰੋਕਥਾਮ ਲਈ ਰੈਕਜਸਲ ਇਜ਼ੀ, ਓਰੀਅਸ 6 ਐਫਐਸ (13 ਗ੍ਰਾਮ/40 ਕਿਲੋ. ਬੀਜ) ਜਾਂ ਵੀਟਾਵੈਕਸ ਪਾਵਰ 75 ਡਬਲਯੂ ਐਸ 3 ਗ੍ਰਾਮ/ਕਿਲੋ ਬੀਜ (120 ਗ੍ਰਾਮ/40 ਕਿਲੋ ਬੀਜ) ਜਾਂ ਵੀਟਾਵੈਕਸ (80 ਗ੍ਰਾਮ/40 ਕਿਲੋ ਬੀਜ) 2ਡੀ ਐਸ (40 ਗ੍ਰਾਮ/40 ਕਿਲੋ ਬੀਜ) ਵਰਤੋ।ਬੀਜ ਦੀ ਸੋਧ ਹਮੇਸਾ ਬੀਜ ਸੋਧਕ ਡਰੱਮ ਨਾਲ ਕਰਨੀ ਚਾਹੀਦੀ ਹੈ। ਹੋਰਨਾਂ ਬਿਮਾਰੀਆਂ ਜਿਵੇਂ ਕਿ ਦਾਣੇ ਦੇ ਛਿਲਕੇ ਦੀ ਕਾਲੀ ਨੋਕ ਅਤੇ ਝੁਲਸ ਰੋਗ ਦੀ ਰੋਕਥਾਮ ਲਈ ਬੀਜ ਨੂੰ ਕੈਪਟਾਨ (120 ਗ੍ਰਾਮ/40 ਕਿਲੋ ਬੀਜ) ਨਾਲ ਸੋਧਣਾ ਚਾਹੀਦਾ ਹੈ। ਜੇਕਰ ਬੀਜ ਨੂੰ ਵੀਟਾਵੈਕਸ ਪਾਵਰ ਨਾਲ ਸੋਧਿਆ ਗਿਆ ਹੋਵੇ ਤਾਂ ਕੈਪਟਾਨ ਨਾਲ ਸੋਧਣ ਦੀ ਜ਼ਰੂਰਤ ਨਹੀਂ ਹੈ। ਕਣਕ ਦਾ ਵਧੀਆ ਝਾੜ ਲੈਣ ਲਈ ਬੀਜ ਨੂੰ ਹਮੇਸ਼ਾ ਪਹਿਲਾਂ ਕੀੜੇਮਾਰ ਦਵਾਈ, ਫਿਰ ਬਿਮਾਰੀਆਂ ਰੋਕਣ ਵਾਲੀਆਂ ਦਵਾਈਆਂ ਅਤੇ ਅਖੀਰ ਤੇ ਸਿਫਾਰਸ਼ ਕੀਤੀ ਗਈ ਜੀਵਾਣੂੰ ਖਾਦ ਨਾਲ ਸੋਧਣਾ ਚਾਹੀਦਾ ਹੈ।

ਬਿਜਾਈ ਲਈ ਸੁਧਰੇ ਤਰੀਕੇ

ਆਮ ਨਿਯਮਾਂ ਅਨੁਸਾਰ ਬੀਜ ਨੂੰ ਘੱਟੋ-ਘੱਟ ਡੂੰਘਾਈ ਤੱਕ ਬੀਜਣਾ ਚਾਹੀਦਾ ਹੈ ਪਰ ਇਹ ਬੀਜ ਇੰਨੀ ਡੂੰਘਾਈ ਤਕ ਜ਼ਰੂਰ ਬੀਜੋ ਕਿ ਪੱਤੇ ਨਿਕਲਣ ਤੋਂ ਪਹਿਲਾਂ ਜ਼ਮੀਨ ਉਸ ਡੂੰਘਾਈ ਤੱਕ ਨਾ ਸੁੱਕੇ। ਕਣਕ ਨੂੰ ਆਮ ਵਾਹੀ ਤੋਂ ਬਾਅਦ, 4-6 ਸੈ.ਮੀ. ਡੂੰਘਾ ਬੀਜਣਾ ਚਾਹੀਦਾ ਹੈ। ਕਣਕ ਦੀ ਬਿਜਾਈ, ਬੀਜ-ਖਾਦ ਡਰਿਲ ਦੁਆਰਾ ਕਰਨ ਨਾਲ, ਬੀਜ ਅਤੇ ਖਾਦ ਪੂਰੇ ਖੇਤ ਵਿੱਚ ਇੱਕ ਜਿਹੀ ਡੂੰਘਾਈ ਅਤੇ ਸਹੀ ਮਾਤਰਾ ਵਿੱਚ ਪਾਏ ਜਾ ਸਕਦੇ ਹਨ।ਚੰਗੇ ਝਾੜ ਲਈ ਕਣਕ ਦੇ ਸਿਆੜਾਂ ਵਿਚਲਾ ਫਾਸਲਾ 15-20 ਸੈ.ਮੀ. ਹੋਣਾ ਚਾਹੀਦਾ ਹੈ। ਜੇਕਰ ਸਿਆੜਾਂ ਵਿਚਲਾ ਫਾਸਲਾ 15 ਸੈ.ਮੀ. ਰੱਖਿਆ ਜਾਵੇ ਤਾਂ ਇਸ ਨਾਲ ਨਦੀਨਾਂ ਦੀ ਰੋਕਥਾਮ ਵੀ ਕੀਤੀ ਜਾ ਸਕਦੀ ਹੈ। ਦੋ-ਤਰਫਾ ਬਿਜਾਈ ਲਈ ਅੱਧੀ ਖਾਦ ਅਤੇ ਬੀਜ ਇਕ ਦਿਸ਼ਾ ਜਦਕਿ ਬਾਕੀ ਅੱਧੀ ਖਾਦ ਅਤੇ ਬੀਜ ਦੂਜੀ ਦਿਸ਼ਾ ਵਿਚ ਪਾਈ ਜਾਣੀ ਚਾਹੀਦੀ ਹੈ।

ਦੋਹਰੀ ਵਹਾਈ ਦੇ ਖਰਚੇ ਤੋਂ ਅਤੇ ਟਰੈਕਟਰ ਦੇ ਪਹੀਆਂ ਕਾਰਨ ਹੋਣ ਵਾਲੇ ਦਬਾਵ ਤੋਂ ਬਚਣ ਲਈ ਖੇਤ ਨੂੰ ਇਕ ਵਾਰ ਘੱਟ ਵਾਹੋ। ਬੈੱਡ ਉੱਪਰ ਕਣਕ ਨੂੰ 67.5 ਸੈ.ਮੀ. ਚੌੜੇ ਬੈਡ ਉਪਰ 20 ਸੈ.ਮੀ. ਦੀ ਦੂਰੀ ਤੇ ਦੋ ਸਿਆੜਾਂ ਵਿੱਚ ਵੀ ਬੀਜਿਆ ਜਾ ਸਕਦਾ ਹੈ। ਇਸ ਤਰ੍ਹਾਂ ਬਿਜਾਈ ਦੇ ਨਾਲ 25 ਪ੍ਰਤੀਸ਼ਤ ਪਾਣੀ ਦੀ ਬੱਚਤ, ਘੱਟ ਨਦੀਨ ਅਤੇ ਨਦੀਨ ਨਾਸ਼ਕਾ ਦੀ ਘੱਟ ਵਰਤੋਂ ਵਰਗੇ ਫਾਇਦੇ ਹੁੰਦੇ ਹਨ। ਇਸ ਤਰੀਕੇ ਨਾਲ ਬੀਜੀ ਕਣਕ ਨੂੰ ਮਾਰਚ ਮਹੀਨੇ ਵਿੱਚ ਡਿੱਗਣ ਤੋਂ ਬਚਾਇਆ ਜਾ ਸਕਦਾ ਹੈ ਕਿਉਂਕਿ ਬੈਡ ਉਪਰ ਬੀਜੀ ਕਣਕ ਨੂੰ ਹਲਕਾ ਪਾਣੀ ਲਾਇਆ ਜਾ ਸਕਦਾ ਹੈ।ਬੈਡਾਂ ਉਪਰ ਬਿਜਾਈ ਆਮ ਤੌਰ ਤੇ ਦਰਮਿਆਨੀਆਂ ਤੋਂ ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ ਵਿੱਚ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। •

ਸਬਜ਼ੀਆਂ ਦੀ ਖੇਤੀ ਕਿਸਾਨਾਂ ਲਈ ਬਹੁਤ ਲਾਹੇਵੰਦ ਹੈ। ਇਹ ਘੱਟ ਸਮੇਂ ਵਿਚ ਤਿਆਰ ਹੋ ਜਾਂਦੀਆਂ ਹਨ ਅਤੇ ਮੁਨਾਫ਼ਾ ਵੀ ਵਧੇਰੇ ਦਿੰਦੀਆਂ ਹਨ। ਕਿਸਾਨ ਸਮੇਂ ਅਨੁਸਾਰ ਸਬਜ਼ੀਆਂ ਦੀ ਬਿਜਾਈ ਕਰ ਕੇ ਵਧੇਰੇ ਮੁਨਾਫ਼ਾ ਲੈ ਸਕਦੇ ਹਨ...

ਸਬਜ਼ੀਆਂ ਦੀ ਖੇਤੀ

ਜੜ੍ਹਦਾਰ ਸਬਜ਼ੀਆਂ

ਮੂਲੀ ਦੀਆਂ ਕਿਸਮਾਂ, ਪੰਜਾਬ ਸਫ਼ੈਦ ਮੂਲੀ-2, ਪੰਜਾਬ ਪਸੰਦ ਅਤੇ ਜਪਾਨੀ ਵਾਈਟ, ਸ਼ਲਗਮ ਦੀ ਐਲ-1 ਅਤੇ ਗਾਜ਼ਰ ਦੀ ਪੰਜਾਬ ਬਲੈਕ ਬਿਊਟੀ, ਪੰਜਾਬ ਕੈਰਟ ਰੈਡ ਅਤੇ ਪੀ ਸੀ 34 ਦੀ ਬਿਜਾਈ ਖਤਮ ਕਰ ਦਿਓ। 15 ਟਨ ਗਲੀ ਸੜੀ ਰੂੜੀ ਬਿਜਾਈ ਤੋਂ 10 ਦਿਨ ਪਹਿਲਾ ਚੰਗੀ ਤਰ੍ਹਾਂ ਜ਼ਮੀਨ ਵਿੱਚ ਮਿਲਾਉ। ਇਸ ਤੋਂ ਇਲਾਵਾ 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਵਧੀਆ ਕੁਆਲਟੀ ਦੀ ਗਾਜ਼ਰ ਪੈਦਾ ਕਰਨ ਲਈ 50 ਕਿਲੋ ਪੋਟਾਸ਼ ਪ੍ਰਤੀ ਏਕੜ ਜਰੂਰ ਪਾਉ। ਗਾਜ਼ਰ ਅਤੇ ਮੂਲੀ ਦਾ 4 ਕਿਲੋ ਅਤੇ ਸ਼ਲਗਮ ਦਾ 2 ਕਿਲੋ ਬੀਜ ਪ੍ਰਤੀ ਏਕੜ ਪਾਉ। ਬਿਜਾਈ ਤੋ ਪਹਿਲਾ ਬੀਜ ਨੂੰ 3 ਗ੍ਰਾਮ ਕੈਪਟਾਨ ਜਾਂ ਥੀਰਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ। ਇਹਨਾਂ ਫਸਲਾਂ ਨੂੰ ਤਦ ਹੀ ਪਾਣੀ ਦਿਉ ਜਦੋ ਜਰੂਰਤ ਸਮਝੋ, ਨਹੀ ਤਾਂ ਪੱਤੇ ਬਹੁਤ ਵੱਧ ਜਾਣਗੇ ਅਤੇ ਮੂਲੀ, ਸ਼ਲਗਮ ਉੱਪਰ ਵਾਲਾ ਦਾ ਵਾਧਾ, ਫੱਟਣਾ, ਧੱਬੇ ਅਤੇ ਵਾਧੂ ਜੜ੍ਹਾਂ ਆਦਿ ਆ ਜਾਣਗੀਆਂ।

ਆਲੂ

ਆਲੂ ਦੀ ਫ਼ਸਲ ਬੀਜਣ ਸਮੇਂ 20 ਟਨ ਦੇਸੀ ਗਲੀ ਸੜੀ ਰੂੜੀ, 80 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ, 40 ਕਿਲੋ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਏਕੜ ਦੇ ਹਿਸਾਬ ਖੇਤ ਵਿੱਚ ਪਾਉ। ਦੇਸੀ ਖਾਦ ਬਿਜਾਈ ਦੇ ਦਸ ਦਿਨ ਪਹਿਲਾਂ ਪਾਉ। ਜਦੋਂ ਕਿ ਦੂਸਰੀਆਂ ਖਾਦਾਂ ਬਿਜਾਈ ਸਮੇਂ ਪਾਉ ਅਤੇ ਇਨ੍ਹਾਂ ਨੂੰ ਜ਼ਮੀਨ ਵਿੱਚ ਮਿਲਾ ਦਿਉ। ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਈ ਸੀ ਇੱਕ ਲਿਟਰ ਜਾਂ ਐਟਰਾਟਾਫ਼ 50 ਘੁਲਣਸ਼ੀਲ ਜਾਂ ਸੈਨਕੋਰ 70 ਤਾਕਤ ਨਦੀਨ ਉੱਗਣ ਤੋਂ ਪਹਿਲਾਂ 200 ਗ੍ਰਾਮ ਪ੍ਰਤੀ ਏਕੜ ਜਾਂ ਗਰਾਮੈਕਸੋਨ 500-750 ਮਿਲੀਲਿਟਰ ਦਾ ਛਿੜਕਾਅ ਤਦ ਕਰੋ ਜਦੋਂ ਫ਼ਸਲ 5-10 ਪ੍ਰਤੀਸ਼ਤ ਤੱਕ ਉੱਗ ਆਈ ਹੋਵੇ, ਪਰ ਨਦੀਨ ਪੂਰੀ ਤਰ੍ਹਾਂ ਉੱਗ ਆਏ ਹੋਣ। ਐਟਰਾਟਾਫ਼ ਉਨ੍ਹਾਂ ਖੇਤਾਂ ਵਿੱਚ ਨਾ ਵਰਤੋ ਜਿੱਥੇ ਆਲੂਆ ਤੋ ਪਿੱਛੋ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਜਾਈ ਕਰਨੀ ਹੈ। ਝੁਲਸ ਰੋਗ ਦੀ ਰੋਕਥਾਮ ਲਈ ਨਿਰੋਗ ਅਤੇ ਨਰੋਇਆ ਬੀਜ ਵਰਤੋ। ਬਿਮਾਰ ਅਤੇ ਰੱਦੀ ਆਲੂਆਂ ਨੂੰ ਗੁਦਾਮਾਂ ਵਿੱਚੋਂ ਕੱਢਣ ਤੇ ਛਾਂਟੀ ਕਰਨ ਪਿੱਛੋਂ ਢੇਰਾਂ ਵਿੱਚ ਨਾ ਛੱਡੋ, ਸਗੋਂ ਟੋਏ ਕੱਢ ਕੇ ਦੱਬ ਦਿਉ। ਬੀਜ ਨੂੰ ਬੀਮਾਰੀ (ਪਿਛੇਤੇ ਝੁਲਸ ਰੋਗ) ਤੋਂ ਮੁਕਤ ਰੱਖਣ ਲਈ ਉੱਚੀਆਂ ਵੱਟਾਂ ਬਣਾਉ ਅਤੇ ਖਰੀਫ਼ ਰੋਗ ਤੋਂ ਬਚਾਅ ਲਈ ਬੀਜ ਨੂੰ 10 ਮਿੰਟ ਲਈ 0.25% ਮੋਨਸਰਨ ਦੇ ਘੋਲ ਵਿੱਚ ਸੋਧ ਲਉ। ਸਕੈਬ ਦੀ ਬਿਮਾਰੀ ਘਟਾਉਣ ਲਈ ਮਿੱਟੀ ਸਿੱਲ੍ਹੀ ਰੱਖੋ। ਜੇਕਰ ਅਕਤੂਬਰ ਦੇ ਤੀਸਰੇ-ਚੌਥੇ ਹਫ਼ਤੇ ਭਾਰੀ ਬਾਰਸ਼ ਹੋਈ ਹੈ ਤਾਂ ਫ਼ਸਲ ਨੂੰ ਪਿਛੇਤੇ ਝੁਲਸ ਰੋਗ ਤੋਂ ਬਚਾਉਣ ਲਈ ਇੰਡੋਫਿਲ ਐਮ-45 ਦਾ 500-700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਫ਼ਸਲ ਤੇ ਛਿੜਕਾਅ ਕਰੋ।

ਪੱਤੇਦਾਰ ਸਬਜ਼ੀਆਂ

ਪਾਲਕ ਦਾ 5 ਕਿਲੋ ਬੀਜ ਪ੍ਰਤੀ ਏਕੜ 20 ਸੈ.ਮੀ. ਦਾ ਫਾਸਲੇ ਤੇ ਕਤਾਰਾਂ ਵਿੱਚ ਬੀਜੋ। 10 ਟਨ ਗਲੀ ਸੜੀ ਰੂੜੀ, 35 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਤੋਂ ਪਹਿਲਾ ਪਾਉ। ਸਲਾਦ ਦਾ 400 ਗ੍ਰਾਮ ਬੀਜ ਪ੍ਰਤੀ ਏਕੜ ਵਾਸਤੇ ਨਰਸਰੀ ਵਿੱਚ ਬੀਜੋ। ਬੀਜ ਜਾਂ ਪਨੀਰੀ ਲਾਉਣ ਤੋ ਪਹਿਲਾ 55 ਕਿਲੋ ਯੂਰੀਆਂ ਅਤੇ 75 ਕਿਲ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਕਤਾਰਾਂ ਅਤੇ ਬੂਟਿਆਂ ਦਾ ਫਾਸਲਾਂ 45 ਅਤੇ 30 ਸੈ.ਮੀ. ਰੱਖੋ।

ਟਮਾਟਰ


100 ਗ੍ਰਾਮ ਬੀਜ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਦਰ ਮਰਲੇ (50 ਸੁਕੇਅਰ ਮੀਟਰ) ਵਿੱਚ ਬੀਜੋ। ਨਜ਼ਦੀਕ ਮੰਡੀਆਂ ਅਤੇ ਘਰ ਬਗੀਚਿਆਂ ਲਈ ਪੰਜਾਬ ਐੱਨ ਆਰ 7 ਕਿਸਮ ਬੀਜੋ। ਕੁਝ ਦੂਰ ਵਾਲੀਆਂ ਮੰਡੀਆਂ ਲਈ ਅਤੇ ਟਮਾਟਰਾਂ ਤੋਂ ਤਿਆਰ ਹੋਣ ਵਾਲੇ ਪਦਾਰਥਾਂ ਲਈ ਪੰਜਾਬ ਛੁਹਾਰਾ ਜਾਂ ਟੀ ਐਚ-1 ਕਿਸਮ ਬੀਜੋ। ਜਿੰਨ੍ਹਾਂ ਖੇਤਾਂ ਵਿੱਚ ਨੀਮਾਟੋਡ ਹੋਣ, ਉਨ੍ਹਾਂ ਵਿੱਚ ਪੰਜਾਬ ਐਨ ਆਰ 7 ਕਿਸਮ ਬੀਜੋ। ਹੋਰ ਕਿਸਮਾਂ ਪੰਜਾਬ ਰੱਤਾ ਅਤੇ ਪੰਜਾਬ ਉਪਮਾ ਵੀ ਬੀਜੀਆਂ ਜਾ ਸਕਦੀਆਂ ਹਨ। ਨਰਸਰੀ ਲਗਾਉਣ ਤੋਂ ਪਹਿਲਾ ਬੀਜ ਨੂੰ ਕੈਪਟਾਨ ਜਾਂ ਥਰਿਮ 3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ।

ਗੰਢੇ

ਗੰਢਿਆਂ ਦੀ ਪਨੀਰੀ ਤਿਆਰ ਕਰਨ ਲਈ 15 ਤੋਂ 20 ਸੈਂਟੀਮੀਟਰ ਉੱਚੇ ਬੈੱਡ ਰੱਖ ਕੇ 4-5 ਕਿਲੋ ਬੀਜ ਇੱਕ ਏਕੜ ਦੀ ਬਿਜਾਈ ਲਈ 8 ਮਰਲੇ ਵਿੱਚ ਬੀਜ ਦਿਓ। ਪੰਜਾਬ ਨਰੋਆ ਪੀ ਆਰ ਓ-6 ਅਤੇ ਪੰਜਾਬ ਵਾਈਟ ਕਿਸਮਾਂ ਬੀਜੋ। ਪਨੀਰੀ ਅਤੇ ਖੇਤ ਦੀ ਅਨੁਪਾਤ 1:20 ਰੱਖੋ। ਸਾਉਣੀ ਦੀ ਫ਼ਸਲ ਨੂੰ ਹਫਤੇ ਪਿੱਛੋਂ ਪਾਣੀ ਦਿੰਦੇ ਰਹੋ। ਜੇਕਰ ਬੀਜ ਬਣਾਉਣਾ ਹੈ ਤਾਂ ਗੰਢੇ ਬੀਜ ਦਿਓ।

ਗੋਭੀ

ਬੰਦ ਗੋਭੀ 60-45 ਸੈਂ. ਮੀ, ਚੀਨੀ ਗੋਭੀ 30-30 ਸੈਂ. ਮੀ. ਅਤੇ ਫੁੱਲ ਗੋਭੀ 45-30 ਸੈਂ. ਮੀ. ਅਤੇ ਬਰੋਕਲੀ 45-45 ਦੀ ਵਿੱਥ ਤੇ 4 ਤੋਂ 6 ਹਫਤੇ ਪੁਰਾਣੀ ਪੁੱਕ ਕੇ ਲਗਾਉਣੀ ਸ਼ੁਰੂ ਕਰ ਦਿਉ। ਹਫਤੇ-ਹਫਤੇ ਬਾਅਦ ਪਾਣੀ ਦਿੰਦੇ ਰਹੋ। ਜਿੱਥੇ ਬੂਟੇ ਮਰ ਗਏ ਹਨ, ਦੁਬਾਰਾ ਲਗਾ ਕੇ ਪਾਣੀ ਦੇ ਦਿਉ ਤਾਂ ਚੰਗੀ ਫਸਲ ਮਿਲੇ। ਬੀਜ ਬਣਾਉਣ ਲਈ ਵਧੀਆ ਫੁੱਲਗੋਭੀ ਦੇ ਬੂਟੇ ਜੜ੍ਹਾਂ ਸਮੇਤ ਗਾਚੀ ਪੁੱਟ ਕੇ 60]45 ਸੈ.ਮੀ. ਦੇ ਫਾਸਲੇ ਤੇ ਲਗਾ ਦਿਓ।



ਮਟਰ

ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿਚ ਮਟਰ ਅਗੇਤਾ-7, ਮਟਰ ਅਗੇਤਾ-6 ਅਤੇ ਅਰਕਲ ਦੀ ਬਿਜਾਈ ਸ਼ੁਰੂ ਕਰ ਦਿਉ। ਅੱਧ ਅਕਤੂਬਰ ਤੋਂ ਮਟਰਾਂ ਦੀਆਂ ਕਿਸਮਾਂ ਪੰਜਾਬ-89 ਅਤੇ ਮਿੱਠੀ ਫ਼ਲੀ ਦੀ ਬਿਜਾਈ 30-10 ਸੈ.ਮੀ. ਦੇ ਫਾਸਲੇ ਤੇ ਕਰੋ। 45 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਮਟਰਾਂ ਦੇ ਉਖੇੜਾ ਰੋਗ ਨੂੰ ਰੋਕਣ ਲਈ ਬੀਜ ਨੂੰ ਬੀਜਣ ਤੋਂ ਪਹਿਲਾ ਇੱਕ ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ+1ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਨਾਲ ਸੋਧੋ। ਤਣੇ ਦੀ ਮੱਖੀ ਦੀ ਰੋਕਥਾਮ ਲਈ 3 ਕਿਲੋ ਥਿਮਟ 10 ਜੀ (ਫੋਰੇਟ) ਜਾਂ 10 ਕਿਲੋ ਫੁਰਾਡਾਨ 3 ਜੀ (ਕਾਰਬੋਫੁਰਾਨ) ਪ੍ਰਤੀ ਏਕੜ ਬਿਜਾਈ ਸਮੇਂ ਸਿਆੜਾ ਵਿੱਚ ਪਾਓ। ਦਾਣੇਦਾਰ ਜ਼ਹਿਰਾਂ ਦੀ ਵਰਤੋ ਦਸਤਾਨੇ ਪਹਿਨ ਕੇ ਕਰੋ।

• ਅਮਨਦੀਪ ਸਿੰਘ ਬਰਾੜ, ਚੰਦਰ ਮੋਹਨ, ਤਰਸੇਮ ਸਿੰਘ ਢਿੱਲੋਂ



• ਡਾ. ਸਰਬਜੀਤ ਸਿੰਘ ਸੂਚ

ਡੇਅਰੀ ਫਾਰਮਾਂ 'ਚ ਮੌਜੂਦ ਗੋਬਰ ਦੀ ਸਹੀ ਵਰਤੋਂ ਵਾਸਤੇ ਵੱਡੇ ਆਕਾਰ ਦੇ ਬਾਇਓ ਗੈਸ ਪਲਾਂਟ ਲਗਾਉਣਾ ਸਮੇਂ ਦੀ ਮੁੱਖ ਮੰਗ ਹੈ। ਇਨ੍ਹਾਂ ਪਲਾਂਟਾਂ ਤੋਂ ਪੈਦਾ ਹੋਈ ਗੈਸ ਦੀ ਵਰਤੋਂ ਖਾਣਾ ਬਣਾਉਣ ਤੇ ਬਿਜਲੀ ਪੈਦਾ ਕਰਨ ਲਈ ਕੀਤੀ ਜਾ ਸਕਦੀ ਹੈ। ਗੈਸ ਪਲਾਂਟ 'ਚੋਂ ਨਿਕਲਣ ਵਾਲੀ ਸੱਲਰੀ ਦੀ ਵਰਤੋਂ ਖਾਦ ਦੇ ਤੌਰ 'ਤੇ ਕੀਤੀ ਜਾ ਸਦੀ ਹੈ...

ਬਾਇਓ ਗੈਸ ਪਲਾਂਟ ਦੀ ਸਫ਼ਲਤਾ ਪੂਰਵਕ ਵਰਤੋਂ

ਪੰਜਾਬ ਵਿਚ ਕਰੀਬ ਡੇਢ ਦਹਾਕੇ ਦੌਰਾਨ ਡੇਅਰੀ ਫਾਰਮਿੰਗ ਦੇ ਧੰਦੇ 'ਚ ਬਹੁਤ ਤੇਜ਼ੀ ਆਈ ਹੈ। ਇਸ ਵੇਲੇ ਪੰਜਾਬ ਵਿਚ ਕਰੀਬ 4000 ਡੇਅਰੀ ਫਾਰਮ ਹਨ, ਜਿਨ੍ਹਾਂ ਵਿਚ 50 ਤੋਂ 500 ਪਸ਼ੂ ਪ੍ਰਤੀ ਫਾਰਮ ਮੌਜੂਦ ਹਨ। ਇਨ੍ਹਾਂ ਡੇਅਰੀ ਫਾਰਮਾਂ 'ਚ ਮੌਜੂਦ ਗੋਬਰ ਦੀ ਸਹੀ ਵਰਤੋਂ ਵਾਸਤੇ ਵੱਡੇ ਆਕਾਰ ਦੇ ਬਾਇਓ ਗੈਸ ਪਲਾਂਟ ਲਗਾਉਣਾ ਸਮੇਂ ਦੀ ਮੁੱਖ ਮੰਗ ਹੈ। ਇਨ੍ਹਾਂ ਪਲਾਂਟਾਂ ਤੋਂ ਪੈਦਾ ਹੋਈ ਗੈਸ ਦੀ ਵਰਤੋਂ ਖਾਣਾ ਬਣਾਉਣ ਤੇ ਬਿਜਲੀ ਪੈਦਾ ਕਰਨ ਲਈ ਕੀਤੀ ਜਾ ਸਕਦੀ ਹੈ। ਗੈਸ ਪਲਾਂਟ 'ਚੋ ਨਿਕਲਣ ਵਾਲੀ ਸੱਲਰੀ ਦੀ ਵਰਤੋਂ ਖਾਦ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ।

ਗੈਸ ਤਿਆਰ ਕਰਨ ਲਈ ਵੱਡੇ ਵਸੀਲੇ

ਪੰਜਾਬ ਵਿਚ ਇਸ ਵੇਲੇ ਕਰੀਬ 15 ਹਜ਼ਾਰ ਮੁਰਗੀ ਫਾਰਮ ਹਨ। ਇਨ੍ਹਾਂ 'ਚ ਪੈਦਾ ਕੀਤੇ ਜਾਣ ਵਾਲੇ ਮੁਰਗਿਆਂ ਦੀ ਵਰਤੋਂ ਮਾਸ ਵਾਸਤੇ ਕੀਤੀ ਜਾਂਦੀ ਹੈ। ਇਨ੍ਹਾਂ ਮੁਰਗੀ ਫਾਰਮਾਂ ਵਿਚ 2 ਹਜ਼ਾਰ ਤੋ 50 ਹਜ਼ਾਰ ਮੁਰਗੇ ਪ੍ਰਤੀ ਫਾਰਮ ਮੌਜੂਦ ਹਨ। ਇਸੇ ਤਰ੍ਹਾਂ ਪੰਜਾਬ 'ਚ ਕਰੀਬ 2 ਹਜ਼ਾਰ ਆਂਡੇ ਪੈਦਾ ਕਰਨ ਵਾਲੇ ਮਰਗੀ ਫਾਰਮ ਹਨ। ਇਨ੍ਹਾਂ ਫਾਰਮਾਂ 'ਚ ਕਰੀਬ 10 ਹਜ਼ਾਰ ਤੋਂ 3 ਲੱਖ ਮੁਰਗੀਆਂ ਪ੍ਰਤੀ ਫਾਰਮ ਮੌਜੂਦ ਹਨ। ਇਨ੍ਹਾਂ ਮੁਰਗੀ ਫਾਰਮਾਂ ਵਿਚ ਵੱਡੀ ਮਾਤਰਾ 'ਚ ਵਿੱਠਾਂ ਮੌਜੂਦ ਹਨ, ਜਿਨ੍ਹਾਂ ਨਾਲ ਵੱਡੀ ਸਮਰਥਾ ਵਾਲੇ ਬਾਇਓ ਗੈਸ ਪਲਾਂਟ ਲਗਾਏ ਜਾ ਸਕਦੇ ਹਨ। ਇਨ੍ਹਾਂ ਪਲਾਂਟਾਂ ਤੋਂ ਪੈਦਾ ਹੋਈ ਗੈਸ ਨਾਲ ਖਾਣਾ ਬਣਾਉਣ ਤੋਂ ਇਲਾਵਾ ਪੈਦਾ ਹੋਣ ਵਾਲੀ ਬਿਜਲੀ ਨੂੰ ਵੱਖ-ਵੱਖ ਕੰਮਾਂ ਲਈ ਵਰਤਿਆ ਦਾ ਸਕਦਾ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਨੇ ਡੇਅਰੀ ਫਾਰਮਰਾਂ, ਪੋਲਟਰੀ ਫਾਰਮਾਂ, ਗਊਸ਼ਾਲਾਵਾਂ, ਇੰਡਸਟਰੀਜ਼, ਵਿੱਦਿਅਕ ਅਦਾਰਿਆਂ, ਧਾਰਮਿਕ ਅਦਾਰਿਆਂ ਆਦਿ ਦੀ ਜ਼ਰੂਰਤ ਮੁਤਾਬਿਕ ਵੱਡੀ ਸਮਰਥਾ ਵਾਲੇ ਬਾਇਓ ਗੈਸ ਪਲਾਂਟ (ਮੌਡੀਫਾਈਡ ਪੀਏਯੂ ਜਨਤਾ ਮਾਡਲ ਬਾਇਓ ਗੈਸ ਪਲਾਂਟ) ਸੰਨ 2005 ਵਿਚ ਤਿਆਰ ਕੀਤਾ ਸੀ। ਇਹ ਪਲਾਂਟ ਜਨਤਾ ਪਲਾਂਟ ਦਾ ਹੀ ਵੱਡੀ ਸਮਰਥਾ ਵਾਲਾ ਮਾਡਲ ਹੈ। ਇਸ ਪਲਾਂਟ ਦੀ ਚਿਣਾਈ (ਨਿਰਮਾਣ) ਵੀ ਆਸਾਨ ਹੁੰਦੀ ਹੈ ਤੇ ਇਸ ਨੂੰ ਬਨਾਉਣ ਦਾ ਤਰੀਕਾ ਦੀਨਬੰਧੂ ਬਾਇਓ ਗੈਸ ਪਲਾਂਟ ਵਰਗਾ ਹੀ ਹੈ।

ਖਾਦ ਦੇ ਤੌਰ 'ਤੇ ਵਰਤੀ ਜਾਂਦੀ ਹੈ ਸੱਲਰੀ

ਗੈਸ ਪਾਈਪ ਲਾਈਨ ਤੇ ਹੋਰ ਸਮਾਨ ਦੇ ਰਖ-ਰਖਾਓ ਦਾ ਸਾਰਾ ਖ਼ਰਚਾ ਸਹਿਕਾਰੀ ਸਭਾ ਵੱਲੋਂ ਕੀਤਾ ਜਾਂਦਾ ਹੈ। ਬਾਇਓ ਗੈਸ ਪਲਾਂਟ ਵਿੱਚੋਂ ਨਿਕਲਣ ਵਾਲੀ ਸਲੱਰੀ ਦੀ ਵਰਤੋਂ ਖੇਤਾਂ ਵਿਚ ਖਾਦ ਦੇ ਤੌਰ 'ਤੇ ਕੀਤੀ ਜਾਂਦੀ ਹੈ। ਇਹ ਸਲੱਰੀ 5,000 ਲਿਟਰ ਸਮਰਥਾ ਵਾਲੇ ਟੈਂਕਰ 'ਚ ਭਰ ਕੇ ਪ੍ਰਤੀ ਟੈਂਕਰ ਇਕ ਹਜ਼ਾਰ ਰੁਪਏ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ। ਇਲਾਕੇ ਦੇ ਕਿਸਾਨਾਂ ਵੱਲੋਂ ਖੇਤੀ ਦੇ ਤੌਰ 'ਤੇ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਪਿੰਡ ਦੇ ਬਹੁਤੇ ਘਰਾਂ ਨੇ ਲੋ-ਪ੍ਰੈਸ਼ਰ ਗੈਸ (ਐੱਲਪੀਜੀ) ਅਤੇ ਊਰਜਾ ਦੇ ਹੋਰਨਾਂ ਸਾਧਨਾਂ ਦੀ ਖਾਣਾ ਬਣਾਉਣ ਵਾਸਤੇ ਵਰਤੋਂ ਬੰਦ ਕਰ ਦਿੱਤੀ ਹੈ। ਇਸ ਪਲਾਂਟ ਤੋਂ ਪੈਦਾ ਹੋਈ ਗੈਸ ਦੀ ਪਿੰਡ ਦੇ ਸਕੂਲ ਵਿਚ 130 ਬੱਚਿਆਂ ਲਈ ਮਿਡ-ਡੇ-ਮੀਲ ਬਣਾਉਣ ਵਾਸਤੇ ਵੀ ਵਰਤੋਂ ਕੀਤੀ ਜਾਂਦੀ ਹੈ।

ਪੀਏਯੂ ਮਾਡਲ ਬਾਇਓ ਗੈਸ ਪਲਾਂਟ ਦੀਆਂ ਖ਼ੂਬੀਆਂ

ਇਹ ਬਾਇਓ ਗੈਸ ਪਲਾਂਟ ਇੱਟਾਂ ਨਾਲ ਬਣਾਇਆ ਜਾਂਦਾ ਹੈ ਤੇ ਇਸ ਵਿਚ ਕੰਕਰੀਟ ਜਾਂ ਲੋਹੇ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਹ ਪਲਾਂਟ ਦੇਸ਼ ਭਰ ਵਿਚ ਕਿਤੇ ਵੀ ਲਗਾਇਆ ਜਾ ਸਕਦਾ ਹੈ। ਇਸ ਦੀ ਸਮਰਥਾ 25 ਤੋਂ 500 ਘਣ ਮੀਟਰ ਪ੍ਰਤੀ ਦਿਨ ਹੈ। ਇਨ੍ਹਾਂ ਪਲਾਂਟਾਂ ਵਿਚ ਗੋਹੇ 'ਚ ਪਾਣੀ ਦੀ ਮਾਤਰਾ ਨੂੰ 40-50 ਫ਼ੀਸਦੀ ਤਕ ਘਟਾਇਆ ਜਾ ਸਕਦਾ ਹੈ। ਇਸ ਦੇ ਰੱਖ-ਰਖਾਓ 'ਤੇ ਦੂਜੇ, ਕੰਕਰੀਟ ਤੇ ਲੋਹੇ ਵਾਲੇ ਪਲਾਂਟ ਦੇ ਮੁਕਾਬਲੇ 40 ਤੋਂ 50 ਫ਼ੀਸਦੀ ਘੱਟ ਖ਼ਰਚ ਆਉਂਦਾ ਹੈ। ਪਲਾਂਟ ਦੀ ਕੀਮਤ 3 ਤੋਂ 4 ਸਾਲ ਵਿਚ ਵਸੂਲ ਕੀਤੀ ਜਾ ਸਕਦੀ ਹੈ। ਭਾਰਤ ਸਰਕਾਰ ਦੇ ਨਵੀਨ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰਾਲੇ ਵੱਲੋਂ ਇਨ੍ਹਾਂ ਪਲਾਂਟਾਂ ਨੂੰ ਲਗਾਉਣ ਵਾਸਤੇ ਪੀਏਯੂ ਰਾਹੀਂ ਸਬਸਿਡੀ ਵੀ ਦਿੱਤੀ ਜਾਂਦੀ ਹੈ।

ਹੁਣ ਤਕ ਪੰਜਾਬ ਵਿਚ ਇਸ ਤਰ੍ਹਾਂ ਦੇ 100 ਬਾਇਓ ਗੈਸ ਪਲਾਂਟ ਲਗਾਏ ਜਾ ਚੁੱਕੇ ਹਨ, ਜੋ ਸਫ਼ਲਤਾ-ਪੂਰਵਕ ਚੱਲ ਰਹੇ ਹਨ। ਭਾਰਤ ਦੇ ਦੂਸਰੇ ਸੂਬਿਆਂ ਹਰਿਆਣਾ, ਰਾਜਥਾਨ, ਤਮਿਲਨਾਡੂ, ਮੱਧ ਪ੍ਰਦੇਸ਼, ਗੁਜਰਾਤ, ਝਾਰਖੰਡ, ਗੋਆ, ਕਰਨਾਟਕ, ਉੱਤਰ ਪ੍ਰਦੇਸ਼ ਵਿਚ ਪੀਏਯੂ ਵੱਲੋਂ 25 ਬਾਇਓ ਗੈਸ ਪਲਾਂਟ ਲਗਾਏ ਜਾ ਚੁੱਕੇ ਹਨ।

ਕੋ-ਆਪ੍ਰੇਟਿਵ ਸਹਿਕਾਰੀ ਸਭਾ ਦਾ ਅਹਿਮ ਉਪਰਾਲਾ

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲਾਂਬੜਾ ਕਾਂਗੜੀ ਬਹੁਮੰਤਵੀ ਕੋ-ਆਪ੍ਰੇਟਿਵ ਸਹਿਕਾਰੀ ਸਭਾ ਦੇ ਪਜੈਕਟ ਮੈਨੇਜਰ ਜਸਵਿੰਦਰ ਸਿੰਘ ਨੇ ਸਹਿਕਾਰੀ ਸਭਾ ਵਿਚ ਪੀਏਯੂ ਮਾਡਲ ਬਾਇਓ ਗੈਸ ਪਲਾਂਟ ਲਗਾਉਣ ਵਾਸਤੇ ਪੀਏਯੂ ਦੇ ਨਵਿਆਉਣਯੋਗ ਊਰਜਾ ਇੰਜਨੀਅਰਿੰਗ ਸਕੂਲ ਕੋਲ ਪਹੁੰਚ ਕੀਤੀ।

ਜਸਵਿੰਦਰ ਸਿੰਘ ਇਸ ਗੈਸ ਪਲਾਂਟ ਤੋਂ ਪੈਦਾ ਹੋਣ ਵਾਲੀ ਬਾਇਓ ਗੈਸ ਨੂੰ ਆਪਣੇ ਪਿੰਡ ਦੇ 30-40 ਘਰਾਂ ਨੂੰ ਮੁਫ਼ਤ ਸਪਲਾਈ ਕਰਨਾ ਚਾਹੁੰਦੇ ਸਨ। ਵਿਚਾਰ-ਚਰਚਾ ਤੋਂ ਬਾਅਦ ਪੀਏਯੂ ਵਿਗਿਆਨੀਆਂ ਵੱਲੋਂ 100 ਘਣ ਮੀਟਰ ਸਮਰਥਾ ਵਾਲਾ ਬਾਇਓ ਗੈਸ ਪਲਾਂਟ ਲਗਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਬਾਇਓ ਗੈਸ ਪਲਾਂਟ ਦੀ ਚਿਣਾਈ ਫਰਵਰੀ 2016 ਵਿਚ ਮੁਕੰਮਲ ਹੋਈ ਤੇ ਗੋਬਰ ਪਾਉਣ ਤੋਂ ਬਾਅਦ ਮਾਰਚ 2016 ਵਿਚ ਪਲਾਂਟ ਤੋਂ ਬਾਇਓ ਗੈਸ ਪੈਦਾ ਹੋਣੀ ਸ਼ੁਰੂ ਹੋ ਗਈ। ਇਹ ਸਕੂਲ ਹੁਣ ਤਕ ਇਸ ਪ੍ਰਾਜੈਕਟ ਦੀ ਦੇਖ-ਰੇਖ ਕਰ ਰਿਹਾ ਹੈ।

ਇਕ ਪਲਾਂਟ ਤੋਂ ਬਹੁਤ ਸਾਰੇ ਘਰਾਂ ਨੂੰ ਗੈਸ ਦੀ ਸਪਲਾਈ

ਲਾਂਬੜਾ ਕਾਂਗੜੀ ਬਹੁਮੰਤਵੀ ਕੋ-ਆਪ੍ਰੇਟਿਵ ਸਹਿਕਾਰੀ ਸਭਾ ਲਿਮਟਿਡ, ਪਿੰਡ ਤੇ ਡਾਕਘਰ ਲਾਂਬੜਾ ਕਾਂਗੜੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਇਸ ਬਾਇਓ ਗੈਸ ਪਲਾਂਟ ਨੂੰ ਗੋਬਰ ਮੁਹੱਈਆ ਕਰਵਾਉਣ ਵਾਲੇ ਕੁਲ 28 ਪਰਿਵਾਰ ਹਨ। ਇਨ੍ਹਾਂ ਪਰਿਵਾਰਾਂ ਕੋਲ ਕੁਲ 175 ਪਸ਼ੂ ਹਨ, ਜਿਨ੍ਹਾਂ ਤੋਂ ਰੋਜ਼ਾਨਾ 2500 ਕਿੱਲੋ ਗੋਬਰ ਇਕੱਠਾ ਹੁੰਦਾ ਹੈ। ਮਾਰਚ 2016 ਤੋਂ ਸ਼ੁਰੂ ਹੋਇਆ ਇਹ ਗੈਸ ਪਲਾਂਟ ਇਸ ਸਮੇਂ 34 ਘਰਾਂ ਨੂੰ ਬਾਇਓ ਗੈਸ ਮੁਹੱਈਆ ਕਰਵਾ ਰਿਹਾ ਹੈ। ਉਕਤ ਬਾਇਓ ਗੈਸ ਪਲਾਂਟ ਤੋਂ ਇਲਾਵਾ ਪਿੰਡ ਵਿਚ ਸਿਰਫ਼ ਪਰਿਵਾਰ ਕੋਲ ਆਪਣਾ ਨਿੱਜੀ ਬਾਇਓ ਗੈਸ ਪਲਾਂਟ ਹੈ।

ਸਹਿਕਾਰੀ ਸਭਾ ਦੇ ਪਲਾਂਟ ਤੋਂ ਪਿੰਡ ਵਿਚਲੇ ਘਰਾਂ ਨੂੰ ਸਵੇਰੇ 4 ਵਜੇ ਤੋਂ ਰਾਤ 10 ਵਜੇ ਤਕ ਬਾਇਓ ਗੈਸ ਸਪਲਾਈ ਕੀਤੀ ਜਾਂਦੀ ਹੈ। ਪ੍ਰਤੀ ਪਰਿਵਾਰ ਬਾਇਓ ਗੈਸ ਦੀ ਔਸਤ ਖਪਤ ਇਕ ਤੋਂ ਦੋ ਘਣ ਮੀਟਰ ਹੈ। ਬਾਇਓ ਗੈਸ ਦੀ ਵਰਤੋਂ ਕਰਨ ਲਈ ਪਰਿਵਾਰ ਵੱਲੋਂ ਪਲਾਂਟ ਨੂੰ 10 ਘਣ ਮੀਟਰ ਤਕ 10 ਰੁਪਏ ਪ੍ਰਤੀ ਘਣ ਮੀਟਰ, 10 ਤੋਂ 20 ਘਣ ਮੀਟਰ ਤਕ 8 ਰੁਪਏ ਪ੍ਰਤੀ ਘਣ ਮੀਟਰ ਅਤੇ 20 ਘਣ ਮੀਟਰ ਤੋਂ ਵੱਧ ਖਪਤ ਹੋਣ 'ਤੇ 6 ਰੁਪਏ ਪ੍ਰਤੀ ਘਣ ਮੀਟਰ ਖ਼ਰਚੇ ਦੇ ਰੂਪ 'ਚ ਦਿੱਤੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਮਾਰਚ 2016 ਤੋਂ ਮੌਜੂਦਾ ਸਮੇਂ ਤਕ ਇਸ ਪਲਾਂਟ ਵਿਚ ਕਈ ਨੁਕਸ ਨਹੀ ਪਿਆ।

ਮੋਬਾਈਲ 98720-84513



ਸੰਪਾਦਕੀ

ਨਸ਼ਿਆਂ ਦੀ ਦਲਦਲ ਵਿੱਚ ਡੁੱਬਦਾ ਪੰਜਾਬ: ਕਿਤੇ ਚਿੱਟਾ, ਕਿਤੇ ਭੁੱਕੀ, ਕਿਤੇ ਸ਼ਰਾਬ

ਕਦੇ ਪੰਜਾਬ ਦੀ ਪਛਾਣ ਉਸ ਦੇ ਖੇਤਾਂ ਦੀ ਹਰਿਆਵਲ, ਮਿਹਨਤੀ ਕਿਸਾਨਾਂ, ਗੱਭਰੂਆਂ ਦੀ ਤਾਕਤ ਅਤੇ ਰੰਗਲੇ ਸੱਭਿਆਚਾਰ ਨਾਲ ਹੁੰਦੀ ਸੀ। ਇਸ ਧਰਤੀ ਦੇ ਨੌਜਵਾਨਾਂ ਦੀਆਂ ਬਾਤਾਂ ਦੂਰ-ਦੂਰ ਤੱਕ ਪੈਂਦੀਆਂ ਸਨ। ਪਰ ਅੱਜ ਉਸੇ ਪੰਜਾਬ ਦੀ ਜਵਾਨੀ ਸਾਹਮਣੇ ਇੱਕ ਅਜਿਹੀ ਗੰਭੀਰ ਚੁਣੌਤੀ ਖੜ੍ਹੀ ਹੈ, ਜਿਸ ਨੇ ਮਾਪਿਆਂ ਦੀ ਨੀਂਦ ਉਡਾ ਦਿੱਤੀ ਹੈ ਅਤੇ ਸਮਾਜ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਕਿਤੇ ਚਿੱਟੇ ਦਾ ਜਾਲ ਹੈ, ਕਿਤੇ ਭੁੱਕੀ ਦੀ ਲਤ, ਕਿਤੇ ਸ਼ਰਾਬ ਦੀ ਆਦਤ ਅਤੇ ਕਿਤੇ ਹੋਰ ਨਸ਼ਿਆਂ ਦੀ ਗ੍ਰਿਫ਼ਤ। ਸਵਾਲ ਇਹ ਹੈ ਕਿ ਪੰਜਾਬ ਦੀ ਜਵਾਨੀ ਨੂੰ ਇਸ ਦਲਦਲ ਵਿੱਚੋਂ ਬਾਹਰ ਕੱਢਣ ਲਈ ਸਮਾਜ ਹੋਰ ਕਿੰਨੀ ਦੇਰ ਉਡੀਕ ਕਰੇਗਾ ? ਨਸ਼ਾ ਸਿਰਫ਼ ਨਸ਼ਾ ਕਰਨ ਵਾਲੇ ਵਿਅਕਤੀ ਨੂੰ ਹੀ ਨਹੀਂ, ਸਗੋਂ ਉਸ ਦੇ ਪੂਰੇ ਪਰਿਵਾਰ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ। ਜਿਸ ਘਰ ਵਿੱਚ ਕਦੇ ਬੱਚਿਆਂ ਦੇ ਭਵਿੱਖ ਦੀਆਂ ਯੋਜਨਾਵਾਂ ਬਣਦੀਆਂ ਸਨ, ਉੱਥੇ ਅੱਜ ਇਲਾਜ ਦੇ ਖਰਚੇ, ਕਰਜ਼ੇ, ਘਰੇਲੂ ਤਣਾਅ ਅਤੇ ਅਣਸੁਖਾਵੇਂ ਭਵਿੱਖ ਦਾ ਡਰ ਛਾ ਜਾਂਦਾ ਹੈ। ਮਾਂ ਦੀਆਂ ਅੱਖਾਂ ਵਿੱਚ ਪੁੱਤ ਨੂੰ ਬਚਾਉਣ ਦੀ ਉਮੀਦ ਹੁੰਦੀ ਹੈ, ਪਿਉ ਦੇ ਮੱਥੇ ਉੱਤੇ ਚਿੰਤਾ ਦੀਆਂ ਲਕੀਰਾਂ ਹੁੰਦੀਆਂ ਹਨ ਅਤੇ ਭੈਣ-ਭਰਾਵਾਂ ਦੇ ਮਨ ਵਿੱਚ ਇੱਕੋ ਸਵਾਲ ਹੁੰਦਾ ਹੈ ਕਿ ਉਨ੍ਹਾਂ ਦਾ ਆਪਣਾ ਕਦੋਂ ਇਸ ਹਨੇਰੇ ਵਿੱਚੋਂ ਬਾਹਰ ਆਵੇਗਾ ? ਨਸ਼ੇ ਦੀ ਲਤ ਕਾਰਨ ਪੜ੍ਹਾਈ, ਰੁਜ਼ਗਾਰ, ਸਿਹਤ ਅਤੇ ਸਮਾਜਿਕ ਰਿਸ਼ਤੇ ਪ੍ਰਭਾਵਿਤ ਹੋ ਸਕਦੇ ਹਨ। ਪਰ ਸਭ ਤੋਂ ਵੱਡਾ ਨੁਕਸਾਨ ਉਦੋਂ ਹੁੰਦਾ ਹੈ, ਜਦੋਂ ਇੱਕ ਨੌਜਵਾਨ ਆਪਣੇ ਸੁਪਨਿਆਂ ਤੋਂ ਦੂਰ ਹੋ ਕੇ ਨਸ਼ੇ ਦੀ ਅਗਲੀ ਖੁਰਾਕ ਦੀ ਚਿੰਤਾ ਵਿੱਚ ਹੀ ਆਪਣੀ ਜ਼ਿੰਦਗੀ ਬਿਤਾਉਣ ਲੱਗ ਪੈਂਦਾ ਹੈ।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਨਸ਼ੇ ਦੀ ਲਤ ਨੂੰ ਸਿਰਫ਼ ਮਾੜੇ ਚਰਿੱਤਰ ਜਾਂ ਕਮਜ਼ੋਰ ਇੱਛਾ-ਸ਼ਕਤੀ ਦਾ ਨਤੀਜਾ ਮੰਨਣਾ ਗਲਤ ਹੈ। ਇਸ ਦੇ ਪਿੱਛੇ ਮਾਨਸਿਕ ਤਣਾਅ, ਬੇਰੁਜ਼ਗਾਰੀ, ਮਾੜੀ ਸੰਗਤ, ਪਰਿਵਾਰਕ ਸਮੱਸਿਆਵਾਂ ਅਤੇ ਨਸ਼ਿਆਂ ਦੀ ਆਸਾਨ ਉਪਲਬਧਤਾ ਵਰਗੇ ਕਈ ਕਾਰਨ ਹੋ ਸਕਦੇ ਹਨ। ਹਰ ਵਿਅਕਤੀ ਦੀ ਸਥਿਤੀ ਵੱਖਰੀ ਹੁੰਦੀ ਹੈ ਅਤੇ ਉਸ ਨੂੰ ਸਮਝਣ ਦੀ ਲੋੜ ਹੈ। ਜਵਾਨੀ ਕਿਸੇ ਵੀ ਸਮਾਜ ਦੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਇਹ ਉਹ ਉਮਰ ਹੈ ਜਦੋਂ ਨੌਜਵਾਨਾਂ ਨੇ ਪੜ੍ਹਾਈ ਕਰਨੀ ਹੁੰਦੀ ਹੈ, ਹੁਨਰ ਸਿੱਖਣੇ ਹੁੰਦੇ ਹਨ, ਰੁਜ਼ਗਾਰ ਹਾਸਲ ਕਰਨਾ ਹੁੰਦਾ ਹੈ ਅਤੇ ਆਪਣੇ ਪਰਿਵਾਰ ਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣਾ ਹੁੰਦਾ ਹੈ। ਪਰ ਜੇਕਰ ਇਸੇ ਉਮਰ ਵਿੱਚ ਨਸ਼ਾ ਜ਼ਿੰਦਗੀ ਦਾ ਕੇਂਦਰ ਬਣ ਜਾਵੇ, ਤਾਂ ਵਿਅਕਤੀ ਦੇ ਨਾਲ-ਨਾਲ ਸਮਾਜ ਦੀ ਤਰੱਕੀ ਵੀ ਪ੍ਰਭਾਵਿਤ ਹੁੰਦੀ ਹੈ।

ਸਾਨੂੰ ਇਹ ਸਵਾਲ ਵੀ ਪੁੱਛਣਾ ਪਵੇਗਾ ਕਿ ਨੌਜਵਾਨ ਨਿਰਾਸ਼ਾ ਵੱਲ ਕਿਉਂ ਧੱਕੇ ਜਾ ਰਹੇ ਹਨ ? ਕੀ ਉਨ੍ਹਾਂ ਨੂੰ ਆਪਣੀ ਯੋਗਤਾ ਅਨੁਸਾਰ ਰੁਜ਼ਗਾਰ ਦੇ ਮੌਕੇ ਮਿਲ ਰਹੇ ਹਨ ? ਕੀ ਖੇਡ ਮੈਦਾਨ, ਲਾਇਬ੍ਰੇਰੀਆਂ, ਹੁਨਰ ਸਿਖਲਾਈ ਕੇਂਦਰ ਅਤੇ ਸਿਹਤਮੰਦ ਮਨੋਰੰਜਨ ਦੇ ਸਾਧਨ ਉਨ੍ਹਾਂ ਤੱਕ ਪਹੁੰਚ ਰਹੇ ਹਨ ? ਕੀ ਮਾਨਸਿਕ ਤਣਾਅ ਨਾਲ ਜੂਝ ਰਹੇ ਨੌਜਵਾਨਾਂ ਨੂੰ ਸਮੇਂ ਸਿਰ ਸਹਾਇਤਾ ਮਿਲਦੀ ਹੈ ? ਇਹ ਸਵਾਲ ਨਸ਼ਿਆਂ ਦੇ ਕਾਰੋਬਾਰ ਨੂੰ ਜਾਇਜ਼ ਨਹੀਂ ਠਹਿਰਾਉਂਦੇ, ਪਰ ਸਮੱਸਿਆ ਦੀਆਂ ਜੜ੍ਹਾਂ ਤੱਕ ਪਹੁੰਚਣ ਲਈ ਇਨ੍ਹਾਂ ਦੇ ਜਵਾਬ ਲੱਭਣੇ ਲਾਜ਼ਮੀ ਹਨ। ਅਕਸਰ ਸਮਾਜ ਵਿੱਚ ਚਿੱਟੇ ਵਰਗੇ ਖ਼ਤਰਨਾਕ ਨਸ਼ਿਆਂ ਬਾਰੇ ਤਾਂ ਚਰਚਾ ਹੁੰਦੀ ਹੈ, ਪਰ ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਆਦਤ ਨੂੰ ਕਈ ਵਾਰ ਆਮ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਇਹ ਦੋਹਰਾ ਰਵੱਈਆ ਵੀ ਚਿੰਤਾ ਦਾ ਵਿਸ਼ਾ ਹੈ।

ਕਿਸੇ ਵੀ ਨਸ਼ੇ ਦੀ ਸਮੱਸਿਆ ਨੂੰ ਸਿਰਫ਼ ਉਸ ਦੇ ਨਾਮ ਜਾਂ ਸਮਾਜਿਕ ਸਵੀਕਾਰਤਾ ਦੇ ਆਧਾਰ ਉੱਤੇ ਨਹੀਂ, ਸਗੋਂ ਉਸ ਦੇ ਸਿਹਤ, ਪਰਿਵਾਰ ਅਤੇ ਜੀਵਨ ਉੱਤੇ ਪੈਣ ਵਾਲੇ ਪ੍ਰਭਾਵਾਂ ਦੇ ਆਧਾਰ ਉੱਤੇ ਦੇਖਣਾ ਚਾਹੀਦਾ ਹੈ। ਨਸ਼ੇ ਦੀ ਲਤ ਵਧਣ ਤੋਂ ਪਹਿਲਾਂ ਪਛਾਣ, ਸਹੀ ਸਲਾਹ ਅਤੇ ਇਲਾਜ ਮਿਲਣਾ ਬਹੁਤ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਵਾਲੇ ਗੈਰਕਾਨੂੰਨੀ ਨੈੱਟਵਰਕਾਂ ਵਿਰੁੱਧ ਨਿਰਪੱਖ ਅਤੇ ਲਗਾਤਾਰ ਕਾਰਵਾਈ ਹੋਣੀ ਚਾਹੀਦੀ ਹੈ। ਸਿਰਫ਼ ਛੋਟੇ ਪੱਧਰ ਉੱਤੇ ਨਸ਼ਾ ਕਰਨ ਵਾਲਿਆਂ ਨੂੰ ਫੜਨ ਨਾਲ ਸਮੱਸਿਆ ਦੀਆਂ ਜੜ੍ਹਾਂ ਖ਼ਤਮ ਨਹੀਂ ਹੋਣਗੀਆਂ। ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਸਪਲਾਇਰਾਂ, ਵਿੱਤੀ ਨੈੱਟਵਰਕਾਂ ਅਤੇ ਤਸਕਰੀ ਦੇ ਰਸਤੇ ਦੀ ਜਾਂਚ ਕਰਕੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕਰਨੀ ਲਾਜ਼ਮੀ ਹੈ। ਨਸ਼ਿਆਂ ਵਿਰੁੱਧ ਲੜਾਈ ਵਿੱਚ ਸਰਕਾਰ ਦੀ ਭੂਮਿਕਾ ਬੇਹੱਦ ਅਹਿਮ ਹੈ। ਨਸ਼ਾ ਤਸਕਰੀ ਵਿਰੁੱਧ ਕਾਰਵਾਈ, ਸਰਹੱਦੀ ਅਤੇ ਅੰਦਰੂਨੀ ਸਪਲਾਈ ਨੈੱਟਵਰਕਾਂ ਦੀ ਜਾਂਚ, ਨਸ਼ਾ ਛੁਡਾਊ ਕੇਂਦਰਾਂ ਦੀ ਗੁਣਵੱਤਾ, ਸਰਕਾਰੀ ਹਸਪਤਾਲਾਂ ਵਿੱਚ ਇਲਾਜ ਦੀ ਉਪਲਬਧਤਾ ਅਤੇ ਮੁੜ ਵਸੇਬੇ ਦੀਆਂ ਸਹੂਲਤਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਨਸ਼ਾ ਵਿਰੋਧੀ ਮੁਹਿੰਮ ਦੀ ਸਫਲਤਾ ਸਿਰਫ਼ ਦਰਜ ਕੀਤੇ ਗਏ ਮਾਮਲਿਆਂ ਜਾਂ ਗ੍ਰਿਫ਼ਤਾਰੀਆਂ ਦੀ ਗਿਣਤੀ ਨਾਲ ਨਹੀਂ ਮਾਪੀ ਜਾ ਸਕਦੀ। ਅਸਲ ਸਫਲਤਾ ਇਹ ਹੋਵੇਗੀ ਕਿ ਕਿੰਨੇ ਲੋਕ ਨਸ਼ੇ ਦੀ ਲਤ ਤੋਂ ਬਾਹਰ ਆਏ, ਕਿੰਨੇ ਨੌਜਵਾਨ ਮੁੜ ਪੜ੍ਹਾਈ ਜਾਂ ਰੁਜ਼ਗਾਰ ਨਾਲ ਜੁੜੇ, ਕਿੰਨੇ ਪਰਿਵਾਰਾਂ ਨੂੰ ਰਾਹਤ ਮਿਲੀ ਅਤੇ ਨਸ਼ਿਆਂ ਦੀ ਸਪਲਾਈ ਕਿੰਨੀ ਘਟੀ। ਇਸ ਲਈ ਸਰਕਾਰ ਨੂੰ ਨਸ਼ਾ ਛੁਡਾਊ ਕੇਂਦਰਾਂ ਦੀ ਨਿਯਮਤ ਜਾਂਚ, ਇਲਾਜ ਦੀ ਪਾਰਦਰਸ਼ਤਾ, ਸਿਖਲਾਈ ਪ੍ਰਾਪਤ ਮਾਹਿਰਾਂ ਦੀ ਨਿਯੁਕਤੀ ਅਤੇ ਮਰੀਜ਼ਾਂ ਦੀ ਨਿੱਜਤਾ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਨਸ਼ੇ ਤੋਂ ਬਾਹਰ ਆਏ ਨੌਜਵਾਨਾਂ ਨੂੰ ਹੁਨਰ ਸਿਖਲਾਈ, ਰੁਜ਼ਗਾਰ ਅਤੇ ਸਮਾਜ ਵਿੱਚ ਮੁੜ ਸਥਾਪਿਤ ਹੋਣ ਦੇ ਮੌਕੇ ਦੇਣਾ ਵੀ ਉਨਾ ਹੀ ਜ਼ਰੂਰੀ ਹੈ।

ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪੁਲਿਸ ਜਾਂ ਸਰਕਾਰ ਦੇ ਭਰੋਸੇ ਨਹੀਂ ਛੱਡੀ ਜਾ ਸਕਦੀ। ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਸੰਵਾਦ ਵਧਾਉਣਾ ਪਵੇਗਾ। ਉਨ੍ਹਾਂ ਦੀ ਸੰਗਤ, ਮਾਨਸਿਕ ਹਾਲਤ ਅਤੇ ਰੋਜ਼ਾਨਾ ਦੀਆਂ ਆਦਤਾਂ ਬਾਰੇ ਸੰਵੇਦਨਸ਼ੀਲਤਾ ਨਾਲ ਜਾਣਨਾ ਪਵੇਗਾ। ਬੱਚੇ ਦੀ ਬਦਲੀ ਹੋਈ ਜੀਵਨ-ਸ਼ੈਲੀ ਜਾਂ ਵਿਹਾਰ ਨੂੰ ਸਿਰਫ਼ ਡਾਂਟ-ਫਟਕਾਰ ਨਾਲ ਠੀਕ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ, ਉਸ ਦੇ ਪਿੱਛੇ ਮੌਜੂਦ ਕਾਰਨਾਂ ਨੂੰ ਸਮਝਣਾ ਚਾਹੀਦਾ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਦੇ ਨਾਲ-ਨਾਲ ਮਾਨਸਿਕ ਸਿਹਤ ਸਲਾਹ, ਖੇਡਾਂ, ਸੱਭਿਆਚਾਰਕ ਸਰਗਰਮੀਆਂ ਅਤੇ ਕਰੀਅਰ ਮਾਰਗਦਰਸ਼ਨ ਦੀਆਂ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਪਿੰਡਾਂ ਦੀਆਂ ਪੰਚਾਇਤਾਂ, ਸਮਾਜਿਕ ਸੰਸਥਾਵਾਂ, ਧਾਰਮਿਕ ਸੰਸਥਾਵਾਂ ਅਤੇ ਨੌਜਵਾਨ ਕਲੱਬਾਂ ਨੂੰ ਵੀ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਨਸ਼ੇ ਦੀ ਲਤ ਨਾਲ ਜੂਝ ਰਹੇ ਵਿਅਕਤੀ ਨੂੰ ਸਮਾਜਿਕ ਤੌਰ ਉੱਤੇ ਬਦਨਾਮ ਨਾ ਕੀਤਾ ਜਾਵੇ। ਉਸ ਨੂੰ ਅਪਰਾਧੀ ਜਾਂ ਪਰਿਵਾਰ ਦੀ ਇੱਜ਼ਤ ਉੱਤੇ ਧੱਬਾ ਸਮਝਣ ਨਾਲ ਉਹ ਮਦਦ ਮੰਗਣ ਤੋਂ ਹੋਰ ਵੀ ਪਿੱਛੇ ਹਟ ਸਕਦਾ ਹੈ। ਜਿੱਥੇ ਨਸ਼ਾ ਤਸਕਰੀ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਜ਼ਰੂਰੀ ਹੈ, ਉੱਥੇ ਨਸ਼ੇ ਦੇ ਮਰੀਜ਼ਾਂ ਲਈ ਇਲਾਜ, ਹਮਦਰਦੀ ਅਤੇ ਮੁੜ ਵਸੇਬੇ ਦਾ ਰਾਹ ਖੁੱਲ੍ਹਾ ਰੱਖਣਾ ਵੀ ਲਾਜ਼ਮੀ ਹੈ। ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਬਣਾਉਣ ਦਾ ਸੁਪਨਾ ਸਿਰਫ਼ ਨਾਅਰਿਆਂ ਨਾਲ ਪੂਰਾ ਨਹੀਂ ਹੋਵੇਗਾ। ਇਸ ਲਈ ਲਗਾਤਾਰ ਕਾਰਵਾਈ, ਜਵਾਬਦੇਹੀ ਅਤੇ ਲੋਕਾਂ ਦੀ ਭਾਗੀਦਾਰੀ ਦੀ ਲੋੜ ਹੈ। ਹਰ ਪਿੰਡ ਅਤੇ ਸ਼ਹਿਰ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ, ਸਹੀ ਇਲਾਜ ਦੀ ਸਹੂਲਤ, ਨੌਜਵਾਨਾਂ ਲਈ ਰੁਜ਼ਗਾਰ ਅਤੇ ਖੇਡਾਂ ਦੇ ਮੌਕੇ, ਅਤੇ ਨਸ਼ਾ ਤਸਕਰੀ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਇਕੱਠੇ ਚੱਲਣੀ ਚਾਹੀਦੀ ਹੈ। ਸਾਨੂੰ ਇਹ ਵੀ ਯਕੀਨੀ ਬਣਾਉਣਾ ਪਵੇਗਾ ਕਿ ਨਸ਼ਾ ਛੱਡਣ ਵਾਲੇ ਨੌਜਵਾਨ ਨੂੰ ਦੂਜਾ ਮੌਕਾ ਮਿਲੇ। ਜਦੋਂ ਉਹ ਇਲਾਜ ਤੋਂ ਬਾਅਦ ਘਰ ਵਾਪਸ ਆਵੇ, ਤਾਂ ਉਸ ਨੂੰ ਸ਼ੱਕ, ਤਿਰਸਕਾਰ ਅਤੇ ਤਾਅਨਿਆਂ ਦੀ ਬਜਾਏ ਸਹਿਯੋਗ ਮਿਲੇ। ਉਸ ਦੇ ਹੱਥ ਵਿੱਚ ਕੰਮ ਹੋਵੇ, ਸਾਹਮਣੇ ਮਕਸਦ ਹੋਵੇ ਅਤੇ ਸਮਾਜ ਵਿੱਚ ਉਸ ਲਈ ਇੱਜ਼ਤ ਵਾਲੀ ਥਾਂ ਹੋਵੇ। ਅੰਤ ਵਿੱਚ ਸਵਾਲ ਸਿਰਫ਼ ਇਹ ਨਹੀਂ ਕਿ ਪੰਜਾਬ ਵਿੱਚ ਨਸ਼ਾ ਕੌਣ ਵੇਚ ਰਿਹਾ ਹੈ; ਸਵਾਲ ਇਹ ਵੀ ਹੈ ਕਿ ਸਾਡੀ ਜਵਾਨੀ ਨੂੰ ਨਸ਼ੇ ਤੋਂ ਦੂਰ ਰੱਖਣ ਲਈ ਅਸੀਂ ਕੀ ਕਰ ਰਹੇ ਹਾਂ। ਜੇਕਰ ਅੱਜ ਵੀ ਅਸੀਂ ਇਸ ਸਮੱਸਿਆ ਨੂੰ ਸਿਰਫ਼ ਦੂਜਿਆਂ ਦੀ ਜ਼ਿੰਮੇਵਾਰੀ ਸਮਝ ਕੇ ਟਾਲਦੇ ਰਹੇ, ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਜਵਾਬਦੇਹ ਠਹਿਰਾਉਣਗੀਆਂ। ਪੰਜਾਬ ਦੀ ਅਸਲ ਤਾਕਤ ਉਸ ਦੇ ਨੌਜਵਾਨ ਹਨ। ਉਨ੍ਹਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਸਿੱਖਿਆ, ਰੁਜ਼ਗਾਰ, ਖੇਡਾਂ ਅਤੇ ਸਿਹਤਮੰਦ ਜੀਵਨ ਵੱਲ ਲਿਜਾਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਕਿਉਂਕਿ ਜਦੋਂ ਜਵਾਨੀ ਬਚੇਗੀ, ਤਾਂ ਹੀ ਪੰਜਾਬ ਦਾ ਭਵਿੱਖ ਬਚੇਗਾ।

ਪੰਜਾਬ ਦੇ ਆਂਢ-ਗੁਆਂਢ ਪੰਜਾਬੀ ਦਾ ਸਥਾਨ

ਅਭੈ ਸਿੰਘ


ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਮੌਜੂਦਾ ਪੰਜਾਬ ਦੇ ਨਕਸ਼ੇ 'ਤੇ ਉਸ ਦੇ ਚਾਰੇ ਪਾਸੇ ਦੀਆਂ ਸਰਹੱਦਾਂ ਤੋਂ ਪਾਰ ਮੀਲਾਂ ਤੱਕ ਪੰਜਾਬੀ ਬੋਲਦਾ ਇਲਾਕਾ ਹੈ ਤੇ ਉੱਥੇ ਕਿਸੇ ਹੱਦ ਤੱਕ ਪੰਜਾਬੀ ਜ਼ੁਬਾਨ ਦੀ ਮਾਨਤਾ ਵੀ ਕਾਇਮ ਹੈ। ਦੇਸ਼ਵੰਡ ਮਗਰੋਂ ਪੰਜਾਬ ਦਾ ਜੋ ਹਿੱਸਾ ਭਾਰਤ ਵਿੱਚ ਆਇਆ, ਉਸ ਦਾ ਨਾਂ 'ਪੂਰਬੀ ਪੰਜਾਬ' ਰੱਖਿਆ ਗਿਆ। ਛੋਟੇ ਹੁੰਦਿਆਂ ਸਕੂਲਾਂ ਵਿੱਚ ਗਾਇਆ ਜਾਂਦਾ ਇੱਕ ਗੀਤ ਅੱਜ ਤੱਕ ਯਾਦ ਹੈ, 'ਸਾਨੂੰ ਕੋਈ ਮਾਰੇ ਨਾ, ਸਾਨੂੰ ਕੋਈ ਝਿੜਕੇ ਨਾ, ਅਸੀਂ ਹਾਂ ਫੁੱਲ ਗੁਲਾਬ ਦੇ, ਪੂਰਬੀ ਪੰਜਾਬ ਦੇ।' ਬਾਅਦ ਵਿੱਚ ਜਦੋਂ ਪਾਕਿਸਤਾਨ ਵਿੱਚ ਪੈਂਦੇ ਪੰਜਾਬ ਨਾਲੋਂ 'ਮਗਰਬੀ' ਸ਼ਬਦ ਹਟਾ ਦਿੱਤਾ ਗਿਆ ਤਾਂ ਭਾਰਤੀ ਪੰਜਾਬ ਨਾਲੋਂ ਵੀ 'ਪੂਰਬੀ' ਸ਼ਬਦ ਵੱਖ ਕਰ ਦਿੱਤਾ ਗਿਆ। ਆਮ ਤੌਰ 'ਤੇ ਪੰਜਾਬ ਦੇ ਭਾਰਤ ਵਾਲੇ ਹਿੱਸੇ ਨੂੰ 'ਚੜ੍ਹਦਾ ਪੰਜਾਬ' ਤੇ ਪਾਕਿਸਤਾਨ ਵਾਲੇ ਹਿੱਸੇ ਨੂੰ 'ਲਹਿੰਦਾ ਪੰਜਾਬ' ਵੀ ਆਖ ਦਿੱਤਾ ਜਾਂਦਾ ਹੈ।

ਲਹਿੰਦਾ ਪੰਜਾਬ ਆਕਾਰ ਵਿੱਚ ਚੜ੍ਹਦੇ ਪੰਜਾਬ ਨਾਲੋਂ ਲਗਪਗ ਚਾਰ ਗੁਣਾ ਵੱਡਾ ਹੈ। ਉੱਥੋਂ ਦੀ ਜ਼ੁਬਾਨ ਪੰਜਾਬੀ ਹੀ ਮੰਨੀ ਜਾਂਦੀ ਹੈ ਭਾਵੇਂ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਉਰਦੂ ਤੇ ਛੇਵੀਂ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਉੱਥੇ ਪੰਜਾਬੀ ਗੁਰਮੁਖੀ ਲਿਪੀ ਵਿੱਚ ਨਹੀਂ ਸਗੋਂ ਸ਼ਾਹਮੁਖੀ ਵਿੱਚ ਲਿਖੀ ਜਾਂਦੀ ਹੈ। ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ 'ਪੰਜਾਬੀ ਅਦਬੀ ਬੋਰਡ' ਦੀ ਸਥਾਪਨਾ ਕੀਤੀ ਗਈ ਹੈ, ਜੋ ਕਿਤਾਬਾਂ ਵੀ ਛਾਪਦਾ ਹੈ। ਉੱਥੇ ਪੰਜਾਬੀ ਦੇ ਕਈ ਰਸਾਲੇ ਨਿਕਲਦੇ ਹਨ ਤੇ ਬੱਚਿਆਂ ਵਾਸਤੇ ਕਿਤਾਬਾਂ ਵੀ ਛਪਦੀਆਂ ਹਨ। ਸੱਭਿਆਚਾਰਕ ਇਕੱਠਾਂ ਵਿੱਚ ਪੰਜਾਬੀ ਦੇ ਹੀ ਗੀਤਾਂ ਦੀ ਭਰਮਾਰ ਹੁੰਦੀ ਹੈ ਤੇ ਬੁੱਲੇ ਸ਼ਾਹ ਦੀਆਂ ਕਾਫ਼ੀਆਂ ਅਕਸਰ ਰੰਗ ਬੰਨ੍ਹਦੀਆਂ ਹਨ।

ਲਹਿੰਦੇ ਪੰਜਾਬ ਦੇ ਪੱਛਮ ਵਿੱਚ ਵੱਡਾ ਸੂਬਾ ਖ਼ੈਬਰ ਪਖ਼ਤੂਨਖ਼ਵਾ ਹੈ, ਜਿਸ ਨੂੰ ਪਹਿਲਾਂ ਫਰੰਟੀਅਰ ਸੂਬਾ ਕਹਿੰਦੇ ਸਨ ਜਿਸ ਦੀ ਪ੍ਰਵਾਨਿਤ ਭਾਸ਼ਾ ਪਸ਼ਤੋ ਹੈ, ਜਿਸ ਦੇ ਕਈ ਹਿੱਸਿਆਂ ਵਿੱਚ ਪੰਜਾਬੀ ਲੋਕ ਵੱਸਦੇ ਹਨ। ਪਿਸ਼ਾਵਰ ਤੋਂ ਬਾਅਦ ਇਸ ਦਾ ਵੱਡਾ ਅਹਿਮ ਸ਼ਹਿਰ ਐਬਟਾਬਾਦ ਹੈ, ਜੋ ਪੂਰੀ ਤਰ੍ਹਾਂ ਪੰਜਾਬੀ ਹੈ। ਇੱਥੋਂ ਦਾ ਇੱਕ ਇਲਾਕਾ 'ਹਜ਼ਾਰਾ' ਪੰਜਾਬੀ ਪ੍ਰਭਾਵ ਵਾਲਾ ਹੀ ਹੈ। ਇਸੇ ਲਈ ਤਾਂ ਨੂਰ ਜਹਾਂ ਗਾਉਂਦੀ ਹੈ, "ਇੱਕ ਮੈਂ ਸੋਹਣੀ, ਮੇਰਾ ਮਾਹੀ ਸੋਹਣਾ, ਮੇਰਾ ਸੋਹਣਾ ਦੇਸ ਹਜ਼ਾਰਾ ਨੀਂ ਸਈਓ।"

ਪਾਕਿਸਤਾਨ ਵਾਲੇ ਪਾਸੇ ਦਾ ਕਸ਼ਮੀਰ ਲਹਿੰਦੇ ਪੰਜਾਬ ਨਾਲ ਲੱਗਦਾ ਹੈ। ਉੱਥੇ ਕਸ਼ਮੀਰੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਦਸ-ਪੰਦਰਾਂ ਫ਼ੀਸਦੀ ਹੀ ਹੈ, ਬਾਕੀ ਸਭ ਪੰਜਾਬੀ ਬੋਲਦਾ ਇਲਾਕਾ ਹੈ। ਉੱਥੋਂ ਦੇ ਵਸਨੀਕ ਆਪਣੀ ਮਾਂ ਬੋਲੀ ਪੰਜਾਬੀ, ਪਹਾੜੀ ਤੇ ਪੋਠੋਹਾਰੀ ਵੀ ਦੱਸਦੇ ਹਨ। ਹਾਲਾਂਕਿ ਸਰਕਾਰੀ ਜ਼ੁਬਾਨ ਉਰਦੂ ਹੈ, ਪਰ ਆਮ ਬੋਲ-ਚਾਲ ਲਈ ਵੱਡੀ ਗਿਣਤੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਬਾਨੋ ਰਹਿਮਤ ਦਾ ਗਾਇਆ 'ਮਾਹੀਆ ਕਸ਼ਮੀਰ ਦਿਆ, ਜ਼ਰਾ ਖੜ੍ਹ ਮੇਰੇ ਕੋਲ' ਉੱਥੋਂ ਦਾ ਹਰਮਨ ਪਿਆਰਾ ਗੀਤ ਹੈ। ਕੁੱਲ ਮਿਲਾ ਕੇ ਅੱਜ ਸੰਸਾਰ ਵਿੱਚ ਪੰਜਾਬੀਆਂ ਦਾ ਸਭ ਤੋਂ ਵੱਡਾ ਮੁਲਕ ਪਾਕਿਸਤਾਨ ਹੈ।

ਦੇਸ਼ ਦੀ ਤਕਸੀਮ ਤੋਂ ਬਾਅਦ ਪੂਰਬੀ ਪੰਜਾਬ ਦੀ ਪਹਿਲੀ ਰਾਜਧਾਨੀ ਸ਼ਿਮਲਾ ਬਣੀ। ਇੱਥੇ ਹੀ ਰਾਜਪਾਲ, ਮੁੱਖ ਮੰਤਰੀ ਤੇ ਮੰਤਰੀਆਂ ਨੂੰ ਸਹੁੰ ਚੁਕਾਈ ਗਈ। ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵੀ ਦੋ ਹਿੱਸੇ ਹੋ ਗਏ ਤੇ ਏਧਰ ਇੱਕ ਹੋਰ ਪੰਜਾਬ ਯੂਨੀਵਰਸਿਟੀ, ਸੋਲਨ ਬਣ ਗਈ। ਲੰਮਾ ਸਮਾਂ ਓਧਰ ਦੀ ਯੂਨੀਵਰਸਿਟੀ ਤੋਂ ਰਿਕਾਰਡ ਏਧਰ ਲਿਆਏ ਜਾਂਦੇ ਰਹੇ। ਇੱਥੇ ਸ਼ਿਮਲੇ ਵਿੱਚ ਹੀ ਪੰਜਾਬ ਸਰਕਾਰ ਨੇ ਪਹਿਲੀ ਜਮਾਤ ਤੋਂ ਉਰਦੂ ਦੀ ਪੜ੍ਹਾਈ ਬੰਦ ਕਰ ਕੇ ਪੰਜਾਬੀ ਜਾਂ ਹਿੰਦੀ ਲਾਜ਼ਮੀ ਕੀਤੀ ਤੇ ਚੌਥੀ ਜਮਾਤ ਵਿੱਚ ਇਨ੍ਹਾਂ ਵਿੱਚੋਂ ਦੂਜੀ ਭਾਸ਼ਾ ਸ਼ੁਰੂ ਕੀਤੀ। ਵਰਤਮਾਨ ਹਰਿਆਣਾ ਤੇ ਹਿਮਾਚਲ ਦੇ ਵੱਡੇ ਇਲਾਕੇ ਵਿੱਚ ਦੂਰ-ਦੁਰਾਡੇ ਤੋਂ ਵੀ ਦਸਵੀਂ ਪੜ੍ਹੇ ਲੋਕ ਪੰਜਾਬੀ ਤੇ ਹਿੰਦੀ ਦੇ ਅਧਿਆਪਕ ਲਗਾ ਦਿੱਤੇ ਗਏ ਸਨ, ਸਿਖਲਾਈ ਬਾਅਦ ਵਿੱਚ ਸਹੀ। ਇਸੇ ਤਰ੍ਹਾਂ ਲਾਹੌਲ ਸਪਿਤੀ ਤੱਕ ਅੰਗਰੇਜ਼ੀ ਤੇ ਉਰਦੂ ਦੇ ਨਾਲ ਨਾਲ ਸਰਕਾਰੀ ਦਫ਼ਤਰਾਂ 'ਚ ਹਿੰਦੀ ਤੇ ਪੰਜਾਬੀ ਦੇ ਬੋਰਡ ਲੱਗ ਗਏ। ਮੰਨਣਾ ਪਵੇਗਾ ਕਿ ਪੰਜਾਬ ਦੇ ਪੁਨਰਗਠਨ, ਭਾਵ ਪੰਜਾਬੀ ਸੂਬਾ ਬਣਨ ਨਾਲ ਪੰਜਾਬੀ ਦਾ ਪ੍ਰਭਾਵ ਖੇਤਰ ਬਹੁਤ ਘਟ ਗਿਆ। ਪੰਜਾਬੀ ਨੂੰ ਸਭ ਤੋਂ ਵੱਡਾ ਝਟਕਾ ਹਿਮਾਚਲ ਵਿੱਚ



ਲੱਗਿਆ, ਜਿੱਥੇ ਅੱਜ ਇਸ ਭਾਸ਼ਾ ਨੂੰ ਕਿਸੇ ਵੀ ਪੱਧਰ 'ਤੇ ਸਰਕਾਰੀ ਮਾਨਤਾ ਹਾਸਲ ਨਹੀਂ ਹੈ। ਹਾਲਾਂਕਿ ਇੱਕ ਵੱਡੇ ਇਲਾਕੇ ਵਿੱਚ ਇਹ ਲੋਕਾਂ ਦੀ ਆਮ ਬੋਲਚਾਲ ਦੀ ਭਾਸ਼ਾ ਹੈ, ਪਰ ਇਸ ਦਾ ਨਾਂ ਪਹਾੜੀ ਜਾਂ ਕਈ ਥਾਂ ਡੋਗਰੀ ਵੀ ਲਿਆ ਜਾਂਦਾ ਹੈ। ਆਪਣੇ ਲੰਮੇ ਸਾਂਝੇ ਇਤਿਹਾਸ ਦੀ ਬਦੌਲਤ ਅੱਜ ਵੀ ਹਿਮਾਚਲ ਦੇ ਲੋਕ ਗੀਤਾਂ ਅਤੇ ਧਾਰਮਿਕ ਗੀਤਾਂ ਵਿੱਚ ਪੰਜਾਬੀ ਭਾਸ਼ਾ ਦਾ ਰੰਗ ਸਹਿਜੇ ਹੀ ਦੇਖਣ ਨੂੰ ਮਿਲਦਾ ਹੈ।

ਪੰਜਾਬ ਦਾ ਵੱਡਾ ਗੁਆਂਢੀ ਸੂਬਾ ਹਰਿਆਣਾ ਹੈ, ਜੋ 1966 ਤੱਕ ਪੰਜਾਬ ਦਾ ਹਿੱਸਾ ਰਿਹਾ। ਇਹੀ ਕਾਰਨ ਹੈ ਕਿ ਇੱਥੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਪੰਜਾਬ ਦੇ ਹੋਰਨਾਂ ਗੁਆਂਢੀ ਸੂਬਿਆਂ ਦੇ ਮੁਕਾਬਲੇ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਨੂੰ ਬਿਹਤਰ ਸਰਕਾਰੀ ਮਾਨਤਾ ਮਿਲੀ ਹੈ। ਹਰਿਆਣਾ ਅਸੈਂਬਲੀ ਨੇ ਪੰਜਾਬੀ ਨੂੰ ਦੂਜੀ ਰਾਜ ਭਾਸ਼ਾ ਦਾ ਦਰਜਾ ਦਿੱਤਾ ਹੈ ਤੇ ਉੱਥੇ ਬਹੁਤ ਸਾਰੇ ਸਕੂਲਾਂ ਵਿੱਚ ਛੇਵੀਂ ਜਮਾਤ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਇੱਥੇ ਸਰਕਾਰੀ ਤੌਰ 'ਤੇ ਕਾਇਮ ਕੀਤੀ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਹੈ, ਜੋ ਪੰਜਾਬੀ ਦਾ ਰਸਾਲਾ 'ਸ਼ਬਦ ਬੂੰਦ' ਕੱਢਦੀ ਹੈ ਤੇ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਵੀ ਕਰਦੀ ਹੈ। ਫਿਰ ਵੀ ਹਰਿਆਣਾ ਵਿੱਚ ਪੰਜਾਬੀ ਦੇ ਚੰਗੇ ਮੁਕਾਮ ਵਾਸਤੇ ਹੋਰ ਉਪਰਾਲਿਆਂ ਦੀ ਲੋੜ ਹੈ, ਜਿਸ ਵਾਸਤੇ ਉੱਥੋਂ ਦੇ ਪੰਜਾਬੀ ਪ੍ਰੇਮੀ ਆਵਾਜ਼ ਉਠਾਉਂਦੇ ਰਹਿੰਦੇ ਹਨ।

ਦਿੱਲੀ ਅੱਜ ਪੰਜਾਬ ਦਾ ਗੁਆਂਢੀ ਨਹੀਂ ਰਿਹਾ ਤੇ ਉੱਥੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਉਰਦੂ ਨਾਲ ਸਾਂਝਾ ਕਰਨਾ ਪੈ ਰਿਹਾ ਹੈ। ਉੱਥੇ ਵੀ ਸਰਕਾਰੀ 'ਪੰਜਾਬੀ ਅਕਾਦਮੀ' ਹੈ। ਰਾਜਸਥਾਨ ਵਿੱਚ ਪੰਜਾਬ ਦੀ ਸਰਹੱਦ ਨਾਲ ਲੱਗਦੇ ਇਲਾਕਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ। ਉੱਥੇ ਰਾਜਸਥਾਨੀ ਨੂੰ ਦੂਜੀ ਅਤੇ ਪੰਜਾਬੀ, ਉਰਦੂ ਤੇ ਸਿੰਧੀ ਨੂੰ ਤੀਜੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ।

ਵਰਤਮਾਨ ਸਮੇਂ ਵਿੱਚ ਜੰਮੂ ਕਸ਼ਮੀਰ ਦੀ ਸਰਹੱਦ ਪੰਜਾਬ ਨਾਲ ਬੱਸ ਚੁੰਝ ਮਾਤਰ ਹੀ ਲੱਗਦੀ ਹੈ, ਪਰ ਉੱਥੇ ਪੰਜਾਬੀ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਹੈ। ਤੁਸੀਂ ਜੰਮੂ ਤੇ ਕਟੜਾ ਦੇ ਰੇਲਵੇ ਸਟੇਸ਼ਨਾਂ 'ਤੇ ਜਾਓਗੇ ਤਾਂ ਉੱਥੇ ਅੰਗਰੇਜ਼ੀ ਤੇ ਹਿੰਦੀ ਦੇ ਨਾਲ ਨਾਲ ਡੋਗਰੀ ਵਿੱਚ ਵੀ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਪੰਜਾਬ ਦੇ ਕਿਸੇ ਵੀ ਯਾਤਰੀ ਨੂੰ ਡੋਗਰੀ ਭਾਸ਼ਾ ਕਿਸੇ ਵੀ ਪੱਖੋਂ ਪੰਜਾਬੀ ਤੋਂ ਵੱਖਰੀ ਨਹੀਂ ਲੱਗਦੀ। ਦੱਸਦੇ ਨੇ ਕਿ ਜਦੋਂ ਕਸ਼ਮੀਰ ਵਿੱਚ ਪਾਕਿਸਤਾਨ ਵਾਲੇ ਪਾਸੇ ਦਾ ਹਿੱਸਾ ਵੀ ਸ਼ਾਮਿਲ ਸੀ ਤਾਂ ਉਸ ਵੇਲੇ ਦੀ ਪਹਿਲੀ ਮਰਦਮਸ਼ੁਮਾਰੀ ਵਿੱਚ ਸਭ ਤੋਂ ਵੱਡੀ ਗਿਣਤੀ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਸੀ। ਫਿਰ ਜਦੋਂ ਡੋਗਰੀ, ਪਹਾੜੀ ਤੇ ਗੋਜਰੀ ਨੂੰ ਪੂਰਨ ਭਾਸ਼ਾਵਾਂ ਦਾ ਦਰਜਾ ਮਿਲ ਗਿਆ ਤਾਂ ਅੰਕੜਿਆਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਾਫ਼ੀ ਘਟ ਗਈ। ਇਹ ਭਾਸ਼ਾਵਾਂ ਇੰਨੀਆਂ ਮਿਲਦੀਆਂ ਜੁਲਦੀਆਂ ਹਨ ਕਿ ਜਦੋਂ ਇਨ੍ਹਾਂ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਜਾਂਦਾ ਹੈ ਤਾਂ ਇਹ ਪੰਜਾਬੀ ਹੁੰਦੀ ਹੈ, ਦੇਵਨਾਗਰੀ ਵਿੱਚ ਲਿਖੀ ਜਾਵੇ ਤਾਂ ਡੋਗਰੀ ਬਣ ਜਾਂਦੀ ਹੈ ਤੇ ਜੇ ਸ਼ਾਹਮੁਖੀ ਵਿੱਚ ਲਿਖੀ ਜਾਵੇ ਤਾਂ ਇਹ ਭਾਸ਼ਾ ਪਹਾੜੀ ਜਾਂ ਗੋਜਰੀ ਕਹਾਉਂਦੀ ਹੈ। ਜੰਮੂ ਕਸ਼ਮੀਰ ਦਾ ਭਾਸ਼ਾ ਵਿਭਾਗ ਆਪਣਾ ਸਾਹਿਤਕ ਰਸਾਲਾ 'ਸ਼ੀਰਾਜ਼ਾ' ਪੰਜਾਬੀ ਸਮੇਤ ਇਨ੍ਹਾਂ ਸਾਰੀਆਂ ਭਾਸ਼ਾਵਾਂ ਵਿੱਚ ਕੱਢਦਾ ਹੈ। ਸਾਡੇ ਪੰਜਾਬੀ ਸਾਹਿਤਕਾਰ ਆਪਣੇ ਵੱਲੋਂ ਵੀ ਕਈ ਸਾਹਿਤਕ ਰਸਾਲੇ 'ਹਿਮਾਲਾ', 'ਜਿਹਲਮ ਦਾ ਪਾਣੀ' ਤੇ 'ਕੇਸਰ ਮਹਿਕਾਂ' ਆਦਿ ਕੱਢਦੇ ਹਨ ਤੇ ਹੁਣੇ ਜੰਮੂ ਤੋਂ ਇੱਕ ਹੋਰ ਤਿਮਾਹੀ ਰਸਾਲਾ 'ਅਸੀਂ' ਸ਼ੁਰੂ ਕੀਤਾ ਗਿਆ ਹੈ।

ਡੋਗਰਾ ਹਕੂਮਤਾਂ ਵੇਲੇ ਤੋਂ ਹੀ ਜੰਮੂ ਕਸ਼ਮੀਰ ਵਾਸਤੇ ਉਰਦੂ ਇੱਕੋ ਇੱਕ ਸਰਕਾਰੀ ਭਾਸ਼ਾ ਚਲੀ ਆ ਰਹੀ ਹੈ। ਧਾਰਾ 370 ਰੱਦ ਕੀਤੇ ਜਾਣ ਵੇਲੇ ਕੇਂਦਰ ਸਰਕਾਰ ਨੇ ਉੱਥੋਂ ਵਾਸਤੇ ਪੰਜ ਰਾਜ ਭਾਸ਼ਾਵਾਂ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਉਰਦੂ, ਕਸ਼ਮੀਰੀ, ਹਿੰਦੀ, ਡੋਗਰੀ ਤੇ ਅੰਗਰੇਜ਼ੀ ਸ਼ਾਮਿਲ ਹਨ। ਹਾਲਾਂਕਿ ਸਾਡੇ ਮੁਲਕ ਦੇ ਕਿਸੇ ਵੀ ਗ਼ੈਰ-ਹਿੰਦੀ ਰਾਜ ਵਿੱਚ ਹਿੰਦੀ ਰਾਜ ਭਾਸ਼ਾ ਨਹੀਂ ਐਲਾਨੀ ਗਈ ਤੇ ਅੰਗਰੇਜ਼ੀ ਨੂੰ ਇਹ ਦਰਜਾ ਦੇਣ ਦੀ ਕੋਈ ਤੁਕ ਨਹੀਂ।

ਇੱਥੇ ਕਾਫ਼ੀ ਸਕੂਲਾਂ ਤੇ ਕਾਲਜਾਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ ਤੇ ਜੰਮੂ ਯੂਨੀਵਰਸਿਟੀ ਵਿੱਚ ਪੰਜਾਬੀ ਵਿਭਾਗ ਵੀ ਹੈ। ਜੰਮੂ ਕਸ਼ਮੀਰ ਨੇ ਪੰਜਾਬੀ ਦੇ ਮਿਆਰੀ ਸਾਹਿਤਕਾਰ ਪੈਦਾ ਕੀਤੇ ਹਨ। ਅੱਜ ਦੀ ਬਹੁਤ ਗੁੰਝਲਦਾਰ ਹਾਲਤ ਵਿੱਚ ਵੀ ਉੱਥੋਂ ਦੇ ਪੰਜਾਬੀ ਪ੍ਰੇਮੀ ਭਾਸ਼ਾ ਦੇ ਉਭਾਰ ਵਾਸਤੇ ਯਤਨਸ਼ੀਲ ਹਨ।

ਹੁਣ ਤੱਕ ਅਸੀਂ ਪੰਜਾਬ ਨਾਲ ਸਰਹੱਦਾਂ ਸਾਂਝੀਆਂ ਕਰਨ ਵਾਲੇ ਸੂਬਿਆਂ ਦੀ ਗੱਲ ਕੀਤੀ ਹੈ, ਪਰ ਐਸੇ ਵੀ ਕੁਝ ਇਲਾਕੇ ਹਨ, ਜਿਨ੍ਹਾਂ ਨਾਲ ਬੇਸ਼ੱਕ ਮੌਜੂਦਾ ਪੰਜਾਬ ਦੀਆਂ ਸਰਹੱਦਾਂ ਨਹੀਂ ਲੱਗਦੀਆਂ, ਪਰ ਉੱਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਾਫ਼ੀ ਹੈ। ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 'ਕੁੱਲ ਭਾਰਤ ਪੰਜਾਬੀ ਕਾਨਫਰੰਸਾਂ' ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਪੰਜਾਬ, ਹਰਿਆਣਾ ਤੇ ਜੰਮੂ ਕਸ਼ਮੀਰ ਤੋਂ ਇਲਾਵਾ ਝਾਰਖੰਡ, ਉੜੀਸਾ ਤੇ ਛੱਤੀਸਗੜ੍ਹ ਤੋਂ ਵੀ ਡੈਲੀਗੇਟ ਆਏ ਸਨ। ਇਹ ਤਜਰਬਾ ਚੰਗਾ ਸਾਬਿਤ ਹੋਇਆ ਸੀ।
ਜੇਕਰ ਇਸ 'ਤੇ ਮੁੜ ਵਿਚਾਰ ਕਰਕੇ ਉੱਦਮ ਕੀਤਾ ਜਾਵੇ ਤਾਂ ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ ਤੇ ਬੰਗਾਲ ਤੋਂ ਵੀ ਪੰਜਾਬੀ ਸੱਜਣ ਜੁੜ ਸਕਦੇ ਹਨ। ਪਾਕਿਸਤਾਨ ਵਿੱਚ ਵੀ ਜਦੋਂ ਪੰਜਾਬ ਤੋਂ ਬਾਹਰਲੇ ਇਲਾਕਿਆਂ 'ਤੇ ਨਜ਼ਰ ਮਾਰੀਏ ਤਾਂ ਸਮਝ ਆਉਂਦਾ ਹੈ ਕਿ ਇਸ ਉਪ ਮਹਾਂਦੀਪ ਵਿੱਚ ਬਹੁਤ ਵੱਡਾ ਇਲਾਕਾ ਪੰਜਾਬੀ ਬੋਲਣ ਵਾਲਿਆਂ ਦਾ ਹੈ, ਜੋ ਆਪਸੀ ਸਾਂਝ ਅਤੇ ਤਾਲਮੇਲ ਵਧਾਉਣ ਦਾ ਹਾਮੀ ਹੈ।

ਸੰਤ ਨਗਰ, ਮੰਡੀ ਗੋਬਿੰਦਗੜ੍ਹ ਵਿਖੇ ਨਸ਼ਾ ਤਸਕਰ ਦੀ ਅਣਅਧਿਕਾਰਤ ਉਸਾਰੀ ਨੂੰ ਢਾਹਿਆ

ਫ਼ਤਹਿਗੜ੍ਹ ਸਾਹਿਬ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ



ਨਸ਼ਿਆਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਜ਼ਿਲ੍ਹਾ ਪੁਲਿਸ ਫ਼ਤਹਿਗੜ੍ਹ ਸਾਹਿਬ ਵੱਲੋਂ ਲਗਾਤਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

ਇਸੇ ਤਹਿਤ ਨਗਰ ਕੌਂਸਲ, ਮੰਡੀ ਗੋਬਿੰਦਗੜ੍ਹ ਅਤੇ ਪੁਲਿਸ ਵੱਲੋਂ ਸਾਂਝੀ ਕਾਰਵਾਈ ਕਰਦਿਆਂ ਸੰਤ ਨਗਰ, ਢੇਹਾ ਬਸਤੀ ਦੇ ਇਲਾਕੇ ਵਿੱਚ ਨਸ਼ਾ ਤਸ਼ਕਰ ਦੀ ਅਣਅਧਿਕਾਰਤ ਉਸਾਰੀ ਨੂੰ ਢਾਹਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਜਿਸ ਵਿਅਕਤੀ ਦੀ ਨਜਾਇਜ ਉਸਾਰੀ ਨੂੰ ਢਾਹਿਆ ਗਿਆ ਹੈ, ਉਸ ਵਿਰੁੱਧ ਕਰੀਬ 07 ਮੁਕੱਦਮੇ ਦਰਜ ਹਨ, ਜਿਨ੍ਹਾਂ ਵਿੱਚੋਂ ਕਈ ਮੁਕੱਦਮਿਆਂ ਵਿੱਚ ਉਸ ਨੂੰ ਸਜ਼ਾ ਵੀ ਹੋ ਚੁੱਕੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੁਲਿਸ ਕੇਵਲ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਹੀ ਨਹੀਂ ਕਰ ਰਹੀ, ਸਗੋਂ ਨਸ਼ਿਆਂ ਦੀ ਲਤ ਦਾ ਸ਼ਿਕਾਰ ਨੌਜਵਾਨਾਂ ਨੂੰ ਮੁੜ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਨਸ਼ਾ ਮੁਕਤੀ ਕੇਂਦਰਾਂ ਵਿੱਚ ਭੇਜਣ ਅਤੇ ਇਲਾਜ ਮੁਹੱਈਆ ਕਰਵਾਉਣ ਲਈ ਵੀ ਵਿਸ਼ੇਸ਼ ਮੁਹਿੰਮ ਚਲਾ ਰਹੀ ਹੈ। ਐਸ.ਐਸ.ਪੀ. ਸ਼ੁਭਮ ਅਗਰਵਾਲ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਕੋਲ ਕਿਸੇ ਨਸ਼ਾ ਤਸਕਰ ਬਾਰੇ ਪੁਖਤਾ ਜਾਣਕਾਰੀ ਹੈ ਤਾਂ ਉਹ ਪੁਲਿਸ ਪ੍ਰਸ਼ਾਸ਼ਨ ਨੂੰ ਦੇ ਸਕਦੇ ਹਨ, ਜਿਸਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ। ਇਸ ਮੌਕੇ ਐਸ.ਪੀ. ਅਮਨਦੀਪ ਸਿੰਘ ਬਰਾੜ, ਡੀ.ਐਸ.ਪੀ.ਅਮਲੋਹ ਬਿਕਰਮਜੀਤ ਸਿੰਘ ਘੁੰਮਣ, ਪ੍ਰਧਾਨ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਸ੍ਰੀ ਹਰਪ੍ਰੀਤ ਸਿੰਘ ਪ੍ਰਿੰਸ਼ ਤੋਂ ਇਲਾਵਾ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਦੇ ਹੋਰ ਅਧਿਕਾਰੀ ਹਾਜਰ ਸਨ।

ਸਰਕਾਰੀ ਹਾਈ ਸਕੂਲ ਮੰਡੋਲੀ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਗਤੀਵਿਧੀ ਕਰਵਾਈ

ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਖੇਤੀਬਾੜੀ ਅਫ਼ਸਰ ਡਾ. ਰਣਜੋਧ ਸਿੰਘ ਬੈਂਸ ਦੀ ਅਗਵਾਈ ਹੇਠ ਸਰਕਾਰੀ ਹਾਈ ਸਕੂਲ ਮੰਡੋਲੀ ਵਿਖੇ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਅਨੁਰਾਗ ਅੱਤਰੀ ਵੱਲੋਂ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਨਾਲ ਵਾਤਾਵਰਣ, ਮਨੁੱਖੀ ਸਿਹਤ, ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਖੇਤੀਬਾੜੀ ਲਈ ਲਾਹੇਵੰਦ ਜੀਵਾਂ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਅਨੁਰਾਗ ਅੱਤਰੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਹਵਾ ਪ੍ਰਦੂਸ਼ਣ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਸਾਹ ਦੀਆਂ ਬਿਮਾਰੀਆਂ ਸਮੇਤ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਤੋਂ ਇਲਾਵਾ, ਅੱਗ ਲਗਾਉਣ ਨਾਲ ਜ਼ਮੀਨ ਵਿੱਚ ਮੌਜੂਦ ਲਾਭਕਾਰੀ ਸੂਖਮ ਜੀਵਾਂ ਅਤੇ ਮਿੱਤਰ ਕੀੜਿਆਂ ਦਾ ਨੁਕਸਾਨ ਹੁੰਦਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵੀ ਪ੍ਰਭਾਵਿਤ ਹੁੰਦੀ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਖ਼ੁਦ ਪਰਾਲੀ ਨਾ ਸਾੜਨ ਦਾ ਸੰਦੇਸ਼ ਅਪਣਾਉਣ ਅਤੇ ਆਪਣੇ ਮਾਪਿਆਂ, ਰਿਸ਼ਤੇਦਾਰਾਂ ਅਤੇ



ਆਲੇ-ਦੁਆਲੇ ਦੇ ਕਿਸਾਨਾਂ ਨੂੰ ਵੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤੀਬਾੜੀ ਮਸ਼ੀਨਰੀ ਦੀ ਮਦਦ ਨਾਲ ਖੇਤਾਂ ਵਿੱਚ ਹੀ ਇਸ ਦਾ ਪ੍ਰਬੰਧਨ ਕਰਨਾ ਚਾਹੀਦਾ ਹੈ, ਤਾਂ ਜੋ ਵਾਤਾਵਰਣ ਦੀ ਸੁਰੱਖਿਆ ਦੇ ਨਾਲ-ਨਾਲ ਮਿੱਟੀ ਦੀ ਸਿਹਤ ਨੂੰ ਵੀ ਬਰਕਰਾਰ ਰੱਖਿਆ ਜਾ ਸਕੇ।

ਇਸ ਮੌਕੇ ਖੇਤੀਬਾੜੀ ਵਿਭਾਗ ਦੇ ਖੇਤੀਬਾੜੀ ਸਬ-ਇੰਸਪੈਕਟਰ ਸ੍ਰੀ ਬਲਜਿੰਦਰ ਸਿੰਘ ਵੀ ਹਾਜ਼ਰ ਸਨ। ਸਕੂਲ ਦੀ ਹੈੱਡਮਿਸਟ੍ਰੈੱਸ ਸ੍ਰੀਮਤੀ ਹਰਮਿੰਦਰ ਕੌਰ ਅਤੇ ਅਧਿਆਪਕ ਸ੍ਰੀ ਜਗਦੀਪ ਸਿੰਘ, ਸ੍ਰੀ ਅਮਿਤ ਸ਼ਰਮਾ, ਸ੍ਰੀਮਤੀ ਗਗਨਜੋਤ ਕੌਰ, ਸ੍ਰੀ ਐਲਬਰਟ, ਸ੍ਰੀਮਤੀ ਜਸਪ੍ਰੀਤ ਕੌਰ ਸਮੇਤ ਹੋਰ ਸਟਾਫ਼ ਮੈਂਬਰਾਂ ਨੇ ਇਸ ਜਾਗਰੂਕਤਾ ਗਤੀਵਿਧੀ ਵਿੱਚ ਸਹਿਯੋਗ ਦਿੱਤਾ।

ਪਟਿਆਲੇ ਦੀਆਂ ਖਿਡਾਰਨਾਂ ਨੇ ਅੰਡਰ-14 ਬਾਸਕਟਬਾਲ ਦੇ ਵਿੱਚ ਜਿੱਤਿਆ ਗੋਲਡ ਮੈਡਲ

ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਲਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਦੀ ਯੋਗ ਅਗਵਾਈ ਹੇਠ ਖੇਡਾਂ ਵਤਨ ਪੰਜਾਬ ਦੀਆਂ ਸੀਜਨ-4 ਦੇ ਤਹਿਤ ਬਾਸਕਟਬਾਲ ਦੇ ਲੜਕੀਆਂ ਦੇ ਮੁਕਾਬਲਿਆਂ ਵਿੱਚ ਪਟਿਆਲੇ ਜਿਲੇ ਦੀਆਂ ਖਿਡਾਰਨਾਂ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬਾਸਕਟਬਾਲ ਦੇ ਕਨਵੀਨਰ ਕੋਚ ਰਮਨੀਕ ਅਹੂਜਾ ਅਤੇ ਅਤੇ ਕੋਚ ਗੁਰਮੀਤ ਸਿੰਘ ਨੇ ਦੱਸਿਆ ਅੰਡਰ-14 ਦੇ ਵਿੱਚ ਖਿਡਾਰਨਾਂ ਨੇ ਲੁਧਿਆਣਾ ਵਿਖੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮੋਹਾਲੀ ਨੂੰ ਹਰਾ ਕੇ ਗੋਲਡ ਮੈਡਲ, ਅੰਡਰ-17 ਦੇ ਵਿੱਚ ਸਿਲਵਰ ਮੈਡਲ,ਅੰਡਰ 31 ਤੋਂ 40 ਦੇ ਵਿੱਚ ਸਿਲਵਰ ਮੈਡਲ ਜਿੱਤਿਆ।ਜਿਲਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਨੇ ਖਿਡਾਰਨਾਂ ਅਤੇ ਕੋਚਾਂ ਨੂੰ ਮੁਬਾਰਕਾਂ ਦਿੱਤੀਆਂ ।ਇਸ ਮੌਕੇ ਤੇ ਬਲਵਿੰਦਰ ਸਿੰਘ ਜੱਸਲ, ਅਮਨਦੀਪ ਕੌਰ,ਗੁਰਪ੍ਰੀਤ ਸਿੰਘ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

ਸਾਬਕਾ ਸੈਨਿਕ ਪੈਨਸ਼ਨਰਾਂ ਦੇ ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ 2 ਤੋਂ 20 ਨਵੰਬਰ ਤੱਕ ਲੱਗੇਗਾ ਕੈਂਪ

ਫ਼ਤਹਿਗੜ੍ਹ ਸਾਹਿਬ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਬਕਾ ਸੈਨਿਕ ਪੈਨਸ਼ਨਰਾਂ, ਉਨ੍ਹਾਂ ਦੀਆਂ ਵਿਧਵਾਵਾਂ ਅਤੇ ਆਸ਼ਰਿਤਾਂ, ਜੋ ਫ਼ੌਜ ਦੀ ਫੈਮਿਲੀ ਪੈਨਸ਼ਨ ਪ੍ਰਾਪਤ ਕਰ ਰਹੇ ਹਨ, ਲਈ ਹਰ ਸਾਲ ਨਵੰਬਰ ਮਹੀਨੇ ਵਿੱਚ ਆਪਣਾ ਜੀਵਤ ਹੋਣ ਦਾ ਪ੍ਰਮਾਣ ਪੱਤਰ (ਲਾਈਫ ਸਰਟੀਫਿਕੇਟ) ਜਮ੍ਹਾਂ ਕਰਵਾਉਣਾ ਲਾਜ਼ਮੀ ਹੁੰਦਾ ਹੈ।

ਇਸ ਸਬੰਧੀ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਫ਼ਤਹਿਗੜ੍ਹ ਸਾਹਿਬ ਵਿਖੇ 02 ਨਵੰਬਰ 2026 ਤੋਂ 20 ਨਵੰਬਰ 2026 ਤੱਕ ਕੰਮ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕੈਂਪ ਲਗਾਇਆ ਜਾ ਰਿਹਾ



ਹੈ। ਉਨ੍ਹਾਂ ਸਬੰਧਤ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਆਪਣੇ ਨਾਲ ਫ਼ੌਜ ਦੀ ਪੈਨਸ਼ਨ ਦਾ ਪੀ.ਪੀ.ਓ., ਆਧਾਰ ਕਾਰਡ, ਉਸ ਬੈਂਕ ਦੀ ਪਾਸਬੁੱਕ ਜਿਸ ਵਿੱਚ ਪੈਨਸ਼ਨ ਆਉਂਦੀ ਹੈ, ਉਹ ਮੋਬਾਈਲ ਨੰਬਰ ਜਿਸ 'ਤੇ ਹਰ ਮਹੀਨੇ ਪੈਨਸ਼ਨ ਸਬੰਧੀ ਸੁਨੇਹਾ ਪ੍ਰਾਪਤ ਹੁੰਦਾ ਹੈ ਅਤੇ ਹੋਰ ਲੋੜੀਂਦੇ ਦਸਤਾਵੇਜ਼ ਲੈ ਕੇ ਨਿਰਧਾਰਤ ਸਮੇਂ ਦੌਰਾਨ ਦਫ਼ਤਰ ਵਿਖੇ ਪਹੁੰਚਣ। ਉਨ੍ਹਾਂ ਸਬੰਧਤ ਪੈਨਸ਼ਨਰਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

ਐਕਸ਼ਨ ਕਮੇਟੀ ਨੇ ਆਵਾਜਾਈ ਲਈ ਸੜਕ ਦਾ ਇੱਕ ਪਾਸਾ ਖੋਲ੍ਹਿਆ

ਮਾਨਸਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਰਵਿੰਦਰ ਸਿੰਘ ਝੋਟਾ ਲਈ ਇਨਸਾਫ਼ ਦੀ ਮੰਗ ਨੂੰ ਲੈ ਕੇ ਚੱਲ ਰਹੇ ਸੰਘਰਸ਼ ਦੌਰਾਨ ਐਕਸ਼ਨ ਕਮੇਟੀ ਨੇ ਵਪਾਰ ਮੰਡਲ, ਸ਼ਹਿਰੀਆਂ ਅਤੇ ਆਮ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਨੂੰ ਦੇਖਦਿਆਂ ਤਿੰਨਕੋਣੀ 'ਤੇ ਚੱਲ ਰਹੇ ਧਰਨੇ ਵਾਲੀ ਥਾਂ ਤੋਂ ਸੜਕ ਦਾ ਇੱਕ ਪਾਸਾ ਆਵਾਜਾਈ ਲਈ ਖੋਲ੍ਹ ਦਿੱਤਾ ਹੈ। ਅੱਜ ਵਾਹਨਾਂ ਦੀ ਆਵਾਜਾਈ ਬਹਾਲ ਹੋਣ ਨਾਲ ਸ਼ਹਿਰ ਦੇ ਵਪਾਰੀਆਂ ਅਤੇ ਰਾਹਗੀਰਾਂ ਨੂੰ ਵੱਡੀ ਰਾਹਤ ਮਿਲੀ ਹੈ।

ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਵਪਾਰ ਮੰਡਲ ਨੇ ਐਕਸ਼ਨ ਕਮੇਟੀ ਨਾਲ ਮੀਟਿੰਗ ਕਰਕੇ ਆਵਾਜਾਈ ਵਿੱਚ ਆ ਰਹੀਆਂ ਮੁਸ਼ਕਲਾਂ ਦਾ ਮਸਲਾ ਉਠਾਇਆ ਸੀ। ਵਪਾਰੀਆਂ ਨੇ ਸੜਕ ਦਾ ਇੱਕ ਪਾਸਾ ਖੋਲ੍ਹਣ ਦੇ ਨਾਲ ਹਸਪਤਾਲ ਨੇੜੇ ਚੱਲ ਰਹੇ ਧਰਨੇ ਨੂੰ ਹਸਪਤਾਲ ਦੇ ਅੰਦਰ ਤਬਦੀਲ ਕਰਨ ਅਤੇ ਲਾਊਡ ਸਪੀਕਰ ਬੰਦ ਕਰਨ ਦੀ ਮੰਗ ਕੀਤੀ ਸੀ। ਕਮੇਟੀ ਨੇ ਦੋਵਾਂ ਮਸਲਿਆਂ ਦਾ ਹੱਲ ਕਰ ਦਿੱਤਾ ਹੈ। ਵਪਾਰ ਮੰਡਲ ਅਤੇ ਸ਼ਹਿਰੀਆਂ ਨੇ ਐਕਸ਼ਨ ਕਮੇਟੀ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਹੈ ਕਿ ਉਹ ਇਸ ਹੱਕੀ ਸੰਘਰਸ਼ ਲਈ ਹਰ ਪੱਖੋਂ ਸਹਿਯੋਗ ਦੇਣਗੇ।

ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਕਿਸਾਨ ਵੀਰ ਜੀਰੀ ਦੀ ਪਰਾਲੀ ਨੂੰ ਸਾੜਨ ਦੇ ਬਜਾਏ ਉਸ ਨੂੰ ਖੇਤਾਂ ਵਿੱਚ ਵਾਹ ਕੇ ਜਾਂ ਹੋਰ ਤਕਨੀਕੀ ਢੰਗਾਂ ਨਾਲ ਨਿਪਟਾਰਾ ਕਰਨ ਲਈ ਅੱਗੇ ਆਉਣ: ਸੁਖਜਿੰਦਰ ਬਾਜਵਾ

ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ ਕਰਹਾਲੀ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਮਨਜੀਤ ਕੌਰ ਦੀ ਯੋਗ ਸਰਪ੍ਰਸਤੀ ਅਤੇ ਪ੍ਰੋਫੈਸਰ ਅਰਸ਼ਪ੍ਰੀਤ ਕੌਰ ਪ੍ਰੋਗਰਾਮ ਅਫ਼ਸਰ ਐਨ.ਐਸ.ਐਸ ਵਿਭਾਗ ਦੀ ਅਗਵਾਈ ਹੇਠ ਸੱਤ ਰੋਜ਼ਾ ਐਨ.ਐਸ.ਐਸ ਕੈਂਪ ਲਗਾਇਆ ਜਾ ਰਿਹਾ ਹੈ।ਕੈਂਪ ਦੇ ਦੂਜੇ ਦਿਨ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਇੱਕ ਵਿਸ਼ੇਸ਼ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਿਸਾਨ ਭਰਾਵਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਰੈਲੀ ਦੌਰਾਨ ਐਨ.ਐਸ.ਐਸ ਵਲੰਟੀਅਰ ਵਿਦਿਆਰਥਣਾਂ ਨੇ ਹੱਥਾਂ ਵਿੱਚ ਬੈਨਰ ਅਤੇ ਪਲੇਕਾਰਡ ਫੜੇ ਹੋਏ ਸਨ, ਜਿਨ੍ਹਾਂ ਉੱਤੇ ਪਰਾਲੀ ਨਾ ਸਾੜੋ,



ਵਾਤਾਵਰਣ ਬਚਾਓ, ਸਾਫ਼ ਹਵਾ ਸਾਡਾ ਅਧਿਕਾਰ, ਧਰਤੀ ਮਾਂ ਨੂੰ ਬਚਾਓ ਵਰਗੇ ਨਾਅਰੇ ਲਿਖੇ ਹੋਏ ਸਨ। ਵਿਦਿਆਰਥਣਾਂ ਨੇ ਨਾਅਰੇਬਾਜ਼ੀ ਰਾਹੀਂ ਅਤੇ ਕਿਸਾਨਾਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾਂ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਡਾਕਟਰ ਸੁਖਵਿੰਦਰ ਸਿੰਘ ਵਾਇਸ ਪ੍ਰਿੰਸੀਪਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਂਝ ਕੇਂਦਰ ਪਟਿਆਲਾ, ਗਗਨਦੀਪ ਕੌਰ, ਪ੍ਰੋਫੈਸਰ ਲਵਪ੍ਰੀਤ ਕੌਰ, ਪ੍ਰੋਫੈਸਰ ਹਰਦੀਪ ਕੌਰ, ਪ੍ਰੋਫੈਸਰ ਪਿੰਕੀ, ਪ੍ਰੋਫੈਸਰ ਹੁਸਨਪ੍ਰੀਤ ਕੌਰ, ਹਰਜਿੰਦਰ ਕੌਰ,ਹਰਵਿੰਦਰ ਸਿੰਘ ਇੰਚਾਰਜ ਸਬ ਡਵੀਜ਼ਨ ਸਾਂਝ ਕੇਂਦਰ ਸਮਾਣਾ, ਵਰਿੰਦਰ ਸਿੰਘ ਖਰੋੜ ਡੈਟਾ ਅਪਰੇਟਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਸਾੜਨਾ ਸਿਰਫ਼ ਕਾਨੂੰਨੀ ਅਪਰਾਧ ਹੀ ਨਹੀਂ, ਸਗੋਂ ਇਹ ਸਾਡੇ ਵਾਤਾਵਰਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ, ਜਿਸ ਨਾਲ ਸਾਹ ਦੀਆਂ ਬਿਮਾਰੀਆਂ ਵਧਦੀਆਂ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਖ਼ਤਮ ਹੁੰਦੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਸਾੜਨ ਦੀ ਬਜਾਏ ਉਸ ਨੂੰ ਖੇਤਾਂ ਵਿੱਚ ਹੀ ਵਾਹ ਕੇ ਜਾਂ ਹੋਰ ਤਕਨੀਕੀ ਢੰਗਾਂ ਨਾਲ ਨਿਪਟਾਰਾ ਕਰਨ, ਜਿਸ ਨਾਲ ਜ਼ਮੀਨ ਨੂੰ ਜੈਵਿਕ ਖਾਦ ਵੀ ਮਿਲਦੀ ਹੈ। ਉਨ੍ਹਾਂ ਨੇ ਪੰਜਾਬ ਪੁਲਿਸ ਦੇ ਸਾਂਝ ਕੇਂਦਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜ ਭਲਾਈ ਦੀਆਂ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ।

ਪ੍ਰਿੰਸੀਪਲ ਡਾ. ਰਮਨਜੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡਾ ਕਾਲਜ ਹਮੇਸ਼ਾ ਹੀ ਵਿਦਿਆਰਥਣਾਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਵੀ ਜਾਗਰੂਕ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵਾਤਾਵਰਣ ਦੀ ਰਾਖੀ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ।

ਪ੍ਰੋਫੈਸਰ ਅਰਸ਼ਪ੍ਰੀਤ ਕੌਰ ਨੇ ਦੱਸਿਆ ਕਿ ਸੱਤ ਰੋਜ਼ਾ ਕੈਂਪ ਦੌਰਾਨ ਆਉਣ ਵਾਲੇ ਦਿਨਾਂ ਵਿੱਚ ਸਫ਼ਾਈ ਮੁਹਿੰਮ, ਰੁੱਖ ਲਗਾਓ ਮੁਹਿੰਮ, ਸਿਹਤ ਜਾਂਚ ਕੈਂਪ, ਬੇਟੀ ਬਚਾਓ ਬੇਟੀ ਪੜ੍ਹਾਓ ਅਤੇ ਨਸ਼ਾ ਮੁਕਤੀ ਸਬੰਧੀ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਉਨ੍ਹਾਂ ਨੇ ਸਾਰੇ ਵਲੰਟੀਅਰਾਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ।

ਨਾਰੀ ਸੰਸਾਰ

ਤੁਹਾਡੀ ਰਸੋਈ



ਪਨੀਰ ਮੱਖਣੀ



ਲਸਣ ਅਤੇ ਪਿਆਜ ਦੇ ਫ਼ਲੇਵਰ ਦੇ ਬਿਨਾਂ, ਜੈਨੀ ਸਟਾਇਲ ਦੀ ਪਨੀਰ ਮੱਖਣੀ ਸਬਜ਼ੀ ਦਾ ਸੁਆਦ ਬਹੁਤ ਹੀ ਚਟਾਖੇਦਾਰ ਹੁੰਦਾ ਹੈ। ਵਰਤ ਵਿੱਚ ਖਾਧੇ ਜਾਣ ਵਾਲੀ ਇਸ ਮਸਾਲੇਦਾਰ ਸਬਜ਼ੀ ਵਿੱਚ ਪਨੀਰ ਨੂੰ ਟਮਾਟਰ ਦੀ ਥਿਕ ਅਤੇ ਸਪਾਇਸੀ ਗ੍ਰੇਵੀ ਦੇ ਨਾਲ ਬਣਾਇਆ ਜਾਂਦਾ ਹੈ। ਇਸ ਕ੍ਰੀਮੀ ਟੈਕਸਚਰ ਵਾਲੀ ਸਬਜ਼ੀ ਦਾ ਸੁਆਦ ਲੈਣ ਲਈ ਤੁਸੀਂ ਹਰ ਤਰ੍ਹਾਂ ਦੀ ਰੋਟੀ ਅਤੇ ਚਾਵਲਾਂ ਦੇ ਨਾਲ ਇਸ ਦਾ ਸੁਆਦ ਲੈ ਸਕਦੇ ਹੋ। ਅੱਜ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

1 ਚਮਚ ਮੱਖਣ

ਚੁਟਕੀ ਇੱਕ ਜੀਰਾ

ਟਮਾਟਰ ਦੀ ਪਿਊਰੀ

ਤਾਜਾ ਕ੍ਰੀਮ 3/4 ਕੱਪ

ਨਮਕ ਸੁਆਦ ਮੁਤਾਬਕ

ਟਮਾਟਰ ਦੀ ਸਾਓਸ 2 ਚਮਚ

ਕਸ਼ਮੀਰੀ ਮਿਰਚ ਪਾਊਡਰ 1 ਚਮਚ

ਪਨੀਰ ਮਸਾਲਾ ਪਾਊਡਰ 1 ਚਮਚ

ਪਨੀਰ ਕੱਟਿਆ ਹੋਇਆ 200 ਗ੍ਰਾਮ

ਪਿਸੀ ਹੋਈ ਚੀਨੀ 1 ਚਮਚ

ਕਸੂਰੀ ਮੇਥੀ 1 ਚਮੱਚ

ਬਣਾਉਣ ਦੀ ਵਿਧੀ

ਪੈਨ ਗਰਮ ਕਰੋ ਅਤੇ ਉਸ ਵਿੱਚ ਮੱਖਣ ਪਾਓ।

ਮੱਖਣ ਪਿਘਲ ਜਾਣ 'ਤੇ ਉਸ ਵਿੱਚ ਜੀਰਾ ਪਾਓ

ਜੀਰੇ ਦੇ ਚਟਕਣ 'ਤੇ ਇਸ ਵਿੱਚ ਟਮਾਟਰ ਪਿਊਰੀ ਪਾਓ ਅਤੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

ਟਮਾਟਰ ਪਿਊਰੀ ਵਿੱਚ ਉਬਾਲ ਆਉਣ 'ਤੇ ਤਾਜ਼ਾ ਕ੍ਰੀਮ ਮਿਲਾਓ।

ਫ਼ਿਰ ਸਾਓਸ ਅਤੇ ਨਮਕ ਮਿਲਾ ਕੇ ਬਲੈਂਡ ਕਰੋ।

ਇਸ ਤੋਂ ਬਾਅਦ ਇਸ ਪੈਨ ਨੂੰ 10 ਮਿੰਟ ਤੱਕ ਢੱਕ ਕੇ ਰੱਖ ਦਿਓ ਅਤੇ ਪੱਕਣ ਦਿਓ। ਥੋੜ੍ਹੀ-ਥੋੜ੍ਹੀ ਦੇਰ ਵਿੱਚ ਹਿਲਾਉਣਾ ਨਾ ਭੁੱਲੋ।

ਢੱਕਣ ਹਟਾਓ ਅਤੇ ਕਸ਼ਮੀਰੀ ਲਾਲ ਮਿਰਚ ਪਾਊਡਰ ਅਤੇ ਪਨੀਰ ਮਸਾਲਾ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

ਫ਼ਿਰ ਟੁੱਕੜੇ ਕੀਤੇ ਹੋਏ ਪਨੀਰ ਪਾ ਕੇ ਮਿਕਸ ਕਰ ਲਓ।

ਸਰਵ ਕਰਨ ਤੋਂ ਪਹਿਲਾਂ ਇਸ ਵਿੱਚ ਕਸੂਰੀ ਮੇਥੀ ਪਾਓ ਅਤੇ ਪੀਸੀ ਹੋਈ ਖੰਡ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

ਚਟਪਟੀ ਫ਼ਰੂਟ ਚਾਟ



ਸਮੱਗਰੀ

150 ਗ੍ਰਾਮ ਉਬਲੇ ਆਲੂ

100 ਗ੍ਰਾਮ ਕੇਲਾ

150 ਗ੍ਰਾਮ ਸੇਬ

120 ਗ੍ਰਾਮ ਖੀਰਾ

50 ਗ੍ਰਾਮ ਲੋਬਿਆ ਉਬਲਿਆ ਹੋਇਆ

150 ਗ੍ਰਾਮ ਪਪੀਤਾ

1 ਚਮਚ ਲਾਲ ਮਿਰਚ

1 ਚਮਚ ਜੀਰਾ ਪਾਊਡਰ

1 ਚਮਚ ਹਰੀ ਮਿਰਚ

1 ਚਮਚ ਨਿੰਬੂ ਦਾ ਰਸ

3 ਚਮਚ ਇਮਲੀ ਦਾ ਪਲਪ

3 ਚਮਚ ਇਮਲੀ ਦੀ ਚਟਨੀ

ਬਣਾਉਣ ਦੀ ਵਿਧੀ

ਸਭ ਤੋਂ ਪਹਿਲਾਂ ਸਾਰੇ ਫ਼ਰੂਟ ਨੂੰ ਕੱਟ ਲਓ ਅਤੇ ਫ਼ਿਰ ਇੱਕ ਕੋਲੀ ਵਿੱਚ ਪਿਆਜ, ਕੇਲੇ, ਸੇਬ, ਖੀਰਾ, ਕਚਾਲੂ, ਪਪੀਤਾ ਅਤੇ ਲੋਬੀਆ ਮਿਲਾ ਲਓ।

ਫ਼ਿਰ ਇਸ ਵਿੱਚ ਲਾਲ ਮਿਰਚ , ਚਾਟ ਮਸਾਲਾ, ਹਰੀ ਮਿਰਚ, ਕਾਲਾ ਨਮਕ, ਜੀਰਾ, ਹਰੀ ਮਿਰਚ, ਨਿੰਬੂ ਦਾ ਰਸ, ਇਮਲੀ ਦਾ ਪਲਪ, ਇਮਲੀ ਦੀ ਚਟਨੀ ਪਾ ਕੇ ਮਿਕਸ ਕਰ ਲਓ।

ਚਾਟ ਬਣ ਕੇ ਤਿਆਰ ਹੈ ਇਸ ਨੂੰ ਸਰਵ ਕਰੋ।

ਸਟ੍ਰਾਬਰੀ ਚਾਕਲੇਟ ਬਾਰਸ

ਸਮੱਗਰੀ

4-5 ਸਟ੍ਰਾਬਰੀ

11/2 ਕੱਪ ਕਦੂਕਸ ਕੀਤਾ ਹੋਇਆ ਨਾਰੀਅਲ

1/4 ਕੱਪ ਮੈਪਲ ਸਿਰਪ

150 ਗ੍ਰਾਮ ਕੋਕੋਨਟ ਕ੍ਰੀਮ

2 ਚਮਚ ਕੋਕੋਨਟ ਤੇਲ

1 ਚਮਚ ਵਨੀਲਾ ਅਕਸਟ੍ਰੈਕਟ

200 ਗ੍ਰਾਮ ਡਾਰਕ ਚਾਕਲੇਟ



ਬਣਾਉਣ ਦੀ ਵਿਧੀ

ਸੱਭ ਤੋਂ ਪਹਿਲਾਂ ਸਟ੍ਰਾਬਰੀ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਉਹ ਸਖਤ ਹੋ ਜਾਵੇ। ਫ਼ਿਰ ਇਨ੍ਹਾਂ ਨੂੰ ਕੱਢ ਕੇ ਪੀਸ ਲਓ ਅਤੇ ਪਾਊਡਰ ਬਣਾ ਲਓ।

ਇੱਕ ਦੂਜੇ ਕਟੋਰੇ ਵਿੱਚ ਨਾਰੀਅਲ, ਮੈਪਲ ਸਿਰਪ, ਕੋਕੋਨਟ ਕ੍ਰੀਮ, ਵਨੀਲਾ ਅਕਸਟ੍ਰੈਕਟ ਅਤੇ ਕੋਕੋਨਟ ਤੇਲ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ।

ਫ਼ਿਰ ਇਸ ਵਿੱਚ ਪੀਸੀ ਹੋਈ ਸਟ੍ਰਾਬੇਰੀ ਪਾਊਡਰ ਮਿਲਾਓ ਅਤੇ ਹੱਥ ਨਾਲ ਸਾਰੇ ਮਿਸ਼ਰਣ ਦੇ ਛੋਟੇ ਆਕਾਰ ਦੇ ਬਾਰ ਬਣਾ ਲਓ। ਜਦੋਂ ਸਾਰੇ ਸਟ੍ਰਾਬੇਰੀ ਬਾਰ ਬਣ ਜਾਣ ਤਾਂ ਇਸ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ।

ਫ਼ਿਰ ਚਾਕਲੇਟ ਨੂੰ ਕਿਸੇ ਕਟੋਰੇ ਵਿੱਚ ਪਾ ਕੇ ਮਾਈਕਰੋਵੇਵ ਵਿੱਚ ਪਿਘਲਣ ਲਈ ਰੱਖ ਦਿਓ।

ਜਦੋਂ ਚਾਕਲੇਟ ਪਿਘਲ ਜਾਵੇ ਤਾਂ ਤਿਆਰ ਸਟ੍ਰਾਬੇਰੀ ਬਾਰ ਨੂੰ ਫ਼ਰਿੱਜ ਵਿੱਚੋਂ ਕੱਢ ਲਓ ਅਤੇ ਇੱਕ-ਇੱਕ ਚਾਕਲੇਟ ਵਿੱਚ ਡਿੱਪ ਕਰਕੇ ਦੂਜੀ ਪਲੇਟ ਵਿੱਚ ਰੱਖ ਦਿਓ।

ਇਸੇ ਤਰ੍ਹਾਂ ਸਾਰੀ ਚਾਕਲੇਟ ਬਾਰ ਨੂੰ ਡਿਪ ਕਰਕੇ ਪਲੇਟ ਵਿੱਚ ਕੱਢ ਲਓ ਅਤੇ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਚਾਕਲੇਟ ਚੰਗੀ ਤਰ੍ਹਾਂ ਨਾਲ ਸੈਟ ਹੋ ਜਾਵੇ। ਤੁਹਾਡਾ ਸਟ੍ਰਾਬੇਰੀ ਚਾਕਲੇਟ ਤਿਆਰ ਹੈ।

ਖ਼ੁਦ ਨਾਲ ਵੀ ਕਰੀਏ ਗੁਫ਼ਤਗੂ

➣ ਦੀਪਤੀ ਬਬੂਟਾ



ਘਰ-ਪਰਿਵਾਰ, ਸਾਕ ਸਬੰਧੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ ਤੇ ਇਨ੍ਹਾਂ ਦੇ ਆਲੇ-ਦੁਆਲੇ ਹੀ ਉਮਰ ਚੱਕਾ ਚੱਲਦਾ ਰਹਿੰਦਾ ਹੈ। ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਉਧੇੜ-ਬੁਣ ਕਰਨਾ ਜ਼ਰੂਰੀ ਹੈ, ਪਰ ਕੋਈ ਇੱਕ ਸੁਪਨਾ ਆਪਣੇ ਲਈ ਬੁਣਨਾ ਵੀ ਜ਼ਰੂਰੀ ਹੈ ਜੋ ਤੁਹਾਡੀ ਆਪਣੀ ਸ਼ਖ਼ਸੀਅਤ ਦੇ ਰੇਖਾ-ਚਿੱਤਰ ਦਾ ਸਭ ਤੋਂ ਖ਼ੂਬਸੂਰਤ ਨਮੂਨਾ ਬਣ ਕੇ ਦੂਜਿਆਂ ਨੂੰ ਖਿੱਚ ਪਾਵੇ ਤੇ ਖ਼ਾਸ ਹੋਣ ਦਾ ਅਹਿਸਾਸ ਹੋ ਜਾਵੇ। ਸੌਣਾ-ਜਾਗਣਾ, ਖਾਣਾ-ਪੀਣਾ, ਰੋਜ਼ੀ-ਰੋਟੀ ਕਮਾਉਣਾ ਰੋਜ਼ਾਨਾ ਜ਼ਿੰਦਗੀ ਦੀ ਦੌੜ ਹਨ ਜਿਸ 'ਚ ਇੱਕ-ਦੂਜੇ ਨੂੰ ਪਛਾੜਨ ਦੇ ਚੱਕਰ ਵਿੱਚ ਅਸੀਂ ਖ਼ੁਦ ਤੋਂ ਦੂਰ ਹੁੰਦੇ-ਹੁੰਦੇ ਸਵੈ ਦੀ ਪਛਾਣ ਤਕ ਭੁੱਲ ਕੇ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਇਸ ਭੀੜ ਤੋਂ ਵੱਖ ਖੜ੍ਹਾ ਹੋਣ ਦਾ ਇੱਕੋ-ਇੱਕ ਰਾਹ ਹੈ ਆਪੇ ਨਾਲ ਸੰਵਾਦ ਰਚਾਉਂਦਿਆਂ ਖ਼ੁਦ ਦੀ ਪਛਾਣ ਕਰਨੀ।

ਸਬੰਧਾਂ ਦੀ ਸਾਂਝ ਬਚਾਉਣ ਲਈ ਜੇਕਰ ਸਮੇਂ-ਸਮੇਂ 'ਤੇ ਆਪਸੀ ਗੱਲਬਾਤ ਮਹੱਤਵ ਰੱਖਦੀ ਹੈ ਤਾਂ ਖ਼ੁਦ ਨਾਲ ਸਾਂਝ ਬਣਾਉਣ ਲਈ ਆਪੇ ਨਾਲ ਸੰਵਾਦ ਰਚਾਉਣਾ ਵੀ ਬੇਹੱਦ ਜ਼ਰੂਰੀ ਹੈ। ਖ਼ੁਦ ਦਾ ਹਾਲ ਜਾਣਨਾ, ਆਪਣੇ ਅੰਦਰ ਦੇ ਜ਼ਖ਼ਮਾਂ ਦੀ ਪੀੜ ਪਛਾਣਨੀ ਵੀ ਜ਼ਰੂਰੀ ਹੈ।

ਖ਼ੁਦ ਨਾਲ ਗੁਫ਼ਤਗੂ ਕਰਨ ਲਈ ਆਪੇ 'ਤੇ ਝਾਤ ਪਾਉਂਦਿਆਂ ਖ਼ੁਦੀ ਨੂੰ ਨਿਹਾਰਨਾ ਤੇ ਇਸ ਪ੍ਰਕਿਰਿਆ ਦੌਰਾਨ ਟੁੱਟਦੇ-ਜੁੜਦੇ ਵਿਚਾਰਾਂ ਦੀ ਪੜਚੋਲ ਕਰਦਿਆਂ ਮਾੜੇ ਵਿਚਾਰਾਂ ਨੂੰ ਛੰਡ ਕੇ ਚੰਗੇ ਵਿਚਾਰਾਂ ਦਾ ਧਾਰਨੀ ਬਣਿਆ ਜਾ ਸਕਦਾ ਹੈ। ਸਵੈ-ਪੜਚੋਲ ਕਰਦਿਆਂ ਜਿੱਥੇ ਖ਼ੁਦ ਨੂੰ ਸਲਾਹੁਣਾ ਜ਼ਰੂਰੀ ਹੈ, ਉੱਥੇ ਨੀਰਸਤਾ ਅਤੇ ਨਕਾਰਾਤਮਕਤਾ ਦਾ ਪੱਖ ਭਾਰੀ ਪੈਂਦਿਆਂ ਖ਼ੁਦ ਨੂੰ ਫਿਟਕਾਰਨਾ ਵੀ ਜ਼ਰੂਰੀ ਹੈ।ਆਪੇ ਨਾਲ ਗੁਫ਼ਤਗੂ ਦਾ ਸਿਲਸਿਲਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਗਹਿਰੀ ਨੀਂਦ ਦਾ ਤਿਆਗ ਜ਼ਰੂਰੀ ਹੈ। ਸਵੇਰ ਦੀ ਨੀਂਦ ਮਨੁੱਖ ਨੂੰ ਆਪਣੇ ਕਲਾਵੇ 'ਚ ਘੁੱਟਦੀ ਹੈ, ਪਰ ਇਸ ਦਾ ਮੋਹ ਤਿਆਗਣ ਵਾਲੇ ਹੀ ਹੋਰਾਂ ਨੂੰ ਪਛਾੜ ਸਫਲਤਾ ਦੀ ਕਤਾਰ 'ਚ ਮੋਹਰੀ ਖੜ੍ਹੇ ਹੁੰਦੇ ਹਨ। ਅੱਖਾਂ ਦਾ ਖੁੱਲ੍ਹਣਾ ਹੀ ਜਾਗਣਾ ਨਹੀਂ ਹੁੰਦਾ। ਅੱਖਾਂ ਖੋਲ੍ਹ ਕੇ ਬਿਸਤਰੇ 'ਚ ਸਿਰ ਦੇ ਕੇ ਰੱਖਣਾ ਤਾਂ ਸੁੱਤੇ ਹੋਣ ਨਾਲੋਂ ਵੀ ਭਿਆਨਕ ਅਵਸਥਾ ਹੈ ਕਿਉਂਕਿ ਇਹ ਆਲਸ ਹੀ ਦਰਿੱਦਰਤਾ ਬਣ ਕੇ ਨਿਰਾਸ਼ਾ ਦੀ ਹਾਲਤ ਦਾ ਆਧਾਰ ਬਣਦਾ ਹੈ।ਜੀਵਨ ਦਾ ਆਧਾਰ ਬਣਾਉਣ ਵਾਲੇ ਮਨੁੱਖ ਤੋਂ ਆਲਸ, ਦਰਿੱਦਰਤਾ, ਨਿਰਾਸ਼ਾ, ਅਸਫਲਤਾ ਭੈਅ ਖਾਂਦੇ ਹਨ। ਸੁੱਤੇ ਹੋਏ ਵੀ ਜਾਗਣ ਦੀ ਅਵਸਥਾ ਪ੍ਰਾਪਤ ਕਰਨਾ ਹੀ ਅਸਲ ਜਾਗਣਾ ਹੈ, ਜਿੱਥੇ ਨਿਰੰਤਰ ਆਪੇ ਨਾਲ ਸਵਾਲ ਕਰਦਿਆਂ ਹੁੰਗਾਰੇ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਖ਼ੁਦ ਨੂੰ ਸਵਾਲ ਕਰੋ, ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿੱਚ ਮੈਂ ਕੌਣ ਹਾਂ ? ਮੈਂ ਕੀ ਹਾਂ ? ਮੈਂ ਕਿਉਂ ਹਾਂ ? ਮੈਂ ਕਿੱਥੇ ਹਾਂ ? ਮੈਂ ਕਿਸ ਲਈ ਹਾਂ ? ਜੇ ਮੌਤ ਹੀ ਹਕੀਕਤ ਹੈ ਤਾਂ ਜੀਵਨ ਦਾ ਅਰਥ ਕੀ ਹੈ ? ਮਕਸਦ ਕੀ ਹੈ ?



ਇੱਥੇ ਕੋਈ ਤੁਹਾਡੇ ਸੁਪਨੇ ਪੂਰੇ ਕਰਨ ਲਈ ਨਹੀਂ, ਬਲਕਿ ਹਰ ਕੋਈ ਆਪਣੇ ਸੁਪਨਿਆਂ ਦੀ ਪੂਰਤੀ ਦੇ ਮੱਕੜਜਾਲ ਵਿੱਚ ਉਲਝਿਆ ਹੋਇਆ ਹੈ। ਆਪਣੀ ਉਲਝਣ ਵਿੱਚੋਂ ਨਿਕਲਣ ਲਈ ਤੁਸੀਂ ਉਨ੍ਹਾਂ ਲਈ ਜ਼ਰੀਆ ਹੋ ਸਕਦੇ ਹੋ, ਰਸਤਾ ਹੋ ਸਕਦੇ ਹੋ ਤੇ ਪੌੜੀ ਵੀ। ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ। ਕਿਸੇ ਨੂੰ ਸ਼ੀਸ਼ਾ ਦਿਖਾਉਣ ਤੋਂ ਪਹਿਲਾਂ ਖ਼ੁਦ ਸ਼ੀਸ਼ੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣਾ ਜ਼ਰੂਰੀ ਹੈ। ਜੇ ਆਪਣੇ ਅੰਦਰ ਝਾਤ ਮਾਰਦਿਆਂ ਸਿਰ ਝੁਕ ਜਾਵੇ ਤਾਂ ਇਸ ਤੋਂ ਵੱਡੀ ਸ਼ਰਮਿੰਦਗੀ ਨਹੀਂ। ਜੇਕਰ ਖ਼ੁਦ ਨੂੰ ਨਿਹਾਰਦਿਆਂ ਚਿਹਰੇ ਦੀ ਲਾਲੀ ਖਿੜ ਉੱਠੇ ਤਾਂ ਇਸ ਤੋਂ ਵੱਡਾ ਫ਼ਖ਼ਰ ਕੋਈ ਹੋਰ ਹੋ ਹੀ ਨਹੀਂ ਸਕਦਾ। ਮਨ ਦੀ ਆਵਾਜ਼ ਸੁਣੋਂ, ਸੁਣੇ ਦਾ ਹੁੰਗਾਰਾ ਭਰੋ ਤੇ ਫਿਰ ਜੋ ਸੁਣਿਆ ਹੈ ਉਸ ਨੂੰ ਸਮਝ ਕੇ ਆਪੇ ਨੂੰ ਸਵਾਲ ਕਰਦਿਆਂ ਆਪਣੇ ਅੰਦਰੋਂ ਜੁਆਬ ਭਾਲਣਾ ਤੇ ਫਿਰ ਸਿੱਖੇ ਸਬਕ ਨੂੰ ਜੀਵਨ ਆਚਰਨ 'ਚ ਢਾਲਣਾ ਹੀ ਸ਼ਖ਼ਸੀਅਤ ਦਾ ਸ਼ਿੰਗਾਰ ਹੈ।

ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ।

ਜ਼ਰੂਰਤ ਹੈ ਕਿਸੇ ਵਾਸਤੇ ਨਹੀਂ, ਬਲਕਿ ਆਪੇ ਲਈ ਖੁੱਲ੍ਹੀ ਕਿਤਾਬ ਬਣਨ ਦੀ। ਚਿਰਾਂ ਬਾਅਦ ਵੀ ਪੰਨਾ ਫੋਲੀਏ ਤਾਂ ਆਪੇ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਖ਼ੁਦ ਨਾਲ ਹੱਸਣਾ, ਖ਼ੁਦ ਨਾਲ ਰੋਣਾ, ਖ਼ੁਦ ਨਾਲ ਦੋਸਤੀ ਕਰਕੇ ਆਪਣਾ ਆਲੋਚਕ ਬਣਨਾ, ਆਪਣੇ ਨਾਲ ਦੁਸ਼ਮਣੀ ਪਾ ਕੇ ਦੋਸਤੀ ਦੇ ਅਰਥ ਪਛਾਣਨਾ, ਦੂਜਿਆਂ ਨੂੰ ਦੀਵਾ ਦਿਖਾਉਣ ਦੀ ਬਜਾਏ ਖ਼ੁਦ ਦੀਵੇ ਦੀ ਲੋਅ ਤੋਂ ਚਾਨਣ ਲੈ ਕੇ ਦੂਜਿਆਂ ਨੂੰ ਰੌਸ਼ਨੀਆਂ ਵੰਡਣ ਦੀ ਪ੍ਰਵਿਰਤੀ ਪਾਲਣੀ ਅਤੇ ਝੂਠੀ ਜ਼ਿੰਦਗੀ ਜਿਊਣ ਦੀ ਆਦਤ ਤੋਂ ਛੁਟਕਾਰਾ ਪਾ ਕੇ ਖ਼ੁਦ ਨਾਲ ਸੱਚੇ ਬਣਨ ਦੀ ਲੋੜ ਹੈ। ਭਾਵੇਂ ਸੌਖਾ ਤਾਂ ਨਹੀਂ, ਪਰ ਇੱਕ ਵਾਰ ਜੇ ਆਪਣੇ ਆਪ ਨਾਲ ਸੱਚੇ ਹੋਣ ਦਾ ਹੌਸਲਾ ਆ ਗਿਆ ਤਾਂ ਯਕੀਨਨ ਨਾ ਕੇਵਲ ਜੀਵਨ ਖ਼ੂਬਸੂਰਤ ਹੋ ਜਾਏਗਾ, ਬਲਕਿ ਮੌਤ ਦੇ ਭੈਅ ਤੋਂ ਵੀ ਮੁਕਤੀ ਮਿਲ ਜਾਵੇਗੀ। ਕਿਸੇ ਦੇ ਦੁੱਖ ਦਿੱਤਿਆਂ ਰੋ ਪਏ, ਕਿਸੇ ਦੇ ਹਸਾਇਆਂ ਹੱਸ ਪਏ, ਅਜਿਹੇ ਕਠਪੁਤਲੀ ਜੀਵਨ ਨੂੰ ਤਿਆਗ ਕੇ ਕਿਉਂ ਨਾ ਆਪਣੇ ਹਾਸਿਆਂ-ਰੋਣਿਆਂ ਦੀ ਵਾਗਡੋਰ ਕੇਵਲ ਆਪਣੇ ਹੱਥ ਹੀ ਰੱਖੀ ਜਾਵੇ। ਮਨੁੱਖੀ ਜੀਵਨ ਬਹੁਮੁੱਲਾ ਹੈ। ਇਸ ਦੀਆਂ ਕਈ ਤੰਦਾਂ ਕਈ ਵਾਰ ਉਲਝ ਜਾਂਦੀਆਂ ਹਨ। ਇਨ੍ਹਾਂ ਨੂੰ ਸੁਲਝਾਉਣ ਦਾ ਵੀ ਇੱਕ ਮੂਲ-ਮੰਤਰ ਹੈ ਤੇ ਉਹ ਹੈ ਆਪਣੇ ਮਨ ਨਾਲ ਗੱਲਾਂ ਕਰਨਾ। ਤਾਂ ਫਿਰ ਆਓ, ਖ਼ੁਦ ਨਾਲ ਵੀ ਕਰੀਏ ਗੁਫ਼ਤਗੂ ਤੇ ਬਣ ਜਾਈਏ ਖ਼ੁਦ ਦੇ ਸੱਚੇ ਸਾਥੀ।

ਪ੍ਰਸ਼ੰਸਾ ਕਰਕੇ ਤਾਂ ਦੇਖੋ

ਜੋਧ ਸਿੰਘ ਮੋਗਾ

ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਸ਼ਬਦ ਕੋਸ਼ ਵਿੱਚ ਪ੍ਰਸ਼ੰਸਾ ਦੇ ਦੋ ਹੀ ਅਰਥ ਲਿਖੇ ਹਨ, 'ਉਸਤਤਿ ਅਤੇ ਤਾਅਰੀਫ਼' ਪਰ ਕਈ ਕੋਸ਼ਾਂ ਨੇ ਸਿਫ਼ਤ, ਵਡਿਆਈ, ਮਹਿਮਾ, ਸ਼ਲਾਘਾ, ਤਾਰੀਫ਼ ਅਤੇ ਸਲਾਹੁਣ ਨੂੰ ਪ੍ਰਸ਼ੰਸਾ ਦੇ ਸਮਾਨਾਂਤਰ ਰੱਖਿਆ ਹੈ। ਹੋਰ ਵੀ ਕਈ ਸ਼ਬਦ ਇਸ ਦੇ ਹਾਣੀ ਹੋ ਸਕਦੇ ਹਨ। ਇਸ ਦੀ ਠੀਕ ਵਰਤੋਂ ਕਦੋਂ, ਕਿੱਥੇ ਅਤੇ ਕਿਵੇਂ ਕਰਨੀ ਹੈ, ਇਹ ਆਪਾਂ ਆਪ ਦੇਖਣਾ ਹੈ। ਮਹਾਨ ਲਿਖਾਰੀਆਂ, ਗੁਰੂਆਂ, ਪੀਰਾਂ ਅਤੇ ਪਰਚਾਰਕਾਂ ਨੇ ਪ੍ਰਸ਼ੰਸਾ ਨੂੰ ਬੜਾ ਉੱਚਾ ਸਥਾਨ ਦਿੱਤਾ ਹੈ। ਗੁਰੂ ਨਾਨਕ ਦੀ ਬਾਣੀ ਰੱਬ ਦੀ ਪ੍ਰਸ਼ੰਸਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਜਾਚ ਵਿੱਚ ਪ੍ਰਸ਼ੰਸਾ ਦੀ ਲੋੜ 'ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਡੇਲ ਕਾਰਨੇ ਨੇ ਅੰਤਿਮ ਦਿਨ ਕਿਵੇਂ ਵੀ ਗੁਜ਼ਾਰੇ ਹੋਣ, ਪਰ ਉਸ ਨੇ ਲੱਖਾਂ ਲੋਕਾਂ ਨੂੰ ਭਾਸ਼ਣਾਂ ਅਤੇ ਕਿਤਾਬਾਂ ਰਾਹੀ ਮਰਨੋਂ ਬਚਾਇਆ, ਜਿਊਣਾ ਸਿਖਾਇਆ ਅਤੇ ਖ਼ੁਸ਼ੀਆਂ ਭਰੀ ਜ਼ਿੰਦਗੀ ਦੇ ਰਾਹ ਪਾਇਆ। ਇਹ ਸਮੁੱਚੀ ਕਰਾਮਾਤ ਪ੍ਰਸ਼ੰਸਾ ਕਰਨ ਦੀ ਸੀ।

ਜਦੋਂ ਕੋਈ ਚੀਜ਼, ਕੋਈ ਗੱਲ, ਕੋਈ ਕੰਮ ਅਤੇ ਕੋਈ ਵਿਅਕਤੀ ਤੁਹਾਨੂੰ ਚੰਗਾ ਲੱਗਦਾ ਹੈ, ਤੁਹਾਨੂੰ ਖ਼ੁਸ਼ੀ ਦਿੰਦਾ ਹੈ, ਤੁਹਾਡੇ ਮਨ ਨੂੰ ਟੁੰਬਦਾ ਹੈ ਅਤੇ ਤੁਸੀਂ ਇਸ ਖ਼ੁਸ਼ੀ ਨੂੰ ਪ੍ਰਗਟ ਕਰਦੇ ਹੋ ਤਾਂ ਇਹ ਪ੍ਰਸ਼ੰਸਾ ਹੈ। ਇਹ ਖ਼ੁਸ਼ੀ ਤੁਸੀਂ ਆਪਣੇ ਮਨ ਹੀ ਮਨ 'ਚ ਰੱਖ ਕੇ ਵੀ ਆਨੰਦ ਲੈ ਸਕਦੇ ਹੋ, ਪਰ ਜੇ ਤੁਸੀਂ ਬੋਲ ਕੇ, ਸ਼ਬਦਾਂ ਰਾਹੀਂ ਲਿਖ ਕੇ, ਇਸ਼ਾਰਿਆਂ ਰਾਹੀਂ ਜਾਂ ਨਜ਼ਰਾਂ ਰਾਹੀਂ ਦੂਸਰਿਆਂ ਤਕ ਆਪਣੀ ਖ਼ੁਸ਼ੀ ਦਿਖਾ ਦਿੰਦੇ ਹੋ, ਇਹ ਅਜਿਹੀ ਪ੍ਰਸ਼ੰਸਾ ਹੈ, ਜਿਸ ਨਾਲ ਦੂਸਰੇ ਨੂੰ ਵੀ ਖ਼ੁਸ਼ੀ ਮਿਲਦੀ ਹੈ। ਇਹ ਖ਼ੁਸ਼ੀ ਦਾ ਪਸਾਰ-ਦੂਹਰਾ ਹੋ ਜਾਂਦਾ ਹੈ। ਤੁਹਾਨੂੰ ਖ਼ੁਸ਼ੀ ਮਿਲੀ ਹੈ ਅਤੇ ਜਿਸ ਦੀ ਤਾਰੀਫ਼ ਕੀਤੀ ਹੈ, ਉਸ ਨੂੰ ਤਾਂ ਮਿਲਣੀ ਹੀ ਹੈ।

ਸੱਚੀ ਪ੍ਰਸ਼ੰਸਾ ਉਹ ਹੈ ਜੋ ਦਿਲੋਂ ਕੀਤੀ ਜਾਵੇ, ਜਿਸ ਵਿੱਚ ਕੋਈ ਸੁਆਰਥ ਨਾ ਹੋਵੇ। ਜੋ ਪ੍ਰਸ਼ੰਸਾ ਆਪਣੇ ਲਾਭ ਅਤੇ ਸੁਆਰਥ ਲਈ ਕੀਤੀ ਜਾਵੇ, ਉਹ ਚਾਪਲੂਸੀ ਹੈ, ਚਮਚਾਗਿਰੀ ਹੈ ਜਾਂ ਫੂਕ ਦੇਣਾ ਕਹਿ ਸਕਦੇ ਹਾਂ। ਵਕਤੀ ਤੌਰ 'ਤੇ ਸ਼ਾਇਦ ਤੁਹਾਨੂੰ ਕੋਈ ਲਾਭ ਹੋ ਜਾਵੇ, ਪਰ ਦੂਸਰੇ ਵਾਸਤੇ ਤਾਂ ਮਗਰੋਂ ਹਾਨੀ ਅਤੇ ਪਛਤਾਵਾ ਹੀ ਹੈ। ਕਾਂ ਅਤੇ ਲੂੰਬੜੀ ਦੀ ਕਹਾਣੀ ਇਸ ਗੱਲ ਦਾ ਸਦੀਆਂ ਪੁਰਾਣਾ ਤੱਤ ਹੈ। ਲੂੰਬੜੀ ਜਾਣਦੀ ਸੀ ਕਿ ਕਾਂ ਦੀ ਕਾਂ-ਕਾਂ ਕਿੰਨੀ ਖਰਵੀ ਹੈ, ਪਰ ਮੂਰਖ ਕਾਂ ਉਸ ਦੀਆਂ ਮਿੱਠੀਆਂ ਗੱਲਾਂ ਵਿੱਚ ਫਸ ਗਿਆ। ਲੂੰਬੜੀ ਨੇ ਕਾਂ ਦੀ ਪ੍ਰਸ਼ੰਸਾ ਕੀਤੀ ? ਨਹੀਂ, ਚਾਪਲੂਸੀ ਕੀਤੀ। ਆਪਣਾ ਲਾਭ ਅਤੇ ਕਾਂ ਦਾ ਪਛਤਾਵਾ।



ਗੱਲ ਪੱਚੀ ਕੁ ਸਾਲ ਪੁਰਾਣੀ ਹੈ। ਮੇਰਾ ਪੋਤਰਾ ਜੁਗਨੂੰ ਫਰਸ਼ 'ਤੇ ਬੈਠਾ ਫੱਟੀ ਲਿਖਦਾ ਸੀ। ਲਿਖਾਈ ਠੀਕ-ਠਾਕ ਹੀ ਸੀ। ਮੈਂ ਅੱਖਾਂ ਦੇ ਇਸ਼ਾਰੇ ਨਾਲ ਦੱਸਿਆ ਕਿ ਲਿਖਾਈ ਵਧੀਆ ਹੈ। ਨਾਲ ਹੀ ਹਲਕਾ ਜਿਹਾ ਗਾ ਕੇ ਕਿਹਾ:

ਤੇਰੇ ਨਿੱਕੇ ਨਿੱਕੇ ਹੱਥਾਂ ਦੀ ਲਿਖਾਈ ਬੇਲੀਆ,

ਛਾਪੇ ਖਾਨੇ ਦੀ ਹੈ ਜਾਪਦੀ ਛਪਾਈ ਬੇਲੀਆ।

ਉਹ ਮੁਸਕਰਾਇਆ ਅਤੇ ਹੋਰ ਸੁਆਰ-ਸੁਆਰ ਕੇ ਲਿਖਣ ਲੱਗਾ। ਮੈਂ ਇਹ ਦੋ ਸਤਰਾਂ ਲਿਖ ਕੇ ਸਾਹਮਣੇ ਲਟਕਾ ਦਿੱਤੀਆਂ, ਜਿੱਥੇ ਬੈਠ ਕੇ ਉਹ ਲਿਖਦਾ ਸੀ। ਜਦ ਉਹ ਲਿਖਦਾ ਮੈਂ ਉਸ ਕਾਗਜ਼ ਵੱਲ ਇਸ਼ਾਰਾ ਕਰ ਦਿੰਦਾ, ਅੱਜ ਉਹ ਬਹੁਤ ਵਧੀਆ ਲਿਖਾਈ ਵਾਲਾ ਅਫ਼ਸਰ ਮੰਨਿਆ ਜਾਂਦਾ ਹੈ। ਮੈਂ ਸੀਨੀਅਰ ਸਿਟੀਜਨ ਦਾ ਟੋਕਨ ਕਟਾ ਕੇ ਬੈਂਕ ਦੇ ਕਾਊਂਟਰ 'ਤੇ ਗਿਆ। ਬਾਬੂ ਬਹੁਤ ਰੁੱਝਿਆ ਹੋਇਆ, ਖਿਝਿਆ ਹੋਇਆ ਜਾਂ ਪਤਾ ਨਹੀਂ ਕੀ ਗੱਲ ਸੀ। ਮੇਰੇ ਵੱਲ ਦੇਖਿਆ, ਪਰ ਕੋਈ ਧਿਆਨ ਨਾ ਦਿੱਤਾ। ਮੈਂ ਦਸ ਕੁ ਮਿੰਟ ਖੜ੍ਹਾ ਰਿਹਾ। ਨਾਲ ਦੇ ਕਾਊਂਟਰ 'ਤੇ ਇੱਕ ਬੀਬੀ ਨੇ ਕੁਝ ਸੋਚਿਆ ਹੋਵੇਗਾ, ਮੈਨੂੰ ਇਸ਼ਾਰੇ ਨਾਲ ਬੁਲਾ ਲਿਆ। ਦੋ ਮਿੰਟ ਵਿੱਚ ਹੀ ਮੇਰਾ ਕੰਮ ਹੋ ਗਿਆ। ਮੈਂ ਇੱਕੋ ਵਾਕ ਬੋਲ ਕੇ ਉਸ ਦਾ ਧੰਨਵਾਦ ਕੀਤਾ, "ਬੇਟੀ, ਤੁਹਾਡੇ ਵਰਗੀਆਂ ਕੁੜੀਆਂ ਦੀ ਹਰ ਬੈਂਕ ਨੂੰ ਲੋੜ ਹੈ।" ਉਸ ਨੂੰ ਜ਼ਰੂਰ ਖ਼ੁਸ਼ੀ ਹੋਈ ਹੋਵੇਗੀ। ਹੁਣ ਵੀ ਮੇਰਾ ਕੰਮ ਖ਼ੁਸ਼ੀ-ਖ਼ੁਸ਼ੀ ਖਿੜੇ-ਮੱਥੇ ਅਤੇ ਛੇਤੀ ਹੋ ਜਾਂਦਾ ਹੈ, ਪਰ ਵਾਰੀ ਸਿਰ। ਸ਼ਾਇਦ ਪ੍ਰਸ਼ੰਸਾ ਕਾਰਨ।

ਮੈਂ ਦੇਖਦਾ ਸੀ ਕਿ ਇੱਕ ਵਿਦਿਆਰਥੀ ਮੇਰੇ ਘਰ ਅੱਗੋਂ ਦੀ ਲੰਘਦਾ ਸੀ। ਰੰਗ ਤਾਂ ਉਸ ਦਾ ਪੱਕਾ ਸੀ, ਪਰ ਪਗੜੀ ਬੜੀ ਵਧੀਆ ਹੁੰਦੀ ਸੀ। ਸਾਫ-ਸੁਥਰੀ, ਪੋਚਵੀਂ ਚਿਣਵੇਂ ਲੜ। ਮੈਨੂੰ ਚੰਗਾ ਲੱਗਾ। ਮੈਂ ਇੱਕ ਦਿਨ ਉਸ ਨੂੰ ਇਸ਼ਾਰੇ ਨਾਲ ਕੋਲ ਬੁਲਾਇਆ। ਉਸ ਦੀ ਪਗੜੀ ਬਾਰੇ ਪੁੱਛਿਆ, ਕਿਸ ਤੋਂ ਬੰਨ੍ਹਣੀ ਸਿੱਖੀ ? ਕਿੰਨਾ ਚਿਰ ਲੱਗਦਾ ਹੈ ? ਕਿੰਨੀਆਂ ਪੱਗਾਂ ਹਨ ? ਉਸ ਨੂੰ ਦੱਸਿਆ ਕਿ ਉਸ ਦੀ ਪੱਗ ਬਹੁਤ ਵਧੀਆ ਹੈ, ਬਹੁਤ ਫਬਦੀ ਹੈ। ਉਸ ਨੇ ਕਿਹਾ ਕੁਝ ਨਹੀਂ, ਪਰ ਉਹ ਬੜਾ ਖ਼ੁਸ਼ ਸੀ। ਹਫ਼ਤੇ ਕੁ ਮਗਰੋਂ ਫਿਰ ਮਿਲਿਆ, ਹੁਣ ਉਸ ਦੇ ਨਾਲ ਤਿੰਨ ਮੁੰਡੇ ਹੋਰ ਸਨ, ਵਧੀਆ ਪੱਗਾਂ ਵਾਲੇ। ਉਸ ਨੇ ਮੈਨੂੰ ਕਿਹਾ, "ਸਰ ਜੀ, ਇਨ੍ਹਾਂ ਨੂੰ ਵੀ ਮੈਂ ਵਧੀਆਂ ਪੱਗ ਬੰਨ੍ਹਣੀ ਸਿਖਾਈ ਹੈ।" ਅੱਜ ਉਹ ਹੋਰ ਵੀ ਖ਼ੁਸ਼ ਸੀ। ਬੇਸ਼ੱਕ ਤਿੰਨੇ ਗੱਲਾਂ ਆਮ ਅਤੇ ਛੋਟੀਆਂ ਹਨ, ਪਰ ਅੰਤਰੀਵ ਭਾਵ ਸ਼ਾਇਦ ਵੱਡਾ ਹੈ।

ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ।

ਠੀਕ ਅਤੇ ਸੱਚੀ-ਸੁੱਚੀ ਪ੍ਰਸ਼ੰਸਾ ਸਦਾ ਖ਼ੁਸ਼ੀ ਦਿੰਦੀ ਹੈ, ਉਤਸ਼ਾਹਿਤ ਕਰਦੀ ਹੈ, ਹਿੰਮਤ ਵਧਾਉਂਦੀ ਹੈ, ਤਰੱਕੀ ਦੇ ਰਾਹੇ ਪਾਉਂਦੀ ਹੈ, ਤੁਹਾਨੂੰ ਵੀ ਹਰਮਨ ਪਿਆਰਾ ਬਣਾਉਂਦੀ ਹੈ ਅਤੇ ਤੁਹਾਡਾ ਮਾਣ ਵਧਾਉਂਦੀ ਹੈ। ਹਰ ਵਿਅਕਤੀ ਵਿੱਚ ਕੋਈ ਨਾ ਕੋਈ ਗੁਣ ਹੁੰਦਾ ਹੈ, ਉਸ ਨੂੰ ਪਰਖੋ ਅਤੇ ਪ੍ਰਸ਼ੰਸਾ ਕਰੋ। ਤੁਹਾਡੀ ਪਤਨੀ ਵਿੱਚ, ਬੱਚਿਆਂ ਵਿੱਚ, ਸਾਥੀਆਂ ਵਿੱਚ ਬਹੁਤ ਗੁਣ ਹਨ, ਚੰਗੀ ਗੱਲ ਦੀ ਤਾਰੀਫ ਕਰੋ, ਘਰ ਵਿੱਚ ਖ਼ੁਸ਼ੀ ਆਵੇਗੀ। ਤੁਹਾਡਾ ਬੌਸ ਹਮਦਰਦ ਹੈ, ਨਰਮ ਹੈ, ਸਹਾਇਕ ਹੈ ਤਾਂ ਠੀਕ ਮੌਕਾ ਦੇਖ ਕੇ ਉਸ ਨੂੰ ਕਿਸੇ ਤਰ੍ਹਾਂ ਦੱਸੋ। ਤੁਹਾਡੀ ਕੰਮ ਵਾਲੀ ਨੇ ਜੇ ਵਧੀਆ ਸਬਜ਼ੀ ਬਣਾਈ ਹੈ ਤਾਂ ਉਸ ਦੀ ਵੀ ਪ੍ਰਸ਼ੰਸਾ ਕਰੋ। ਗੁਆਂਢੀ ਨੇ ਗਲੀ ਦੀ ਵਧੀਆ ਸਫ਼ਾਈ ਕਰਾਈ ਹੈ ਤਾਂ ਧੰਨਵਾਦੀ ਹੋਵੋ। ਆਪਣੇ ਬੱਚੇ ਦੇ ਚੰਗੇ ਅਧਿਆਪਕਾਂ ਨੂੰ ਸ਼ਬਦਾਂ ਰਾਹੀਂ ਮਾਣ ਅਤੇ ਖ਼ੁਸ਼ੀ ਦੇਵੋ, ਲਾਭ ਹੋਵੇਗਾ।

ਆਪਣੇ ਸਾਥੀ ਦਾ ਨਵਾਂ ਘਰ ਦੇਖ ਕੇ ਖ਼ੁਸ਼ੀ ਪਰਗਟ ਕਰੋ ਅਤੇ ਸਜਾਵਟ ਦੀ ਤਾਰੀਫ਼ ਕਰੋ। ਮੈਂ ਤਾਂ ਕਹਿੰਦਾ ਹਾਂ ਜੇ ਗੋਲਗੱਪਿਆਂ ਵਾਲੇ ਦੀ ਰੇਹੜੀ, ਬਰਤਨ, ਪਾਣੀ, ਹੱਥ ਕੱਪੜਾ ਸਾਫ਼-ਸੁਥਰਾ ਹੈ ਤਾਂ ਉਹ ਵੀ ਪ੍ਰਸ਼ੰਸਾ ਦਾ ਹੱਕਦਾਰ ਹੈ। ਉਹ ਹੋਰ ਵੱਧ ਸਫ਼ਾਈ ਰੱਖੇਗਾ। ਤੁਸੀਂ ਸੋਚਦੇ ਹੋਵੋਗੇ ਇਹ ਕੀ ਛੋਟੀਆਂ-ਛੋਟੀਆਂ ਗੱਲਾਂ ਹਨ, ਪਰ ਇਹ ਸਾਡੇ ਰੋਜ਼ਾਨਾ ਜੀਵਨ ਨਾਲ ਸਬੰਧਤ ਹਨ। ਪ੍ਰਸ਼ੰਸਾ ਦੇ ਮੌਕੇ ਰੋਜ਼ ਆਉਂਦੇ ਹਨ, ਕਰ ਕੇ ਤਾਂ ਦੇਖੋ।

ਸੰਪਰਕ: 85668-54081

ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾਓ

-ਡਾ: ਨਿਸ਼ਾਨ ਸਿੰਘ ਰਾਠੌਰ

ਮੌਜੂਦਾ ਦੌਰ ਵਿਚ ਸਕੂਲੀ ਬੱਚੇ ਕਈ ਪ੍ਰਕਾਰ ਦੇ ਮਨੋਰੋਗਾਂ ਦੀ ਚਪੇਟ ਵਿਚ ਆ ਰਹੇ ਹਨ। ਬੱਚਿਆਂ ਵਿਚ ਤਣਾਓ ਵਧ ਰਿਹਾ ਹੈ। ਉਹ ਚਾਹੇ ਪੜ੍ਹਾਈ ਦਾ ਤਣਾਓ ਹੋਵੇ, ਆਪਣੇ ਨਾਲ ਵਾਪਰ ਰਹੀਆਂ ਘਟਨਾਵਾਂ ਦਾ ਹੋਵੇ ਜਾਂ ਸਰੀਰ ਵਿਚ ਹੋ ਰਹੇ ਪਰਿਵਰਤਨ ਦਾ ਹੋਵੇ। ਅਜੋਕੇ ਸਮੇਂ 5 ਤੋਂ 15 ਸਾਲ ਤੱਕ ਉਮਰ ਦੇ ਬੱਚੇ ਤਣਾਓ ਦਾ ਸ਼ਿਕਾਰ ਜ਼ਿਆਦਾ ਗਿਣਤੀ ਵਿਚ ਹੋ ਰਹੇ ਹਨ। ਇਸ ਤਣਾਓ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਬੱਚਿਆਂ ਵਿਚ ਆਤਮ-ਵਿਸ਼ਵਾਦ ਦੀ ਕਮੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਆਤਮ-ਵਿਸ਼ਵਾਸ ਦੀ ਕਮੀ ਕਾਰਨ ਬੱਚਿਆਂ ਵਿਚ ਹੀਣ ਭਾਵਨਾ ਘਰ ਕਰ ਗਈ ਹੈ। ਇਸ ਲਈ ਮਾਤਾ-ਪਿਤਾ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈ ਹੈ ਕਿ ਉਹ ਕਿਸ ਤਰ੍ਹਾਂ ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾ ਸਕਦੇ ਹਨ ?

ਬੱਚਿਆਂ ਦੇ ਮਾਤਾ-ਪਿਤਾ ਅਕਸਰ ਹੀ ਮਨੋਵਿਗਿਆਨੀਆਂ ਤੋਂ ਸਲਾਹ ਲੈਂਦੇ ਰਹਿੰਦੇ ਹਨ ਕਿ ਕਿਸ ਪ੍ਰਕਾਰ ਹੀਣ ਭਾਵਨਾ ਨਾਲ ਗ੍ਰਸਤ ਬੱਚੇ ਦਾ ਆਤਮ-ਵਿਸ਼ਵਾਸ ਮੁੜ ਤੋਂ ਵਧਾਇਆ ਜਾ ਸਕਦਾ ਹੈ ? ਕਿਵੇਂ ਬੱਚੇ ਦੇ ਮਨ 'ਚੋਂ ਡਰ ਅਤੇ ਹੀਣ ਭਾਵਨਾ ਕੱਢੀ ਜਾਵੇ ? ਅਜੋਕੇ ਸਮੇਂ ਵਿਚ ਜੇਕਰ ਮਾਤਾ-ਪਿਤਾ ਹੇਠ ਲਿਖੇ ਕੁਝ ਨਿਯਮਾਂ ਦਾ ਪਾਲਣ ਕਰਨ ਤਾਂ ਹੀਣ ਭਾਵਨਾ ਨਾਲ ਗ੍ਰਸਤ ਸਕੂਲੀ ਬੱਚਿਆਂ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਮੁੜ ਤੋਂ ਪੈਦਾ ਕੀਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਇਹ ਪਛਾਣ ਕਿਸ ਤਰ੍ਹਾਂ ਹੋਵੇ ਕਿ ਬੱਚਾ ਹੀਣ ਭਾਵਨਾ ਨਾਲ ਗ੍ਰਸਤ ਹੋ ਗਿਆ ਹੈ ਅਤੇ ਉਸ ਵਿਚ ਆਤਮ-ਵਿਸ਼ਵਾਸ ਦੀ ਕਮੀ ਹੈ। ਇਸ ਪਛਾਣ ਦੇ ਕੁਝ ਲੱਛਣ ਇਸ ਪ੍ਰਕਾਰ ਹਨ-

× ਬੱਚਾ ਘੱਟ ਬੋਲਣ ਲਗਦਾ ਹੈ। ਉਹ ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਕਰਦਾ ਅਤੇ ਆਪਣੇ ਮਨ ਦੀ ਗੱਲ ਦੱਸਣ ਤੋਂ ਸੰਕੋਚ ਕਰਦਾ ਹੈ। × ਪੜ੍ਹਾਈ ਵਿਚ ਧਿਆਨ ਨਹੀਂ ਦੇਵੇਗਾ। × ਹੀਣ ਭਾਵਨਾ ਨਾਲ ਗ੍ਰਸਤ ਬੱਚਾ ਇਕੱਲਾ ਬੈਠਣਾ ਪਸੰਦ ਕਰੇਗਾ, ਜਿੱਥੇ ਪਰਿਵਾਰ ਦੇ ਮੈਂਬਰ ਬੈਠਣਗੇ, ਉਹ ਉਸ ਜਗ੍ਹਾ ਤੋਂ ਦੂਰ ਜਾਵੇਗਾ। × ਆਪਣੇ ਕੱਪੜਿਆਂ ਦੀ ਸਾਫ਼-ਸਫ਼ਾਈ ਵੱਲ ਬਹੁਤਾ ਧਿਆਨ ਨਹੀਂ ਦੇਵੇਗਾ ਅਤੇ ਗੰਦੇ ਕੱਪੜੇ/ਬੂਟ ਆਦਿ ਪਾ ਕੇ ਰੱਖੇਗਾ।× ਉਹ ਆਪਣੇ ਕਮਰੇ ਵਿਚ ਹੀ ਬੈਠਣਾ ਪਸੰਦ ਕਰੇਗਾ, ਬਾਹਰ ਦੋਸਤਾਂ ਨਾਲ ਘੁੰਮਣ-ਫਿਰਨ ਤੋਂ ਗੁਰੇਜ਼ ਕਰੇਗਾ। × ਅਜਿਹੇ ਬੱਚੇ ਜ਼ਿੱਦੀ ਸੁਭਾਅ ਦੇ ਹੋ ਜਾਂਦੇ ਹਨ। ਜੇਕਰ ਮਾਤਾ-ਪਿਤਾ ਕਿਸੇ ਕੰਮ ਤੋਂ ਮਨ੍ਹਾਂ ਕਰਦੇ ਹਨ ਤਾਂ ਇਹ ਉਸ ਕੰਮ ਨੂੰ ਕਰਦੇ ਹਨ, ਜਿਹੜਾ ਮਾਤਾ-ਪਿਤਾ ਨੇ ਮਨ੍ਹਾਂ ਕੀਤਾ ਹੁੰਦਾ ਹੈ।

ਆਤਮ-ਵਿਸ਼ਵਾਸ ਕਿਵੇਂ ਦਿਵਾਈਏ ?

× ਬੱਚੇ ਵਿਚ ਹੀਣ ਭਾਵਨਾ ਪੈਦਾ ਹੋਣ ਦੇ ਕਾਰਨਾਂ ਦਾ ਪਤਾ ਕਰਨ ਦੀ ਕੋਸ਼ਿਸ਼ ਕਰੋ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਚੰਗੇ ਮਨੋਵਿਗਿਆਨੀ ਨਾਲ ਗੱਲਬਾਤ ਕਰੋ। × ਬੱਚੇ ਨਾਲ ਦੋਸਤਾਂ ਵਾਂਗ ਪੇਸ਼ ਆਓ ਅਤੇ ਉਸ ਨਾਲ ਹਾਸਾ-ਮਜ਼ਾਕ ਕਰੋ, ਤਾਂ ਕਿ ਉਹ ਖ਼ੁਸ਼ ਹੋ ਸਕੇ।

× ਬੱਚੇ ਨਾਲ ਮਾਰ-ਕੁੱਟ ਜਾਂ ਗਾਲੀ-ਗਲੋਚ ਨਾ ਕਰੋ ਅਤੇ ਭੁੱਲ ਕੇ ਵੀ ਕਦੇ ਤਾਹਨੇ-ਮਿਹਣੇ ਨਾ ਮਾਰੋ। ਨਹੀਂ ਤਾਂ ਬੱਚਾ ਪਹਿਲਾਂ ਨਾਲੋਂ ਜ਼ਿਆਦਾ ਪ੍ਰੇਸ਼ਾਨ ਹੋ ਸਕਦਾ ਹੈ।

× ਬੱਚੇ ਨੂੰ ਖਾਣੇ ਵਿਚ ਉਸ ਦੀ ਪਸੰਦ ਪੁੱਛੋ ਅਤੇ ਉਸ ਲਈ ਵਿਸ਼ੇਸ਼ ਤੌਰ 'ਤੇ ਉਹ ਖਾਣਾ ਬਣਾਓ, ਜਿਹੜਾ ਉਸ ਨੂੰ ਪਸੰਦ ਹੈ।

× ਸਾਰੇ ਪਰਿਵਾਰਕ ਜੀਅ ਇਕੱਠੇ ਬੈਠ ਕੇ ਟੀ.ਵੀ. ਦੇਖੋ ਜਾਂ ਫ਼ਿਲਮ ਵਗੈਰਾ ਦੇਖੋ, ਤਾਂ ਕਿ ਉਹ ਤੁਹਾਡੇ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕੇ।

× ਬੱਚੇ ਨਾਲ ਬਾਹਰ ਘੁੰਮਣ ਲਈ ਨਿਕਲੋ ਅਤੇ ਉਸ ਦੇ ਦੋਸਤਾਂ-ਮਿੱਤਰਾਂ ਦੇ ਘਰ ਜਾਓ।

× ਬੱਚੇ ਨੂੰ ਪਿਆਰ ਨਾਲ ਸਕੂਲ ਦਾ ਕੰਮ ਕਰਵਾਓ। ਉਸ ਨੂੰ ਪੜ੍ਹਾਈ ਦੀ ਅਹਿਮੀਅਤ ਬਾਰੇ ਜਾਣਕਾਰੀ ਦਿਓ।

× ਬੱਚੇ ਦੀਆਂ ਕਮੀਆਂ ਉਸ ਦੇ ਯਾਰਾਂ-ਦੋਸਤਾਂ ਦੇ ਸਾਹਮਣੇ ਨਾ ਦੱਸੋ।

× ਆਪਣੇ ਬੱਚੇ ਦੀ ਤੁਲਨਾ ਦੂਜੇ ਬੱਚਿਆਂ ਨਾਲ ਨਾ ਕਰੋ, ਕਿਉਂਕਿ ਹਰ ਬੱਚੇ ਦੇ ਸੋਚਣ ਅਤੇ ਕੰਮ ਕਰਨ ਦੀ ਯੋਗਤਾ ਵੱਖਰੀ-ਵੱਖਰੀ ਹੁੰਦੀ ਹੈ।

× ਸਕੂਲ ਵਿਚ ਜਾ ਕੇ ਉਸ ਦੇ ਅਧਿਆਪਕ ਨਾਲ ਗੱਲ ਕਰੋ ਅਤੇ ਉਨ੍ਹਾਂ ਨੂੰ ਮਦਦ ਲਈ ਬੇਨਤੀ ਕਰੋ।

× ਬੱਚੇ ਸਾਹਮਣੇ ਆਪਣੇ ਪਤੀ/ਪਤਨੀ ਨਾਲ ਲੜਾਈ-ਝਗੜਾ ਨਾ ਕਰੋ, ਨਹੀਂ ਤਾਂ ਬੱਚੇ ਦੇ ਮਨ 'ਤੇ ਬੁਰਾ ਪ੍ਰਭਾਵ ਪੈਂਦਾ ਹੈ।

× ਬੱਚੇ ਨੂੰ ਉਸ ਦੀਆਂ ਪਸੰਦ ਦੀਆਂ ਵਸਤਾਂ ਜਿਵੇਂ ਕੱਪੜੇ, ਬੂਟ, ਖਿਡੌਣੇ ਅਤੇ ਮਨੋਰੰਜਨ ਦੀਆਂ ਚੀਜ਼ਾਂ ਲੈ ਕੇ ਦਿਓ।

ਚੰਡੀਗੜ੍ਹ ਵਿੱਚ ਅਟਲ ਪੈਨਸ਼ਨ ਯੋਜਨਾ ਸਬੰਧੀ ਆਊਟਰੀਚ ਪ੍ਰੋਗਰਾਮ ਕਰਵਾਇਆ

ਯੋਗ ਨਾਗਰਿਕਾਂ ਨੂੰ ਸਮਾਜਿਕ ਸੁਰੱਖਿਆ ਯੋਜਨਾ ਨਾਲ ਜੋੜਨ 'ਤੇ ਜ਼ੋਰ; ਸ਼ਾਨਦਾਰ ਕਾਰਗੁਜ਼ਾਰੀ ਵਾਲੇ ਬੈਂਕਾਂ ਦਾ ਸਨਮਾਨ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਟਲ ਪੈਨਸ਼ਨ ਯੋਜਨਾ (APY) ਦੇ ਪ੍ਰਚਾਰ-ਪ੍ਰਸਾਰ, ਯੋਗ ਨਾਗਰਿਕਾਂ ਨੂੰ ਇਸ ਯੋਜਨਾ ਨਾਲ ਜੋੜਨ ਅਤੇ ਪੈਨਸ਼ਨ ਸਬੰਧੀ ਸਮਾਜਿਕ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਮੰਗਲਵਾਰ ਨੂੰ ਚੰਡੀਗੜ੍ਹ ਵਿੱਚ ਆਊਟਰੀਚ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਟੀ (PFRDA), ਪੰਜਾਬ ਨੈਸ਼ਨਲ ਬੈਂਕ (PNB), ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਰਾਜ ਪੱਧਰੀ ਬੈਂਕਰਜ਼ ਕਮੇਟੀਆਂ (SLBCs), ਵੱਖ-ਵੱਖ ਬੈਂਕਾਂ ਦੇ ਰਾਜ ਮੁਖੀਆਂ, ਸ਼ਾਖਾ ਮੁਖੀਆਂ ਅਤੇ ਬੈਂਕਿੰਗ ਕਰੈਸਪੌਂਡੈਂਟ (23) ਏਜੰਟਾਂ ਨੇ ਸ਼ਮੂਲੀਅਤ ਕੀਤੀ।



ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੇ ਉਪ ਮਹਾਪ੍ਰਬੰਧਕ ਸ੍ਰੀ ਰਾਮਕਿਸ਼ੋਰ ਮੀਨਾ ਨੇ ਦੱਸਿਆ ਕਿ ਪ੍ਰੋਗਰਾਮ ਵਿੱਚ PFRDA ਦੇ ਮੁੱਖ ਮਹਾਪ੍ਰਬੰਧਕ ਸ੍ਰੀ ਪ੍ਰਵੇਸ਼ ਕੁਮਾਰ, ਪੰਜਾਬ ਨੈਸ਼ਨਲ ਬੈਂਕ ਦੇ ਮੁੱਖ ਮਹਾਪ੍ਰਬੰਧਕ ਸ੍ਰੀ ਆਸ਼ੀਸ਼ ਚਤੁਰਵੇਦੀ, PNB ਚੰਡੀਗੜ੍ਹ ਦੇ ਮੰਡਲ ਮੁਖੀ ਸ੍ਰੀ ਸੰਜੀਵ ਕੁਮਾਰ ਝਾਅ, PNB ਮੋਹਾਲੀ ਦੇ ਮੰਡਲ ਮੁਖੀ ਸ੍ਰੀ ਬਿਸ਼ਵਜੀਤ ਬਿਸਵਾਲ ਅਤੇ ਰਾਜ ਪੱਧਰੀ ਬੈਂਕਰਜ਼ ਕਮੇਟੀ, ਹਰਿਆਣਾ ਦੇ ਉਪ ਮਹਾਪ੍ਰਬੰਧਕ ਸ੍ਰੀ ਓਮਕਾਰਨਾਥ ਝਾਅ ਸਮੇਤ ਵੱਖ-ਵੱਖ ਰਾਜ ਸਰਕਾਰਾਂ ਅਤੇ ਨਾਬਾਰਡ ਦੇ ਸੀਨੀਅਰ ਅਧਿਕਾਰੀਆਂ ਨੇ ਵੀ ਸ਼ਿਰਕਤ ਕੀਤੀ।

ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ PFRDA ਦੇ ਮੁੱਖ ਮਹਾਪ੍ਰਬੰਧਕ ਸ੍ਰੀ ਪ੍ਰਵੇਸ਼ ਕੁਮਾਰ ਨੇ ਅਟਲ ਪੈਨਸ਼ਨ ਯੋਜਨਾ ਤਹਿਤ ਵੱਧ ਤੋਂ ਵੱਧ ਯੋਗ ਨਾਗਰਿਕਾਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ, ਯੋਜਨਾ ਦੇ ਲਾਭਾਂ ਬਾਰੇ ਜਾਗਰੂਕਤਾ ਵਧਾਉਣ ਅਤੇ ਬੈਂਕਿੰਗ ਨੈੱਟਵਰਕ ਰਾਹੀਂ ਪੈਨਸ਼ਨ ਸੁਰੱਖਿਆ ਦਾ ਘੇਰਾ ਵਧਾਉਣ 'ਤੇ ਜ਼ੋਰ ਦਿੱਤਾ।

PNB ਦੇ ਮੁੱਖ ਮਹਾਪ੍ਰਬੰਧਕ ਸ੍ਰੀ ਆਸ਼ੀਸ਼ ਚਤੁਰਵੇਦੀ ਨੇ ਕਿਹਾ ਕਿ ਯੋਜਨਾ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਬੈਂਕ ਅਧਿਕਾਰੀਆਂ, ਸ਼ਾਖਾ ਮੁਖੀਆਂ ਅਤੇ 23 ਏਜੰਟਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਇਨ੍ਹਾਂ ਰਾਹੀਂ ਆਮ ਨਾਗਰਿਕਾਂ ਨੂੰ ਸਮਾਜਿਕ ਸੁਰੱਖਿਆ ਯੋਜਨਾਵਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਇਨ੍ਹਾਂ ਨਾਲ ਜੋੜਿਆ ਜਾ ਸਕਦਾ ਹੈ। ਅਟਲ ਪੈਨਸ਼ਨ ਯੋਜਨਾ ਤਹਿਤ 18 ਤੋਂ 40 ਸਾਲ ਦੀ ਉਮਰ ਦੇ ਯੋਗ ਨਾਗਰਿਕ ਨਿਰਧਾਰਤ ਯੋਗਦਾਨ ਦੇ ਆਧਾਰ 'ਤੇ 60 ਸਾਲ ਦੀ ਉਮਰ ਤੋਂ ਬਾਅਦ 1,000 ਰੁਪਏ ਤੋਂ 5,000 ਰੁਪਏ ਤੱਕ ਦੀ ਮਹੀਨਾਵਾਰ ਪੈਨਸ਼ਨ ਪ੍ਰਾਪਤ ਕਰਨ ਲਈ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ, ਬਸ਼ਰਤੇ ਉਹ ਯੋਜਨਾ ਦੀਆਂ ਨਿਰਧਾਰਤ ਯੋਗਤਾ ਸ਼ਰਤਾਂ ਪੂਰੀਆਂ ਕਰਦੇ ਹੋਣ। ਪ੍ਰੋਗਰਾਮ ਦੌਰਾਨ ਪਿਛਲੇ ਸਾਲ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਲਈ ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਅਤੇ ਹਰਿਆਣਾ ਸਮੇਤ ਵੱਖ-ਵੱਖ ਬੈਂਕਾਂ ਨੂੰ PFRDA ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੈਂਕਿੰਗ ਨੈੱਟਵਰਕ ਰਾਹੀਂ ਵੱਧ ਤੋਂ ਵੱਧ ਯੋਗ ਨਾਗਰਿਕਾਂ ਨੂੰ ਪੈਨਸ਼ਨ ਸੁਰੱਖਿਆ ਦੇ ਘੇਰੇ ਵਿੱਚ ਲਿਆਉਣਾ ਅਤੇ ਸਮਾਜਿਕ ਸੁਰੱਖਿਆ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਸੀ।

ਅਸੀਂ ਚੰਗੇ ਸਕੂਲ, ਹਸਪਤਾਲ, ਮੁਫ਼ਤ ਬਿਜਲੀ, ਸਿਹਤ ਬੀਮਾ ਅਤੇ ਔਰਤਾਂ ਲਈ 1,000 ਜਾਰੀ ਰੱਖਣ ਲਈ ਵੋਟਾਂ ਮੰਗਾਂਗੇ: ਮਾਨ

➢ ਮੁਫ਼ਤ ਸਕੀਮਾਂ ਬੰਦ ਕਰਨ ਦਾ ਕਾਂਗਰਸ ਦਾ ਐਲਾਨ ਇਹ ਸਾਫ਼ ਕਰਦਾ ਹੈ ਕਿ ਇਸ ਵਾਰ ਉਸ ਨੂੰ ਹੋਰ ਵੀ ਮਾੜੀ ਹਾਰ ਦਾ ਸਾਹਮਣਾ ਕਰਨਾ ਪਵੇਗਾ ➢ ਲੋਕ ਭਾਜਪਾ ਨੂੰ ਵੋਟ ਨਹੀਂ ਪਾਉਣਗੇ, ਜੋ ਪੰਜਾਬ ਦਾ ਪਾਣੀ, ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਾਂਗਰਸ ਅਤੇ ਭਾਜਪਾ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਆਪਣੇ ਲੋਕ-ਪੱਖੀ ਸ਼ਾਸਨ, ਜਿਸ ਵਿੱਚ ਵਧੀਆ ਸਕੂਲ ਅਤੇ ਹਸਪਤਾਲ, ਮੁਫ਼ਤ ਬਿਜਲੀ, ਸਿਹਤ ਬੀਮਾ ਅਤੇ ਔਰਤਾਂ ਲਈ ਵਿੱਤੀ ਸਹਾਇਤਾ ਸ਼ਾਮਲ ਹੈ, ਦੇ ਨਾਮ 'ਤੇ ਨਵਾਂ ਫਤਵਾ ਮੰਗੇਗੀ। ਕਾਂਗਰਸ ਵੱਲੋਂ ਮੁਫ਼ਤ ਸਕੀਮਾਂ ਬੰਦ ਕਰਨ ਦੇ ਐਲਾਨ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਦਾ ਇਹ ਸਟੈਂਡ ਲੋਕਾਂ ਨੂੰ ਉਸ ਤੋਂ ਹੋਰ ਦੂਰ ਕਰੇਗਾ, ਜਦੋਂ ਕਿ ਉਨ੍ਹਾਂ ਭਾਜਪਾ 'ਤੇ ਪੰਜਾਬ ਦਾ ਪਾਣੀ, ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਖੋਹਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਭਾਰਤੀ ਹਾਕੀ ਵਿੱਚ ਪੰਜਾਬ ਦੇ ਯੋਗਦਾਨ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਹਾਕੀ ਟੀਮ ਦੇ 11 ਵਿੱਚੋਂ ਨੌਂ ਖਿਡਾਰੀ ਪੰਜਾਬ ਤੋਂ ਹਨ, ਜੋ ਖੇਡਾਂ ਵਿੱਚ ਦੇਸ਼ ਲਈ ਪੰਜਾਬ ਦੇ ਨਿਰੰਤਰ ਯੋਗਦਾਨ ਨੂੰ ਦਰਸਾਉਂਦਾ ਹੈ।

'ਮਾਵਾਂ-ਧੀਆਂ ਸਤਿਕਾਰ ਯੋਜਨਾ' ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਹਿਲਕਦਮੀ ਔਰਤਾਂ ਲਈ ਸਨਮਾਨ ਅਤੇ ਵਿੱਤੀ ਸਹਾਇਤਾ ਯਕੀਨੀ ਬਣਾਉਣ ਦੇ ਸਿਧਾਂਤ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ, ÷ਇਸ ਦਾ ਉਦੇਸ਼ ਔਰਤਾਂ ਦੀ ਵਿੱਤੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ ਤਾਂ ਜੋ ਉਹ ਆਪਣੀਆਂ ਬੁਨਿਆਦੀ ਲੋੜਾਂ ਲਈ ਦੂਜਿਆਂ 'ਤੇ ਨਿਰਭਰ ਰਹੇ ਬਿਨਾਂ ਆਤਮ-ਵਿਸ਼ਵਾਸ ਅਤੇ ਸਵੈ-ਮਾਣ ਨਾਲ ਜੀ ਸਕਣ। ਔਰਤਾਂ ਦੀ ਭਲਾਈ, ਸਨਮਾਨ ਅਤੇ ਵਿੱਤੀ ਆਜ਼ਾਦੀ ਸ਼ਾਸਨ ਦੇ ਕੇਂਦਰ ਵਿੱਚ ਹੋਣੀ ਚਾਹੀਦੀ ਹੈ।÷

ਔਰਤਾਂ ਲਈ ਬਣਾਈ ਗਈ ਭਲਾਈ ਯੋਜਨਾ ਦੇ ਸਿਆਸੀਕਰਨ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਸਵਾਲ ਕੀਤਾ



ਕਿ ਕਾਂਗਰਸ ਔਰਤਾਂ ਦੇ ਜੀਵਨ ਨੂੰ ਸੁਧਾਰਨ ਲਈ ਚੁੱਕੇ ਕਦਮਾਂ ਦਾ ਵਿਰੋਧ ਕਰਨ ਜਾਂ ਉਸ ਨੂੰ ਕਮਜ਼ੋਰ ਕਰਨ ਨੂੰ ਕਿਵੇਂ ਜਾਇਜ਼ ਠਹਿਰਾ ਸਕਦੀ ਹੈ। ਉਨ੍ਹਾਂ ਅੱਗੇ ਕਿਹਾ, ÷ਸਾਡੀ ਸਰਕਾਰ ਉਨ੍ਹਾਂ ਨੀਤੀਆਂ ਲਈ ਵਚਨਬੱਧ ਹੈ, ਜੋ ਔਰਤਾਂ ਨੂੰ ਪਹਿਲ ਦਿੰਦੀਆਂ ਹਨ ਅਤੇ ਉਨ੍ਹਾਂ ਨੂੰ ਸਾਰਥਕ ਸਹਾਇਤਾ ਪ੍ਰਦਾਨ ਕਰਦੀਆਂ ਹਨ। ਖੇਡਾਂ ਦੇ ਖੇਤਰ ਵਿੱਚ ਪੰਜਾਬ ਦੇ ਸ਼ਾਨਦਾਰ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਗਲਵਾਰ ਦਾ ਦਿਨ ਸੂਬੇ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਜਲੰਧਰ ਵਿੱਚ ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਸ਼ੁਰੂ ਹੋ ਰਹੀ ਹੈ। ਉਨ੍ਹਾਂ ਕਿਹਾ, ÷ਪੰਜਾਬ ਹਮੇਸ਼ਾ ਖੇਡਾਂ ਵਿੱਚ ਅੱਗੇ ਰਿਹਾ ਹੈ। ਭਾਰਤੀ ਹਾਕੀ ਟੀਮ ਦੇ 11 ਵਿੱਚੋਂ ਨੌਂ ਖਿਡਾਰੀ ਪੰਜਾਬ ਦੇ ਹਨ, ਜੋ ਖੇਡ ਜਗਤ ਵਿੱਚ ਸੂਬੇ ਦੇ ਅਥਾਹ ਯੋਗਦਾਨ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਾਕੀ ਖਿਡਾਰੀਆਂ ਨੂੰ ਕਾਫ਼ੀ ਸਮੇਂ ਬਾਅਦ ਆਪਣੇ ਘਰੇਲੂ ਦਰਸ਼ਕਾਂ ਸਾਹਮਣੇ ਖੇਡਣ ਦਾ ਮੌਕਾ ਮਿਲ ਰਿਹਾ ਹੈ, ਜਿਸ ਨਾਲ ਇਹ ਟੂਰਨਾਮੈਂਟ ਸੂਬੇ ਦੇ ਖੇਡ ਪ੍ਰੇਮੀਆਂ ਲਈ ਬਹੁਤ ਖ਼ਾਸ ਬਣ ਗਿਆ ਹੈ।

ਉਨ੍ਹਾਂ ਅੱਗੇ ਕਿਹਾ, ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਸਫ਼ਲ ਮੇਜ਼ਬਾਨੀ ਤੋਂ ਬਾਅਦ ਪੰਜਾਬ 2030 ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨ ਦੇ ਯੋਗ ਹੋ ਜਾਵੇਗਾ। ਸਾਡੀ ਸਰਕਾਰ ਖਿਡਾਰੀਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰਨ ਲਈ ਬਿਹਤਰ ਮੌਕੇ ਅਤੇ ਸਹੂਲਤਾਂ ਮੁਹੱਈਆ ਕਰ ਕੇ ਪੰਜਾਬ ਦੀਆਂ ਖੇਡਾਂ ਦੀ ਸ਼ਾਨ ਬਹਾਲ ਕਰਨ ਲਈ ਵਚਨਬੱਧ ਹੈ।

ਕਾਂਗਰਸ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਧਾਨ ਸਭਾ ਵਿੱਚ ਪਾਰਟੀ ਦੇ ਰਵੱਈਏ ਨੇ ਉਸ ਦੇ ਜਨਤਕ ਬਿਆਨਾਂ ਅਤੇ ਕਾਰਵਾਈਆਂ ਵਿਚਕਾਰ ਵਿਰੋਧਾਭਾਸ ਨੂੰ ਸਾਹਮਣੇ ਲਿਆਂਦਾ ਹੈ। ਉਨ੍ਹਾਂ ਕਿਹਾ, ÷ਕਾਂਗਰਸ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) ਦਾ ਵਿਰੋਧ ਕਰਨ ਦਾ ਦਾਅਵਾ ਕਰਦੀ ਹੈ, ਪਰ ਜਦੋਂ ਵਿਧਾਨ ਸਭਾ ਵਿੱਚ ਇਸ ਮੁੱਦੇ 'ਤੇ ਸਾਰਥਕ ਚਰਚਾ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ ਤਾਂ ਉਸ ਦੇ ਮੈਂਬਰ ਬਾਹਰ ਚਲੇ ਗਏ। ਉਨ੍ਹਾਂ ਦੀਆਂ ਕਾਰਵਾਈਆਂ ਆਪਣੇ ਆਪ ਸਭ ਕੁਝ ਬਿਆਨ ਕਰਦੀਆਂ ਹਨ।

ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਾਰਟੀ ਪੰਜਾਬ ਦੇ ਹਿੱਤਾਂ ਲਈ ਖੜ੍ਹੇ ਹੋਣ 'ਚ ਵਾਰ-ਵਾਰ ਨਾਕਾਮ ਰਹੀ ਹੈ। ਉਨ੍ਹਾਂ ਕਿਹਾ, ਪੰਜਾਬ ਦੇ ਲੋਕ ਜਾਣਦੇ ਹਨ ਕਿ ਔਖੇ ਸਮੇਂ ਵਿੱਚ ਕੌਣ ਸੂਬੇ ਦੇ ਨਾਲ ਖੜ੍ਹਾ ਸੀ ਅਤੇ ਕੌਣ ਲਗਾਤਾਰ ਧੋਖਾ ਦਿੰਦਾ ਰਿਹਾ ਹੈ। ਪੰਜਾਬ ਦੇ ਹਿੱਤ, ਅਧਿਕਾਰ ਅਤੇ ਆਸਾਂ ਹਮੇਸ਼ਾ ਪਹਿਲੇ ਨੰਬਰ 'ਤੇ ਹੋਣੀਆਂ ਚਾਹੀਦੀਆਂ ਹਨ। ਆਪਣੇ ਸੰਬੋਧਨ ਦੇ ਅੰਤ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਆਪਣੀਆਂ ਉਪਲਬਧੀਆਂ, ਜਨਤਕ ਭਲਾਈ ਪ੍ਰਤੀ ਵਚਨਬੱਧਤਾ ਅਤੇ ਸੂਬੇ ਦੇ ਹਿੱਤਾਂ ਦੀ ਰਾਖੀ ਦੇ ਦ੍ਰਿੜ੍ਹ ਸੰਕਲਪ ਦੇ ਦਮ 'ਤੇ ਲੋਕਾਂ ਵਿਚਕਾਰ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਸਰਕਾਰ ਨੇ ਸਿੰਜਾਈ, ਖੇਤੀਬਾੜੀ, ਖੇਡਾਂ ਅਤੇ ਸਮਾਜਿਕ ਭਲਾਈ ਦੇ ਖੇਤਰ ਵਿੱਚ ਠੋਸ ਤਰੱਕੀ ਕੀਤੀ ਹੈ। ਅਸੀਂ ਇੱਕ ਮਜ਼ਬੂਤ ਅਤੇ ਖ਼ੁਸ਼ਹਾਲ ਪੰਜਾਬ ਦੇ ਨਿਰਮਾਣ ਲਈ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰਨਾ ਜਾਰੀ ਰੱਖਾਂਗੇ। ਹਰ ਪੰਜਾਬੀ ਦੇ ਅਧਿਕਾਰਾਂ ਅਤੇ ਆਸਾਂ ਪ੍ਰਤੀ ਸਾਡੀ ਵਚਨਬੱਧਤਾ ਸਪੱਸ਼ਟ ਹੈ।

ਲੋਕ ਭਲਾਈ ਸਕੀਮਾਂ ਨੂੰ 'ਫ੍ਰੀਬੀਜ਼' ਕਹਿਣਾ ਆਮ ਲੋਕਾਂ ਦੀਆਂ ਆਸਾਂ-ਉਮੀਦਾਂ ਦਾ ਅਪਮਾਨ: ਡਾ. ਬਲਜੀਤ ਕੌਰ

➢ ਪੰਜਾਬ ਵਿਧਾਨ ਸਭਾ ਵਿੱਚ ਮੰਤਰੀ ਨੇ ਕਿਹਾ, ਲੋਕ-ਕੇਂਦਰਿਤ ਸਕੀਮਾਂ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਦਾ ਸਾਧਨ, ਵੋਟ ਬੈਂਕ ਦੀ ਰਾਜਨੀਤੀ ਨਹੀਂ ➢ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਵਰਗ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਵਿੱਚ ਲਿਆਂਦੇ ਗਏ ਮਹੱਤਵਪੂਰਨ ਮਤਿਆਂ ਦੇ ਹੱਕ ਵਿੱਚ ਬੋਲਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਲੋਕ ਭਲਾਈ ਸਕੀਮਾਂ ਨੂੰ 'ਫ੍ਰੀਬੀਜ਼' ਕਹਿ ਕੇ ਨਕਾਰਨਾ ਉਨ੍ਹਾਂ ਆਮ ਲੋਕਾਂ ਦੀਆਂ ਆਸਾਂ ਅਤੇ ਅਧਿਕਾਰਾਂ ਦਾ ਅਪਮਾਨ ਹੈ, ਜਿਨ੍ਹਾਂ ਦੀ ਜ਼ਿੰਦਗੀ ਵਿੱਚ ਇਨ੍ਹਾਂ ਯੋਜਨਾਵਾਂ ਨੇ ਸਕਾਰਾਤਮਕ ਬਦਲਾਅ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਲੋਕ-ਕੇਂਦਰਿਤ ਭਲਾਈ ਯੋਜਨਾਵਾਂ ਵੋਟਾਂ ਦੀ ਰਾਜਨੀਤੀ ਨਹੀਂ, ਸਗੋਂ ਸਮਾਜਿਕ ਨਿਆਂ, ਬਰਾਬਰੀ ਅਤੇ ਸਮਾਵੇਸ਼ੀ ਵਿਕਾਸ ਦਾ ਅਹਿਮ ਸਾਧਨ ਹਨ।

ਸਦਨ ਵਿੱਚ ਬੋਲਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਕਿਸੇ ਵੀ ਸਰਕਾਰ ਦੀ ਸਫਲਤਾ ਦਾ ਅਸਲ ਮਾਪਦੰਡ ਇਹ ਹੈ ਕਿ ਉਸ ਦੀਆਂ ਨੀਤੀਆਂ ਦਾ ਲਾਭ ਆਮ ਨਾਗਰਿਕਾਂ ਤੱਕ ਕਿੰਨਾ ਪਹੁੰਚਦਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦਾ ਅਰਥ ਸਿਰਫ਼ ਸੜਕਾਂ, ਇਮਾਰਤਾਂ ਅਤੇ ਬੁਨਿਆਦੀ ਢਾਂਚੇ ਦਾ ਨਿਰਮਾਣ ਨਹੀਂ, ਸਗੋਂ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ, ਸਮਾਜਿਕ ਸੁਰੱਖਿਆ ਅਤੇ ਉਨ੍ਹਾਂ ਦੇ ਘਰਾਂ ਵਿੱਚ ਖੁਸ਼ਹਾਲੀ ਲਿਆਉਣਾ ਵੀ ਹੈ।

ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਮਤੇ ਦਾ ਸਮਰਥਨ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਜਦੋਂ ਸਰਕਾਰੀ ਯੋਜਨਾਵਾਂ ਲੋਕਾਂ ਨੂੰ ਸਨਮਾਨ, ਸੁਰੱਖਿਆ ਅਤੇ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਦੀਆਂ ਹਨ ਤਾਂ ਉਨ੍ਹਾਂ ਨੂੰ



'ਫ੍ਰੀਬੀਜ਼' ਕਹਿਣਾ ਉਚਿਤ ਨਹੀਂ ਹੈ।

ਆਪਣੇ ਸੰਬੋਧਨ ਦੌਰਾਨ ਇੱਕ ਉਦਾਹਰਨ ਦਿੰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਇੱਕ ਬਾਗ਼ ਦੀ ਅਸਲ ਖ਼ੂਬਸੂਰਤੀ ਉਸ ਵੇਲੇ ਬਣੀ ਰਹਿੰਦੀ ਹੈ ਜਦੋਂ ਉਸ ਵਿੱਚ ਦਰੱਖਤ, ਫੁੱਲ, ਪੰਛੀ ਅਤੇ ਲੋਕ ਮਿਲ ਕੇ ਕੁਦਰਤੀ ਸੰਤੁਲਨ ਬਣਾਉਂਦੇ ਹਨ।

ਇਸੇ ਤਰ੍ਹਾਂ ਸਮਾਜ ਵੀ ਉਦੋਂ ਹੀ ਤਰੱਕੀ ਕਰਦਾ ਹੈ ਜਦੋਂ ਹਰ ਵਰਗ ਨੂੰ ਅੱਗੇ ਵਧਣ ਦੇ ਮੌਕੇ ਮਿਲਣ ਅਤੇ ਵਿਕਾਸ ਦਾ ਲਾਭ ਹਰ ਵਿਅਕਤੀ ਤੱਕ ਪਹੁੰਚੇ। ਉਨ੍ਹਾਂ ਕਿਹਾ ਕਿ ਲੋਕਾਂ ਲਈ ਮੌਕਿਆਂ ਅਤੇ ਸਹੂਲਤਾਂ ਨੂੰ ਸੀਮਤ ਕਰਨਾ ਸਮਾਵੇਸ਼ੀ ਵਿਕਾਸ ਦੇ ਉਦੇਸ਼ ਨੂੰ ਕਮਜ਼ੋਰ ਕਰਦਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨ ਅਤੇ ਹਰ ਵਰਗ ਨੂੰ ਸਸ਼ਕਤ ਬਣਾਉਣ ਲਈ ਕਈ ਲੋਕ-ਹਿਤੈਸ਼ੀ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਪੰਜ ਸਾਲਾਂ ਦੌਰਾਨ 10 ਲੱਖ ਤੋਂ ਵੱਧ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਾ ਲਾਭ ਮਿਲਿਆ ਹੈ, ਜਦਕਿ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਸਮੇਤ ਹੋਰ ਭਲਾਈ ਸਕੀਮਾਂ ਨੇ ਲੱਖਾਂ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਅਤੇ ਸਮਾਜਿਕ ਸਨਮਾਨ ਪ੍ਰਦਾਨ ਕੀਤਾ ਹੈ।

ਵਿਰੋਧੀ ਧਿਰ ਦੀ ਆਲੋਚਨਾ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਨੂੰ 'ਫ੍ਰੀਬੀਜ਼' ਕਹਿਣ ਵਾਲੇ ਉਨ੍ਹਾਂ ਪਰਿਵਾਰਾਂ ਦੀਆਂ ਅਸਲ ਸਮੱਸਿਆਵਾਂ ਨੂੰ ਨਹੀਂ ਸਮਝਦੇ, ਜਿਨ੍ਹਾਂ ਲਈ ਇਹ ਯੋਜਨਾਵਾਂ ਜੀਵਨ ਵਿੱਚ ਵੱਡਾ ਸਹਾਰਾ ਬਣਦੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਭਲਾਈ ਕਰਨਾ ਕਿਸੇ ਵੀ ਲੋਕ-ਭਲਾਈ ਰਾਜ ਦੀ ਜ਼ਿੰਮੇਵਾਰੀ ਹੈ ਅਤੇ ਇਹੀ ਅਸਲ ਵਿਕਾਸ ਦਾ ਪੈਮਾਨਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਆਮ ਲੋਕ ਹਨ ਅਤੇ ਲੋਕਾਂ ਦੀਆਂ ਉਮੀਦਾਂ ਤੇ ਭਾਗੀਦਾਰੀ ਹੀ ਸਰਕਾਰ ਦੀ ਦਿਸ਼ਾ ਤੈਅ ਕਰਦੀ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਸਰਕਾਰਾਂ ਲੋਕ ਭਲਾਈ, ਸਮਾਜਿਕ ਨਿਆਂ ਅਤੇ ਸਰਬਪੱਖੀ ਵਿਕਾਸ ਲਈ ਇਮਾਨਦਾਰੀ ਨਾਲ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਲੋਕਾਂ ਦਾ ਵਿਸ਼ਵਾਸ ਅਤੇ ਸਮਰਥਨ ਮਿਲਦਾ ਹੈ।

ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਦਾ ਉਦੇਸ਼ ਵਿਕਾਸ ਦੇ ਲਾਭ ਹਰ ਘਰ ਤੱਕ ਪਹੁੰਚਾਉਣਾ ਅਤੇ ਹਰ ਨਾਗਰਿਕ ਨੂੰ ਸਨਮਾਨ, ਸੁਰੱਖਿਆ ਅਤੇ ਬਿਹਤਰ ਜੀਵਨ ਦੇ ਮੌਕੇ ਪ੍ਰਦਾਨ ਕਰਨਾ ਹੈ।

ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਰਾਜਪਾਲ ਨੂੰ ਆਰ.ਟੀ.ਆਈ. ਐਂਡ ਗੁੱਡ ਗਵਰਨੈਂਸ ਪੁਸਤਕ ਭੇਂਟ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਪ੍ਰਕਾਸ਼ਿਤ ਅਤੇ ਰਾਜ ਸੂਚਨਾ ਕਮਿਸ਼ਨਰ, ਪੰਜਾਬ ਹਰਪ੍ਰੀਤ ਸੰਧੂ ਵੱਲੋਂ ਲਿਖੀ ਗਈ ਪੁਸਤਕ ਆਰ.ਟੀ.ਆਈ. ਐਂਡ ਗੁੱਡ ਗਵਰਨੈਂਸ ਅੱਜ ਲੋਕ ਭਵਨ, ਚੰਡੀਗੜ੍ਹ ਵਿਖੇ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਭੇਂਟ ਕੀਤੀ ਗਈ।

ਇਹ ਪੁਸਤਕ ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਇੰਦਰਪਾਲ ਸਿੰਘ ਧੰਨਾ ਵੱਲੋਂ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਅਤੇ ਗੁੱਡ ਗਵਰਨੈਂਸ ਦੇ ਵਧੀਕ ਮੁੱਖ ਸਕੱਤਰ ਡੀ. ਕੇ. ਤਿਵਾੜੀ, ਆਈ.ਏ.ਐਸ. ਦੀ ਮੌਜੂਦਗੀ ਵਿੱਚ ਭੇਂਟ ਕੀਤੀ ਗਈ। ਸੂਚਨਾ ਦਾ ਅਧਿਕਾਰ ਐਕਟ, 2005 ਦੇ ਲਾਗੂ ਹੋਣ ਦੇ 21 ਸਾਲ ਪੂਰੇ ਹੋਣ ਨੂੰ ਸਮਰਪਿਤ ਇਹ ਪੁਸਤਕ



ਪਾਰਦਰਸ਼ਤਾ, ਜਵਾਬਦੇਹੀ, ਨਾਗਰਿਕ ਸਸ਼ਕਤੀਕਰਨ ਅਤੇ ਸੁਚੱਜੇ ਸ਼ਾਸਨ ਦੀ ਮਹੱਤਤਾ 'ਤੇ ਝਾਤ ਪਾਉਂਦੀ ਹੈ। ਇਸ ਪੁਸਤਕ ਵਿੱਚ ਪੁਲਿਸ ਅਤੇ ਲੋਕ ਪ੍ਰਸ਼ਾਸਨ ਨੂੰ ਹੋਰ ਮਜ਼ਬੂਤ ਕਰਨ ਅਤੇ ਨਾਗਰਿਕਾਂ ਦੀ ਜਾਗਰੂਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਆਰ.ਟੀ.ਆਈ. ਢਾਂਚੇ ਦੀ ਬਦਲਦੀ ਭੂਮਿਕਾ ਨੂੰ ਦਰਸਾਇਆ ਗਿਆ ਹੈ।

ਰਾਜਪਾਲ ਪੰਜਾਬ ਨੂੰ ਪੁਸਤਕ ਭੇਂਟ ਕਰਨਾ ਸੂਚਨਾ ਦੇ ਅਧਿਕਾਰ ਐਕਟ ਦੇ ਸਿਧਾਂਤਾਂ ਨੂੰ ਅੱਗੇ ਵਧਾਉਣ ਅਤੇ ਪਾਰਦਰਸ਼ੀ, ਜਵਾਬਦੇਹ ਅਤੇ ਸੁਚੱਜੇ ਸ਼ਾਸਨ ਵਿੱਚ ਇਸਦੇ ਯੋਗਦਾਨ ਨੂੰ ਹੋਰ ਮਜ਼ਬੂਤ ਕਰਨ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਆਰ.ਟੀ.ਆਈ. ਐਂਡ ਗੁੱਡ ਗਵਰਨੈਂਸ ਪੁਸਤਕ ਦੀ ਸ਼ਲਾਘਾ ਕੀਤੀ ਅਤੇ ਆਰ.ਟੀ.ਆਈ. ਐਕਟ, 2005 ਦੇ ਪ੍ਰਭਾਵਸ਼ਾਲੀ ਅਮਲ ਰਾਹੀਂ ਸੁਚੱਜੇ ਸ਼ਾਸਨ ਅਤੇ ਸੂਚਨਾ ਦੇ ਅਧਿਕਾਰ ਢਾਂਚੇ ਦੇ ਕੰਮਕਾਜ ਨੂੰ ਮਜ਼ਬੂਤ ਕਰਨ ਵੱਲ ਪੰਜਾਬ ਸੂਚਨਾ ਕਮਿਸ਼ਨ ਦੇ ਇਸ ਸਕਾਰਾਤਮਕ ਉਪਰਾਲੇ ਦੀ ਸ਼ਲਾਘਾ ਕੀਤੀ।

ਇਸ ਪੁਸਤਕ ਵਿੱਚ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ, ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਅਤੇ ਭਾਰਤ ਦੇ ਮੁੱਖ ਸੂਚਨਾ ਕਮਿਸ਼ਨਰ ਰਾਜ ਕੁਮਾਰ ਗੋਇਲ, ਸਾਬਕਾ ਆਈ.ਏ.ਐਸ. ਦੇ ਪ੍ਰਮੁੱਖ ਸੰਦੇਸ਼ ਸ਼ਾਮਲ ਹਨ। ਉਨ੍ਹਾਂ ਦੇ ਸੰਦੇਸ਼ ਇਸ ਪ੍ਰਕਾਸ਼ਨ ਦੀ ਸੰਵਿਧਾਨਕ ਅਤੇ ਲੋਕਤੰਤਰੀ ਮਹੱਤਤਾ ਨੂੰ ਉਜਾਗਰ ਕਰਦੇ ਹਨ। ਇਸ ਤੋਂ ਇਲਾਵਾ, ਭਾਰਤ ਦੇ ਪਹਿਲੇ ਮੁੱਖ ਸੂਚਨਾ ਕਮਿਸ਼ਨਰ ਵਜਾਹਤ ਹਬੀਬੁੱਲਾ ਅਤੇ ਪੰਜਾਬ ਦੇ ਪਹਿਲੇ ਮੁੱਖ ਸੂਚਨਾ ਕਮਿਸ਼ਨਰ ਰਾਜਨ ਕਸ਼ਯਪ ਨੇ ਵੀ ਇਸ ਪੁਸਤਕ ਦੀ ਸ਼ਲਾਘਾ ਕੀਤੀ ਹੈ।

ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਸਰਪ੍ਰਸਤੀ ਹੇਠ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਵੱਲੋਂ ਲਿਖੀ ਇਹ ਪੁਸਤਕ ਜਨਤਕ ਜਾਗਰੂਕਤਾ ਵਧਾਉਣ, ਆਰ.ਟੀ.ਆਈ. ਢਾਂਚੇ ਦੇ ਜ਼ਿੰਮੇਵਾਰਾਨਾ ਅਮਲ ਨੂੰ ਉਤਸ਼ਾਹਿਤ ਕਰਨ ਅਤੇ ਜਨਤਕ ਅਦਾਰਿਆਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਅਮਲ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ। ਇਹ ਸਮਾਗਮ ਪਿਛਲੇ 21 ਸਾਲਾਂ ਦੀਆਂ ਪ੍ਰਾਪਤੀਆਂ ਦੀ ਸਮੀਖਿਆ ਕਰਨ ਦੇ ਨਾਲ-ਨਾਲ ਵਡੇਰੇ ਜਨਤਕ ਹਿੱਤ ਵਿੱਚ ਐਕਟ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਲੋੜ 'ਤੇ ਜ਼ੋਰ ਦੇਣ ਦਾ ਇੱਕ ਵਿਸ਼ੇਸ਼ ਮੌਕਾ ਸੀ।

ਦੀਵਾਲੀ ਦੇ ਤਿਉਹਾਰ ਮੌਕੇ ਚੰਡੀਗੜ੍ਹ 'ਚ ਟ੍ਰੈਫਿਕ ਪ੍ਰਬੰਧਾਂ ਲਈ ਪੁਲਿਸ ਦੀ ਵਿਸ਼ੇਸ਼ ਅਪੀਲ, ਬਾਜ਼ਾਰਾਂ ਨੇੜੇ ਸਕੂਲਾਂ 'ਚ ਹੋਵੇਗੀ ਪਾਰਕਿੰਗ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀਵਾਲੀ ਸਮੇਤ ਹੋਰ ਤਿਉਹਾਰਾਂ ਦੇ ਮੱਦੇਨਜ਼ਰ ਸ਼ਹਿਰ ਦੇ ਬਾਜ਼ਾਰਾਂ ਵਿੱਚ ਵਧਣ ਵਾਲੀ ਭੀੜ ਅਤੇ ਆਵਾਜਾਈ ਦੇ ਦਬਾਅ ਨੂੰ ਦੇਖਦਿਆਂ ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਲੋਕਾਂ ਨੂੰ ਸਹਿਯੋਗ ਦੀ ਅਪੀਲ ਕੀਤੀ ਹੈ। ਪੁਲਿਸ ਵੱਲੋਂ ਜਾਰੀ ਜਨਤਕ ਅਪੀਲ ਅਨੁਸਾਰ, 1 ਨਵੰਬਰ ਤੋਂ 8 ਨਵੰਬਰ 2026 ਤੱਕ ਤਿਉਹਾਰੀ ਖਰੀਦਦਾਰੀ ਦੌਰਾਨ ਆਵਾਜਾਈ ਨੂੰ ਸੁਚਾਰੂ ਬਣਾਈ ਰੱਖਣ ਲਈ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਵਾਹਨ ਸਿਰਫ਼ ਨਿਰਧਾਰਤ ਪਾਰਕਿੰਗ ਸਥਾਨਾਂ 'ਤੇ ਹੀ ਖੜ੍ਹੇ ਕਰਨ ਦੀ ਸਲਾਹ ਦਿੱਤੀ ਗਈ ਹੈ। ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਕਿਹਾ ਹੈ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਬਾਜ਼ਾਰਾਂ ਵਿੱਚ ਖਰੀਦਦਾਰੀ ਕਰਨ ਆਉਣ ਵਾਲੇ ਲੋਕਾਂ ਦੀ ਗਿਣਤੀ ਵਧਣ ਕਾਰਨ ਸੜਕਾਂ 'ਤੇ ਜਾਮ ਲੱਗਣ ਅਤੇ ਪਾਰਕਿੰਗ ਦੀ ਸਮੱਸਿਆ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਸ ਲਈ ਆਮ ਲੋਕਾਂ ਦੇ ਸਹਿਯੋਗ ਨਾਲ ਹੀ ਆਵਾਜਾਈ ਪ੍ਰਬੰਧਾਂ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ।

ਟ੍ਰੈਫਿਕ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਬਾਜ਼ਾਰ ਜਾਂ ਹੋਰ ਮੰਜ਼ਿਲ ਨੇੜੇ ਹੈ, ਤਾਂ ਮੋਟਰ ਵਾਹਨ ਦੀ ਬਜਾਏ ਪੈਦਲ ਜਾਣ ਨੂੰ ਤਰਜੀਹ ਦਿੱਤੀ ਜਾਵੇ। ਇਸ ਨਾਲ ਸੜਕਾਂ 'ਤੇ ਵਾਹਨਾਂ ਦੀ ਗਿਣਤੀ ਘਟੇਗੀ ਅਤੇ ਪਾਰਕਿੰਗ ਦੀ ਸਮੱਸਿਆ ਵੀ ਘੱਟ ਹੋਵੇਗੀ। ਇਸ ਤੋਂ ਇਲਾਵਾ, ਲੋਕਾਂ ਨੂੰ ਭੀੜ ਵਾਲੇ ਸਮੇਂ ਤੋਂ ਬਚ ਕੇ ਆਪਣੀ ਯਾਤਰਾ ਦੀ ਯੋਜਨਾ ਬਣਾਉਣ ਅਤੇ ਇੱਕੋ ਦਿਸ਼ਾ ਵੱਲ ਜਾਣ ਵਾਲੇ ਲੋਕਾਂ ਨੂੰ ਸਾਂਝੇ ਵਾਹਨਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸ ਤਰ੍ਹਾਂ ਸੜਕਾਂ 'ਤੇ ਵਾਹਨਾਂ ਦਾ ਦਬਾਅ ਘਟਾਉਣ ਵਿੱਚ ਮਦਦ ਮਿਲੇਗੀ। ਪੁਲਿਸ ਨੇ ਕਿਹਾ ਹੈ ਕਿ ਵਾਹਨ ਨਿਰਧਾਰਤ ਪਾਰਕਿੰਗ ਸਥਾਨਾਂ ਵਿੱਚ ਇਸ ਤਰ੍ਹਾਂ ਖੜ੍ਹੇ ਕੀਤੇ ਜਾਣ ਕਿ ਬੇਲੋੜੀ ਜਗ੍ਹਾ ਨਾ ਘੇਰੀ ਜਾਵੇ ਅਤੇ ਹੋਰ ਵਾਹਨਾਂ ਨੂੰ ਪਾਰਕਿੰਗ ਕਰਨ ਵਿੱਚ ਮੁਸ਼ਕਲ ਨਾ ਆਵੇ।

ਸੜਕਾਂ 'ਤੇ ਪਾਰਕਿੰਗ ਕਰਨ ਵਾਲਿਆਂ ਖ਼ਿਲਾਫ਼ ਹੋਵੇਗੀ ਕਾਰਵਾਈ

ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਸੜਕਾਂ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਵਾਹਨ ਖੜ੍ਹੇ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਨੂੰ ਟੋਅ ਕਰਕੇ ਲਿਜਾਇਆ ਜਾ ਸਕਦਾ ਹੈ ਜਾਂ ਉਨ੍ਹਾਂ ਨੂੰ ਕਲੈਂਪ ਕੀਤਾ ਜਾ ਸਕਦਾ ਹੈ। ਲੋਕਾਂ ਨੂੰ ਸਾਈਕਲ ਟਰੈਕਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਬਣੇ ਰਸਤਿਆਂ 'ਤੇ ਵਾਹਨ ਖੜ੍ਹੇ ਕਰਨ ਜਾਂ ਉਨ੍ਹਾਂ 'ਤੇ ਵਾਹਨ ਚਲਾਉਣ ਤੋਂ ਵੀ ਗੁਰੇਜ਼ ਕਰਨ ਲਈ ਕਿਹਾ ਗਿਆ ਹੈ। ਅਜਿਹਾ ਕਰਨ ਨਾਲ ਸਾਈਕਲ ਸਵਾਰਾਂ ਅਤੇ ਪੈਦਲ ਯਾਤਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਹਾਦਸਿਆਂ ਦਾ ਖ਼ਤਰਾ ਵੀ ਵਧ ਸਕਦਾ ਹੈ। ਪੁਲਿਸ ਨੇ ਵਾਹਨ ਚਾਲਕਾਂ ਨੂੰ ਟ੍ਰੈਫਿਕ ਜਾਮ ਦੌਰਾਨ ਸਬਰ ਰੱਖਣ ਅਤੇ ਬਿਨਾਂ ਲੋੜ ਹਾਰਨ ਨਾ ਵਜਾਉਣ ਦੀ ਅਪੀਲ ਵੀ ਕੀਤੀ ਹੈ।

ਬਾਜ਼ਾਰਾਂ ਨੇੜੇ ਸਰਕਾਰੀ ਸਕੂਲਾਂ ਵਿੱਚ ਪਾਰਕਿੰਗ ਦੀ ਸਹੂਲਤ

ਤਿਉਹਾਰੀ ਖਰੀਦਦਾਰੀ ਲਈ ਆਉਣ ਵਾਲੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਵੱਖ-ਵੱਖ ਸੈਕਟਰਾਂ ਦੇ ਬਾਜ਼ਾਰਾਂ ਨੇੜੇ ਸਥਿਤ ਸਰਕਾਰੀ ਸਕੂਲਾਂ ਅਤੇ ਕਾਲਜਾਂ ਦੇ ਪਾਰਕਿੰਗ ਸਥਾਨਾਂ ਦੀ ਵਰਤੋਂ ਕਰਨ ਦੀ ਵਿਵਸਥਾ ਕੀਤੀ ਹੈ। ਇਹ ਸਹੂਲਤ ਸਕੂਲਾਂ ਦੇ ਸਮੇਂ ਤੋਂ ਬਾਅਦ ਅਤੇ ਛੁੱਟੀਆਂ ਵਾਲੇ ਦਿਨਾਂ ਦੌਰਾਨ ਉਪਲਬਧ ਰਹੇਗੀ। ਪੁਲਿਸ ਦੀ ਅਪੀਲ ਅਨੁਸਾਰ, ਇਹ ਵਿਵਸਥਾ ਦੀਵਾਲੀ ਤੱਕ ਲੋਕਾਂ ਦੀ ਸਹੂਲਤ ਲਈ ਕੀਤੀ ਗਈ ਹੈ।

ਬਾਜ਼ਾਰਾਂ ਅਨੁਸਾਰ ਪਾਰਕਿੰਗ ਲਈ ਨਿਰਧਾਰਤ ਕੀਤੇ ਗਏ ਸਥਾਨ ਹੇਠ ਲਿਖੇ ਹਨ:

1. ਸੈਕਟਰ-8 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-8-ਬੀ।
2. ਸੈਕਟਰ-15 ਬਾਜ਼ਾਰ: ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-15-ਸੀ, ਗੁਰਦੁਆਰਾ ਸਾਹਿਬ ਨੇੜੇ।
3. ਸੈਕਟਰ-18 ਬਾਜ਼ਾਰ: ਸਰਕਾਰੀ ਗਰਲਜ਼ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-18-ਡੀ।
4. ਸੈਕਟਰ-19 ਬਾਜ਼ਾਰ: ਸਰਕਾਰੀ ਹਾਈ ਸਕੂਲ, ਸੈਕਟਰ-19-ਡੀ ਅਤੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-19-ਸੀ।
5. ਸੈਕਟਰ-20 ਬਾਜ਼ਾਰ: ਸਰਕਾਰੀ ਗਰਲਜ਼ ਮਾਡਲ ਸਕੂਲ, ਸੈਕਟਰ-20-ਬੀ; ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-20-ਡੀ ਅਤੇ ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-20-ਡੀ।
6. ਸੈਕਟਰ-22 ਬਾਜ਼ਾਰ: ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-22-ਏ ਅਤੇ ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-22-ਸੀ।
7. ਸੈਕਟਰ-29 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-29-ਬੀ; ਸਰਕਾਰੀ ਹਾਈ ਸਕੂਲ, ਸੈਕਟਰ-29-ਬੀ ਅਤੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-29-ਏ।
8. ਸੈਕਟਰ-30 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-30।
9. ਸੈਕਟਰ-32 ਬਾਜ਼ਾਰ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-32-ਸੀ।
10. ਸੈਕਟਰ-34 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-34-ਸੀ।
11. ਸੈਕਟਰ-35 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-35-ਡੀ ਅਤੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-35-ਸੀ।
12. ਸੈਕਟਰ-36 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-36-ਸੀ।
13. ਸੈਕਟਰ-37 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-37-ਸੀ ਅਤੇ ਸਰਕਾਰੀ ਮਿਡਲ ਸਕੂਲ, ਸੈਕਟਰ-37-ਸੀ।
14. ਸੈਕਟਰ-38 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-38-ਡੀ।
15. ਸੈਕਟਰ-40 ਬਾਜ਼ਾਰ: ਸਰਕਾਰੀ ਮਾਡਲ ਹਾਈ ਸਕੂਲ, ਸੈਕਟਰ-40-ਏ ਅਤੇ ਸਰਕਾਰੀ ਮਾਡਲ ਸਕੂਲ, ਸੈਕਟਰ-40-ਬੀ।
16. ਸੈਕਟਰ-41 ਬਾਜ਼ਾਰ: ਸਰਕਾਰੀ ਮਾਡਲ ਸਕੂਲ, ਸੈਕਟਰ-41-ਡੀ, ਬਡਹੇੜੀ।

ਤੀਹ ਤੋਂ ਵੱਧ ਮੰਡੀਆਂ 'ਚ ਝੋਨੇ ਦੀ ਖ਼ਰੀਦ ਬੰਦ ਕਰਨ ਦਾ ਹੁਕਮ



ਮੁਹਾਲੀ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਮੰਡੀ ਬੋਰਡ ਵੱਲੋਂ ਝੋਨੇ ਦੀ ਖ਼ਰੀਦ ਦੇ ਚੱਲ ਰਹੇ ਸੀਜ਼ਨ ਦੌਰਾਨ ਹੀ ਚਾਰ ਜ਼ਿਲ੍ਹਿਆਂ ਦੀਆਂ 35 ਮੰਡੀਆਂ ਵਿਚ ਖ਼ਰੀਦ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪੰਜਾਬ ਮੰਡੀ ਬੋਰਡ ਦੇ ਸਕੱਤਰ ਕੁਮਾਰ ਅਮਿਤ ਵੱਲੋਂ ਜਾਰੀ ਪੱਤਰ ਤਹਿਤ ਸਾਰੇ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੂੰ ਇਹ ਹੁਕਮ ਮੰਗਲਵਾਰ ਸ਼ਾਮ ਪੰਜ ਵਜੇ ਤੋਂ ਲਾਗੂ ਕਰਨ ਲਈ ਕਿਹਾ ਗਿਆ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਮੰਡੀਆਂ ਨੂੰ ਪ੍ਰਬੰਧਕੀ ਹਿੱਤਾਂ ਨੂੰ ਮੁੱਖ ਰੱਖਦਿਆਂ ਖ਼ੁਰਾਕ ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਸਿਫ਼ਾਰਸ਼ ਅਨੁਸਾਰ ਬੰਦ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਪੱਤਰ ਅਨੁਸਾਰ ਪੰਜਾਬ ਦੇ ਬਾਕੀ ਸਾਰੇ ਮੁੱਖ ਯਾਰਡ, ਸਬ ਯਾਰਡ ਅਤੇ ਖ਼ਰੀਦ ਕੇਂਦਰ ਚਾਲੂ ਰਹਿਣਗੇ। ਰਾਜ ਦੀਆਂ ਜਿਨ੍ਹਾਂ ਮੰਡੀਆਂ ਨੂੰ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਉਨ੍ਹਾਂ ਵਿਚ ਬਹੁਤੀਆਂ ਮੰਡੀਆਂ ਵਿਚ ਹਾਲੇ ਝੋਨੇ ਦੀ ਆਮਦ ਜਾਰੀ ਹੈ, ਜਿਸ ਕਾਰਨ ਕਿਸਾਨ ਪ੍ਰੇਸ਼ਾਨ ਹਨ।

ਜਿਨ੍ਹਾਂ ਮੰਡੀਆਂ ਅਤੇ ਖ਼ਰੀਦ ਕੇਂਦਰਾਂ ਵਿਚ ਝੋਨੇ ਦੀ ਖ਼ਰੀਦ ਅੱਜ ਤੋਂ ਬੰਦ ਕਰਨ ਲਈ ਕਿਹਾ ਗਿਆ ਹੈ, ਉਨ੍ਹਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਟਾਹਲੀ ਸਾਹਿਬ, ਭੋਏਵਾਲ, ਜਲਾਲ ਉਸਮਾ, ਜਸਰੌਰ, ਰਾਜਾਤਾਲ, ਬਚੀਵਿੰਡ, ਖਲਚੀਆਂ, ਕਾਲੇਕੇ, ਤਰਸਿੱਕਾ, ਗਿੱਲ, ਖਤਰਾਏ ਕਲਾਂ, ਚੱਕ ਸਿਕੰਦਰ, ਚਮਿਆਰੀ, ਸਾਹਬਾਜ਼ਪੁਰ ਛੀਨਾ, ਟਾਂਗਰਾ, ਢੱਡੇ, ਸਠਿਆਲਾ ਸ਼ਾਮਲ ਹਨ। ਕਪੂਰਥਲਾ ਜ਼ਿਲ੍ਹੇ ਦੀਆਂ ਜਿਨ੍ਹਾਂ ਮੰਡੀਆਂ ਨੂੰ ਬੰਦ ਕੀਤਾ ਗਿਆ ਹੈ, ਉਨ੍ਹਾਂ ਵਿਚ ਲੱਖਣਕੇ ਪੱਡੇ, ਪਰਮਜਿੱਤਪੁਰ, ਭਰੋਆਨਾ ਸ਼ਾਮਲ ਹਨ। ਤਰਨ ਤਾਰਨ ਸਾਹਿਬ ਜ਼ਿਲ੍ਹੇ ਦੀਆਂ ਬੰਦ ਕੀਤੀਆਂ ਮੰਡੀਆਂ ਤੇ ਖ਼ਰੀਦ ਕੇਂਦਰਾਂ ਵਿਚ ਸ਼ੇਰੋਂ, ਚੱਕ ਕਰੇ ਖਾਂ, ਮੀਆਂਵਿੰਡ, ਖਡੂਰ ਸਾਹਿਬ, ਵਾ ਤਾਰਾ ਸਿੰਘ, ਕਸੇਲ, ਢੋਟੀਆਂ, ਠੱਠੀਆਂ ਮਹੰਤਾ, ਰੱਤੋਕੇ ਅਤੇ ਰਾਜੋਕੇ ਸ਼ਾਮਲ ਹਨ।

ਇਸੇ ਤਰਾਂ ਮੁਹਾਲੀ ਜ਼ਿਲ੍ਹੇ ਦੀਆਂ ਜਿਹੜੀਆਂ ਮੰਡੀਆਂ ਅਤੇ ਖ਼ਰੀਦ ਕੇਂਦਰ ਬੰਦ ਕੀਤੇ ਗਏ ਹਨ, ਉਨ੍ਹਾਂ ਵਿਚ ਨਗਲਾ ਰੋਡ (ਜ਼ੀਰਕਪੁਰ), ਧਨੋਨੀ, ਟਿਵਾਣਾ, ਸਨੇਟਾ ਅਤੇ ਅਮਲਾਲਾ ਸ਼ਾਮਲ ਹਨ।

ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਸਜਾਏ ਵਿਸ਼ਾਲ ਨਗਰ ਕੀਰਤਨ 'ਤੇ ਛਾਇਆ ਖ਼ਾਲਸਾਈ ਰੰਗ



ਫਰਿਜ਼ਨੋ (ਕੈਲੀਫੋਰਨੀਆ), 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ, ਜੋ ਕਿ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਧਾਰਮਿਕ ਸੇਵਾਵਾਂ ਨਿਭਾਅ ਰਿਹਾ ਹੈ, ਵੱਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਸਾਲਾਨਾ ਨਗਰ ਕੀਰਤਨ ਬੜੀ ਸ਼ਰਧਾ, ਉਤਸ਼ਾਹ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਸਜਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਨਗਰ ਕੀਰਤਨ ਦੌਰਾਨ ਰੰਗ-ਬਿਰੰਗੀਆਂ ਦਸਤਾਰਾਂ ਅਤੇ ਦੁਪੱਟਿਆਂ ਨਾਲ ਸਜੀਆਂ ਸੰਗਤਾਂ ਨੂੰ ਵੇਖ ਕੇ ਇੰਜ ਪ੍ਰਤੀਤ ਹੋ ਰਿਹਾ ਸੀ ਜਿਵੇਂ ਸਮੁੱਚਾ ਫਰਿਜ਼ਨੋ ਸ਼ਹਿਰ ਹੀ ਖ਼ਾਲਸਾਈ ਰੰਗ ਵਿੱਚ ਰੰਗਿਆ ਗਿਆ ਹੋਵੇ। ਗੁਰੂ ਘਰ ਅੰਦਰ ਗੁਰਬਾਣੀ ਦੇ ਇਲਾਹੀ ਪ੍ਰਵਾਹ ਚੱਲ ਰਹੇ ਸਨ, ਜਦਕਿ ਵੱਖ-ਵੱਖ ਤਰ੍ਹਾਂ ਦੇ ਗੁਰੂ ਕੇ ਲੰਗਰਾਂ ਅਤੇ ਸਟਾਲਾਂ ਨੇ ਪੰਜਾਬ ਦੇ ਕਿਸੇ ਇਤਿਹਾਸਕ ਧਾਰਮਿਕ ਅਸਥਾਨ ਵਰਗਾ ਮਾਹੌਲ ਸਿਰਜਿਆ ਹੋਇਆ ਸੀ।

ਸਿੱਖ ਇਤਿਹਾਸ ਦੀਆਂ ਗੌਰਵਮਈ ਘਟਨਾਵਾਂ ਨੂੰ ਦਰਸਾਉਂਦੀਆਂ ਸੁੰਦਰ ਝਾਕੀਆਂ ਨਾਲ ਸਜਾਏ ਗਏ ਫਲੋਟ ਨਗਰ ਕੀਰਤਨ ਦੀ ਸ਼ੋਭਾ ਨੂੰ ਚਾਰ ਚੰਨ ਲਗਾ ਰਹੇ ਸਨ। ਵੱਖ-ਵੱਖ ਢਾਡੀ ਜਥਿਆਂ, ਕੀਰਤਨੀ ਜਥਿਆਂ, ਕਥਾਵਾਚਕਾਂ ਅਤੇ ਧਾਰਮਿਕ ਬੁਲਾਰਿਆਂ ਨੇ ਫਲੋਟਾਂ ਤੋਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਇਆ।

ਨਗਰ ਕੀਰਤਨ ਆਪਣਾ ਪੈਂਡਾ ਤੈਅ ਕਰਦਾ ਹੋਇਆ ਫਾਊਲਰ ਸ਼ਹਿਰ ਦੇ ਪਾਰਕ ਵਿੱਚ ਪਹੁੰਚਿਆ, ਜਿੱਥੇ ਗੁਰੂ ਘਰ ਦੇ ਸੇਵਾਦਾਰ ਭਾਈ ਜਗਰੂਪ ਸਿੰਘ ਨੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਉਨ੍ਹਾਂ ਨੇ ਟਰੱਕਿੰਗ ਕਿੱਤੇ ਨਾਲ ਜੁੜੀਆਂ ਗੰਭੀਰ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਟਰੱਕ ਹਾਦਸਿਆਂ ਅਤੇ ਲੋਡ ਚੋਰੀ ਵਰਗੇ ਮਾਮਲਿਆਂ ਵਿੱਚ ਪੰਜਾਬੀ ਨਾਵਾਂ ਦੇ ਸਾਹਮਣੇ ਆਉਣ 'ਤੇ ਡੂੰਘੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਅਜਿਹੇ ਮਸਲੇ ਸਮੁੱਚੇ ਪੰਜਾਬੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹਨ ਅਤੇ ਇਨ੍ਹਾਂ ਦੇ ਹੱਲ ਲਈ ਗੁਰੂ ਘਰਾਂ ਵਿੱਚ ਸਾਂਝੀਆਂ ਮੀਟਿੰਗਾਂ ਕਰਕੇ ਗੰਭੀਰ ਵਿਚਾਰ-ਵਟਾਂਦਰਾ ਕਰਨ ਦੀ ਲੋੜ ਹੈ।

ਭਾਈ ਜਗਰੂਪ ਸਿੰਘ ਨੇ 'ਆਖ਼ਿਰ ਕਦੋਂ ਤੱਕ' ਦੇ ਬੈਨਰ ਹੇਠ ਟਰੱਕਿੰਗ ਖੇਤਰ ਦੀਆਂ ਸਮੱਸਿਆਵਾਂ ਸਬੰਧੀ ਚੱਲ ਰਹੇ ਪ੍ਰੋਗਰਾਮਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸੇ ਸਬੰਧ ਵਿੱਚ 12 ਦਸੰਬਰ ਨੂੰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਵਿਸ਼ੇਸ਼ ਇਕੱਤਰਤਾ ਕੀਤੀ ਜਾਵੇਗੀ, ਜਿਸ ਵਿੱਚ ਭਾਈਚਾਰੇ ਨੂੰ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

ਇਸ ਮੌਕੇ ਪੰਥ ਪ੍ਰਸਿੱਧ ਕਵੀਸ਼ਰ ਮਹਿਲ ਸਿੰਘ ਚੰਡੀਗੜ੍ਹ ਵਾਲਿਆਂ ਦੇ ਜਥੇ ਨੇ ਸਿੱਖ ਇਤਿਹਾਸ ਦੀਆਂ ਜੋਸ਼ੀਲੀਆਂ ਵਾਰਾਂ ਸੁਣਾ ਕੇ ਸੰਗਤਾਂ ਵਿੱਚ ਨਵਾਂ ਜੋਸ਼ ਭਰ ਦਿੱਤਾ। ਇਸੇ ਤਰ੍ਹਾਂ ਕੈਲੀਫੋਰਨੀਆ ਗੱਤਕਾ ਦਲ ਦੇ ਸਿੰਘਾਂ ਨੇ ਗੱਤਕੇ ਦੇ ਸ਼ਾਨਦਾਰ ਜੌਹਰ ਵਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਿੱਖ ਮਾਰਸ਼ਲ ਆਰਟ ਦੀ ਅਮੀਰ ਵਿਰਾਸਤ ਦੀ ਝਲਕ ਪੇਸ਼ ਕੀਤੀ।

ਸਮਾਗਮ ਦੌਰਾਨ ਭਾਈਚਾਰੇ ਨੂੰ ਵਕਾਲਤ ਦੇ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਦਲੇ ਉੱਘੇ ਵਕੀਲ ਜਸਪ੍ਰੀਤ ਸਿੰਘ ਦਾ ਸਟੇਜ ਤੋਂ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਅਖ਼ੀਰ ਵਿੱਚ ਗੁਰਬਾਣੀ ਦੇ ਰਸਭਿੰਨੇ ਕੀਰਤਨ, ਖ਼ਾਲਸਾਈ ਜਾਹੋ-ਜਲਾਲ, ਸੰਗਤਾਂ ਦੇ ਉਤਸ਼ਾਹ ਅਤੇ ਗੁਰੂ ਕੇ ਅਤੁੱਟ ਲੰਗਰਾਂ ਦੀਆਂ ਅਮਿੱਟ ਯਾਦਾਂ ਛੱਡਦਾ ਇਹ ਵਿਸ਼ਾਲ ਨਗਰ ਕੀਰਤਨ ਯਾਦਗਾਰੀ ਹੋ ਨਿੱਬੜਿਆ।

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

ਸੋਨ ਸੁਨਹਿਰੀ ਕਲਮਾਂ

ਕਵਿਤਾ ਦੇ ਖੇਤਰ 'ਚ ਨਵੀਂ ਦਸਤਕ



ਪ੍ਰਵੀਨ ਚੌਧਰੀ

ਸਾਹਿਤ ਖੇਤਰ ਵਿਚ ਵੱਡੀਆਂ ਸੰਭਾਵਨਾਵਾਂ ਲੈ ਕੇ ਦਸਤਕ ਦੇਣ ਵਾਲੀ ਕਵਿੱਤਰੀ ਅਤੇ ਕਹਾਣੀਕਾਰ ਪ੍ਰਵੀਨ ਚੌਧਰੀ ਦਾ ਪਿੰਡ ਥੋਪੀਆ ਤੇ ਤਹਿਸੀਲ ਬਲਾਚੌਰ ਹੈ। ਉਹ ਆਪਣੇ ਪਿਤਾ ਪਵਨ ਚੌਹਾਨ ਅਤੇ ਮਾਂ ਸੰਤੋਸ਼ ਚੌਹਾਨ ਦੀ ਲਾਡਲੀ ਧੀ ਹੈ। ਪ੍ਰਾਇਮਰੀ ਤੋਂ ਲੈ ਕੇ ਮਾਸਟਰ ਡਿਗਰੀ ਦੀ ਸਿੱਖਿਆ ਹਾਸਲ ਕਰਨਾ ਉਸ ਦੇ ਬੌਧਿਕ ਗਿਆਨ ਵਿਚ ਨਿਪੁੰਨ ਹੋਣ ਦਾ ਪ੍ਰਮਾਣ ਹੈ। ਕਾਲਜ ਦੀ ਪੜ੍ਹਾਈ ਦੌਰਾਨ ਉਸ ਨੇ ਸੱਭਿਆਚਾਰਕ ਸਰਗਰਮੀਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਹੋਏ ਗਿੱਧੇ ਵਿਚ ਨਾਮਣਾ ਖੱਟਿਆ। ਉਹ ਸਰਵਗੁਣ ਸੰਪਨ ਹੈ ਕਿਉਂਕਿ ਉਸ ਨੇ ਖੇਡ ਦੇ ਮੈਦਾਨ ਵਿਚ ਵੀ ਹਾਕੀ ਫੜ ਕੇ ਆਪਣੀ ਯੋਗਤਾ ਦਾ ਦਿਖਾਈ। ਚੰਗੀ ਸੂਰਤ ਅਤੇ ਸੋਹਣੀ ਸੀਰਤ ਦੀ ਮਾਲਕ ਹੋਣ ਦੇ ਨਾਲ-ਨਾਲ ਉਸ ਨੇ ਆਪਣੀ ਕਲਮ ਦਾ ਇਸਤੇਮਾਲ ਕਰਦੇ ਹੋਏ ਸਮਾਜਿਕ ਪੀੜਾ ਨੂੰ ਬਿਆਨ ਕਰਦੀਆਂ ਮਿੰਨੀ ਕਹਾਣੀਆਂ ਅਤੇ ਕਵਿਤਾਵਾਂ ਦੀ ਰਚਨਾ ਕੀਤੀ। ਉਸ ਦੀਆਂ ਦਰਜਨਾਂ ਰਚਨਾਵਾਂ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪ ਚੁੱਕੀਆਂ ਹਨ। ਅੱਜ ਉਹ ਆਪਣੇ ਪਤੀ ਬਾਲੀ ਖੇਪਰ ਦੇ ਸਹਿਯੋਗ ਨਾਲ ਸਹੁਰਾ ਪਿੰਡ ਬੇਗੋਵਾਲ ਤਹਿਸੀਲ ਬਲਾਚੌਰ ਤੋਂ ਸਾਹਿਤ ਦੇ ਨਵੇਂ ਪੰਨੇ ਸਿਰਜ ਰਹੀ ਹੈ। ਆਓ ਮਾਣਦੇ ਹਾਂ ਉਸ ਦੀਆਂ ਕਵਿਤਾਵਾਂ ਦਾ ਅਨੰਦ।

• **ਰਾਮਦਾਸ ਬੰਗੜ**
99153-53800

ਕਵਿਤਾਵਾਂ

ਰਿਸ਼ਤੇ



ਇਨਸਾਨੀਅਤ ਮਰ ਜਾਂਦੀ ਹੈ ਉਦੋਂ,
ਜਦੋਂ ਬੰਦੇ ਨਾਲ ਬੰਦਾ ਧੋਖਾ ਕਮਾਉਂਦਾ ਹੈ।
ਇਨਸਾਨੀਅਤ ਮਰ ਜਾਂਦੀ ਹੈ ਉਦੋਂ,
ਜਦੋਂ ਬੰਦਾ ਛੁਪਿਆ ਰੂਪ ਦਿਖਾਉਂਦਾ ਹੈ,
ਵਿਸ਼ਵਾਸ ਉਦੋਂ ਉੱਠਦਾ।
ਜਦੋਂ ਆਪਣਾ ਕੋਈ ਦਿਲ ਦਿਖਾਉਂਦਾ ਹੈ,
ਮਾਣ ਬੰਦੇ ਦਾ ਉਦੋਂ ਟੁੱਟਦਾ ਹੈ।
ਯਾਰ ਜਦੋਂ ਪਿੱਠ ਪਿੱਛੇ ਹਥਿਆਰ ਚਲਾਉਂਦਾ ਹੈ,
ਮਨ ਰਿਸ਼ਤਿਆਂ ਤੋਂ ਉਦੋਂ ਭਰ ਜਾਵੇ।
ਜਦੋਂ ਵੀਰ ਵੀਰ ਨਾਲ ਦਗਾ ਕਮਾਉਂਦਾ ਹੈ।

ਮਾਂ

ਮੇਰਾ ਤੂੰ ਹੀ ਇਕ ਸਹਾਰਾ ਮਾਂ,
ਤੇਰਾ ਪਿਆਰ ਹੀ ਸਭ ਤੋਂ ਨਿਆਰਾ ਮਾਂ।
ਜਦ ਝਿੜਕਾਂ ਦੇ ਨਾਲ ਪਿਆਰ ਕਰੇ,
ਮੇਰੀਆਂ ਖ਼ੁਸ਼ੀਆਂ ਲਈ ਸਭ ਨਾਲ ਲੜੇ।
ਤੂੰ ਦਿਖੇ ਨਾ ਮੈਨੂੰ ਇਕ ਪਲ ਵੀ,
ਮਨ ਡਰ-ਡਰ ਇੱਕੋ ਗੱਲ ਕਹੇ।
ਤੇਰੇ ਬਿਨਾਂ ਨਾ ਕੋਈ ਕਿਨਾਰਾ ਮਾਂ,
ਮੇਰਾ ਤੂੰ ਹੀ ਇੱਕ ਸਹਾਰਾ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਪਰਮਜੀਤ ਕੌਰ ਸਰਹਿੰਦ



ਅਕਸਰ ਦੇਖਣ 'ਚ ਆਉਂਦਾ ਹੈ ਕਿ ਪਤੀ ਘਰ 'ਚ ਤਾਂ ਪਤਨੀ ਨਾਲ ਸੁਖਾਵਾਂ ਵਰਤਾਓ ਰੱਖਦਾ ਹੈ ਪਰ ਦੂਜਿਆਂ ਦੇ ਸਾਹਮਣੇ ਉਸ 'ਤੇ ਬੇਲੋੜਾ ਰੋਹਬ ਪਾਉਂਦਾ ਹੈ ਅਤੇ ਕਾਗ਼ਜ਼ੀ ਸ਼ੇਰ ਬਣਦਾ ਹੈ...

ਤੇਰੀ ਮੇਰੀ ਇਕ ਜਿੰਦੜੀ

ਪਤੀ-ਪਤਨੀ ਦਾ ਰਿਸ਼ਤਾ ਬਹੁਤ ਅਪਣੱਤ ਭਰਿਆ ਤੇ ਮਜ਼ਬੂਤ ਹੁੰਦਾ ਹੋਇਆ ਵੀ ਬੜਾ ਨਾਜ਼ੁਕ ਹੁੰਦਾ ਹੈ। ਸਾਰੀ ਸ੍ਰਿਸ਼ਟੀ ਇਸੇ ਨਾਲ ਚੱਲਦੀ ਹੈ। ਇਸ ਨਾਜ਼ੁਕ ਰਿਸ਼ਤੇ ਨੂੰ ਤਿੜਕਣ ਤੋਂ ਬਚਾਉਣ ਲਈ ਸਾਨੂੰ ਕੁਝ ਨਿਯਮ ਅਪਣਾਉਣੇ ਜ਼ਰੂਰੀ ਹੁੰਦੇ ਨੇ ਪਰ ਆਮ ਤੌਰ 'ਤੇ ਉਹ ਅਪਣਾਉਣੇ ਨਹੀਂ ਜਾਂਦੇ, ਜਿਸ ਕਾਰਨ ਦੰਪਤੀ ਵਿਚ ਕਲਾਹ-ਕਲੇਸ਼ ਹੋਇਆ ਰਹਿੰਦਾ ਹੈ ਅਤੇ ਜੀਵਨ ਇਕ ਬੋਝ ਬਣ ਕੇ ਰਹਿ ਜਾਂਦਾ ਹੈ। ਸਭ ਤੋਂ ਜ਼ਰੂਰੀ ਤਾਂ ਪਤੀ ਪਤਨੀ ਦਾ ਇਕ-ਦੂਜੇ ਦੀ ਇੱਜ਼ਤ ਕਰਨਾ ਬਹੁਤ ਜ਼ਰੂਰੀ ਹੈ। ਪ੍ਰੇਮ ਦੇ ਨਾਲ ਰਲੀ ਹੋਈ ਇੱਜ਼ਤ ਇਸ ਰਿਸ਼ਤੇ ਨੂੰ ਬਹੁਤ ਹੀ ਸੁਖਾਵਾਂ ਬਣਾ ਦਿੰਦੀ ਹੈ ਬਰਾਬਰ ਦੇ ਹੱਕਾਂ ਵਾਲਾ ਰੌਲ਼ਾ ਕਦੇ-ਕਦੇ ਔਰਤ ਨੂੰ ਬੇਲੋੜੀ ਸ਼ਹਿ ਵੀ ਦੇ ਜਾਂਦਾ ਹੈ ਅਤੇ ਉਹ ਸ਼੍ਰਿਸ਼ਟਾਚਾਰ ਦੀਆਂ ਹੱਦਾਂ ਟੱਪਣ ਲੱਗਦੀ ਹੈ, ਜਿਸ ਨਾਲ ਪਤੀ ਦੇ ਮਨ ਨੂੰ ਠੇਸ ਲੱਗਦੀ ਹੈ ਅਤੇ ਗੁੱਸਾ ਵੀ। ਹੱਸਦੇ ਵਸਦੇ ਘਰ ਉੱਜੜ ਜਾਂਦੇ ਹਨ। ਪਤੀ ਪਤਨੀ ਦੋਵੇਂ ਆਪਣੇ ਵਤੀਰੇ ਅਤੇ ਫ਼ਰਜ਼ਾਂ ਪ੍ਰਤੀ ਸੁਚੇਤ ਰਹਿਣ। ਪਤਨੀ ਨੂੰ ਚਾਹੀਦਾ ਹੈ ਕਿ ਉਹ ਪਤੀ ਦੇ ਨਾਲ ਉਸ ਦੀ ਮਾਂ ਭੈਣ ਤੇ ਬਾਕੀ ਰਿਸ਼ਤੇਦਾਰਾਂ ਦੀ ਵੀ ਇੱਜ਼ਤ ਕਰੇ, ਖਿੜੇ ਮੱਥੇ ਮਿਲੇ, ਜਿਵੇਂ ਪਤੀ ਤੋਂ ਉਹ ਆਪਣਿਆ ਲਈ ਚਾਹੁੰਦੀ ਹੈ। ਇਸ ਨਾਲ ਅੱਗੋਂ ਬੱਚਿਆਂ ਦੇ ਮਨਾਂ 'ਚ ਵੀ ਮੋਹ ਦੇ ਬੀਜ ਪੁੰਗਰਦੇ ਨੇ ਅਤੇ ਉਹ ਚੰਗੇ ਸੰਸਕਾਰ ਗ੍ਰਹਿਣ ਕਰ ਕੇ ਸਭ ਤੋਂ ਆਦਰ ਕਰਨ ਦੀ ਜਾਚ ਸਿੱਖਦੇ ਨੇ।

ਪਤਨੀ ਨਾਲ ਸੁਖਾਵਾਂ ਵਰਤਾਓ

ਇਹ ਵੀ ਦੇਖਣ ਨੂੰ ਆਉਂਦਾ ਹੈ ਕਿ ਆਮ ਤੌਰ 'ਤੇ ਪਤੀ ਆਪਣੀ ਪਤਨੀ ਨਾਲ ਸੁਖਾਵਾਂ ਵਰਤਾਓ ਰੱਖਦਾ ਹੈ ਪਰ ਦੂਜਿਆਂ ਦੇ ਸਾਹਮਣੇ ਉਹ ਪਤਨੀ 'ਤੇ ਬੇਲੋੜਾ ਰੋਹਬ ਪਾਉਂਦਾ ਹੈ ਅਤੇ ਕਾਗ਼ਜ਼ੀ ਸ਼ੇਰ ਬਣ ਜਾਂਦਾ ਹੈ। ਸਿਆਣੀ ਸਾਊ ਪਤਨੀ ਮੌਕਾ ਸਾਂਭ ਕੇ ਆਪਣੀ ਹੋਈ ਨਿਰਾਦਰੀ ਨੂੰ ਜ਼ਰ ਕੇ ਸਬਰ ਦਾ ਘੁੱਟ ਭਰ ਲੈਂਦੀ ਹੈ ਪਰ ਕਈ ਵਾਰ ਉਹ ਘਰ ਆ ਕੇ ਆਪ ਵੀ ਸ਼ੇਰਨੀ ਬਣ ਜਾਂਦੀ ਹੈ ਅਤੇ ਪਤੀ ਨਾਲ ਥੋੜ੍ਹੇ ਤਰਕ ਤਕਰਾਰ ਕਰਦੀ ਹੈ। ਕਿਸੇ ਵੇਲੇ ਗੱਲ ਵਧ ਵੀ ਜਾਂਦੀ ਹੈ। ਕਈ ਵਾਰ ਇਹ ਉਲਟ ਵੀ ਹੁੰਦਾ ਹੈ। ਚੰਗੀ ਭਲੀ ਸਿਆਣੀ-ਸੁਚੱਜੀ ਪਤਨੀ ਬਾਹਰ ਜਾ ਕੇ ਆਪਹੁਦਰੀ ਜਿਹੀ ਹੋ ਜਾਂਦੀ ਹੈ ਅਤੇ ਦੂਜਿਆ ਸਾਹਮਣੇ ਪਤੀ 'ਤੇ ਰੋਹਬ ਪਾਉਂਦੀ ਹੈ ਸਮਝਦਾਰ ਪਤੀ ਪਾਸਾ ਵੱਟ ਜਾਂਦਾ ਹੈ ਪਰ ਆ ਕੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਕਈ ਵਾਰ ਅਜਿਹੀ ਪਤਨੀ ਨੂੰ ਪਤੀ ਕਿਸੇ ਸਮਾਗਮ 'ਚ ਨਾਲ ਲੈ ਜਾਣ ਤੋਂ ਗੁਰੇਜ਼ ਕਰਦਾ ਹੈ ਕਈ ਪਤੀ ਪਤਨੀਆਂ ਸਾਹਮਣੇ ਭਰੀ ਮਹਿਫ਼ਲ ਵਿਚ ਮਾਊਂ ਬਣੇ ਰਹਿੰਦੇ ਨੇ। ਪਤਨੀਆਂ ਲੁਤਰ-ਲੁਤਰ ਬੋਲਦੀਆਂ ਉਨ੍ਹਾਂ ਨੂੰ ਉੱਕਾ ਹੀ ਨਹੀਂ ਗੌਲ਼ਦੀਆਂ। ਅਜਿਹੇ ਹਾਲਾਤ ਵਿਚ ਪਤੀ ਪਤਨੀ ਤਮਾਸ਼ਾ ਬਣ ਕੇ ਰਹਿ ਜਾਂਦੇ ਨੇ ਅਤੇ ਲੋਕ ਪਿੱਠ ਪਿੱਛੇ ਉਨ੍ਹਾਂ ਦਾ ਮੌਜੂ ਬਣਾਉਂਦੇ ਖਿੱਲੀ ਉਡਾਉਂਦੇ ਨੇ। ਅਜਿਹੀਆਂ ਗੱਲਾਂ ਦਾ ਦੋਵਾਂ ਜੀਆਂ ਨੂੰ ਬਹੁਤ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਮਾਜ 'ਚ ਆਪਣੀ ਚੰਗੇ ਪਤੀ-ਪਤਨੀ ਦੀ ਪਛਾਣ ਬਣਾਉਣੀ ਚਾਹੀਦੀ ਹੈ।

ਜ਼ਿੰਮੇਵਾਰੀਆਂ ਦਾ ਬੋਝ

ਪਤਨੀ ਭਾਵੇਂ ਘਰੇਲੂ ਔਰਤ ਹੋਵੇ ਜਾਂ ਨੌਕਰੀ ਪੇਸ਼ਾ ਘਰ, ਪਰਿਵਾਰ ਤੇ ਬੱਚਿਆਂ ਦੀਆਂ ਬਹੁਤੀਆਂ ਜ਼ਿੰਮੇਵਾਰੀਆਂ ਦਾ ਬੋਝ ਉਸ ਦੇ ਸਿਰ ਹੀ ਹੁੰਦਾ ਹੈ। ਉਹ ਸਭ ਦਾ ਧਿਆਨ ਰੱਖਦੀ ਹੈ, ਉਸ ਦਾ ਧਿਆਨ ਕੌਣ ਰੱਖੇ? ਉਹ ਇਸ ਦੀ ਤਵੱਕੋ ਪਤੀ ਤੋਂ ਹੀ ਕਰ ਸਕਦੀ ਹੈ। ਇਕ ਹੋਰ ਗੱਲ ਵੀ ਬੜੀ ਮਹੱਤਵਪੂਰਨ ਹੈ, ਪਤਨੀ ਘਰੇਲੂ ਕੰਮ ਕਰਨ ਵਾਲੀ ਹੋਵੇ ਜਾਂ ਨੌਕਰੀ ਵਾਲੀ, ਮਰਦ ਘਰ ਦੇ ਕੰਮਾਂ 'ਚ ਉਸ ਦਾ ਹੱਥ ਵਟਾਉਣ ਨੂੰ ਆਪਣੀ ਹੇਠੀ ਸਮਝਦਾ ਹੈ। ਉਹ ਚਾਹੁੰਦਾ ਹੈ ਕਿ ਦਫ਼ਤਰੋਂ ਆਉਂਦੇ ਨੂੰ ਚਾਹ ਵੀ ਤਿਆਰ ਹੋਵੇ, ਭਾਵੇਂ ਪਤਨੀ ਵੀ ਉਸੇ ਵੇਲੇ ਕੰਮੋਂ ਪਰਤੀ ਹੋਵੇ ਪਰ ਚਾਹ ਪਤਨੀ ਹੀ ਬਣਾਵੇਗੀ। ਬਹੁਤ ਸਾਰੇ ਘਰਾਂ ਵਿਚ ਇਹੋ ਹਾਲ ਹੈ ਕੁਝ ਇਕ-ਦੁੱਕਾ ਘਰਾਂ 'ਚ ਪਤੀ ਖੁੱਲ੍ਹੀ ਸੋਚ ਵਾਲੇ ਤੇ ਦਰਿਆ ਦਿਲ ਹੁੰਦੇ ਨੇ ਜੋ, ਪਤਨੀ ਦਾ ਹੱਥ ਵਟਾਉਂਦੇ ਨੇ। ਆਮ ਤੌਰ 'ਤੇ ਪਤੀ ਬਾਹਰੋਂ ਆ ਕੇ ਜੁੱਤੇ ਕੱਪੜੇ ਉਤਾਰ ਕੇ ਇੱਧਰ ਉੱਧਰ ਹੀ ਰੱਖ ਦਿੰਦੇ ਨੇ, ਹਾਲਾਕਿ ਇਹ ਪੰਜ ਸੱਤ ਮਿੰਟ ਦਾ ਕੰਮ ਹੁੰਦਾ ਹੈ ਜੁੱਤੇ ਕੱਪੜੇ ਥਾਂ ਸਿਰ ਰੱਖ ਕੇ ਥਾਂ ਸਿਰ ਤੋਂ ਚੁੱਕ ਕੇ ਬਦਲ ਲਏ ਜਾਣ ਪਰ ਇਹ ਕੰਮ ਵੀ ਪਤਨੀ ਕਰ ਕੇ ਦੇਵੇਗੀ। ਉਹ ਘਰ ਦੇ ਧੰਦਿਆਂ ਵਿਚ ਉਲਝੀ ਇਹ 'ਸੇਵਾ' ਵੀ ਨਿਭਾਉਂਦੀ ਹੈ। ਪਤੀ ਨੂੰ ਹੱਥੀਂ ਕੰਮ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਉਸ ਨੂੰ ਐਨੀ ਕੁ ਖੇਚਲ ਕਰ ਲੈਣੀ ਚਾਹੀਦੀ ਹੈ। ਐਨੀ ਦੇਰ ਵਿਚ ਪਤਨੀ ਚਾਹ ਨਾਸ਼ਤਾ ਲਿਆਵੇ ਅਤੇ ਬੱਚਿਆਂ ਨਾਲ ਰਲ ਕੇ ਬੈਠਿਆ ਜਾਵੇ। ਮੁੜ ਤਾਂ ਸਭ ਨੇ ਆਪੋ ਆਪਣੇ ਕਮਰਿਆਂ 'ਚ ਵੜ ਜਾਣਾ ਹੁੰਦਾ ਹੈ, ਟੀਵੀ, ਕੰਪਿਊਟਰ ਨਾਲ ਪਰਚ ਜਾਣਾ ਹੁੰਦਾ ਹੈ ਅਤੇ ਖਾਣੇ ਦੀ ਮੇਜ਼ 'ਤੇ ਵੀ ਮਸਾਂ ਇਕੱਠੇ ਹੁੰਦੇ ਨੇ। ਬੱਚਿਆਂ ਦੇ ਵਿਕਾਸ ਲਈ ਪਰਿਵਾਰ ਦਾ ਰਲ ਬੈਠਣਾ ਬਹੁਤ ਜ਼ਰੂਰੀ ਹੈ।

ਔਰਤ ਨੂੰ ਦਾਸੀ ਸਮਝਣਾ

ਕਈ ਪਤੀ ਅੱਜ ਦੇ ਜ਼ਮਾਨੇ 'ਚ ਵੀ ਔਰਤ ਨੂੰ ਦਾਸੀ ਸਮਝਦੇ ਨੇ, ਇਹ ਕੌੜਾ ਸੱਚ ਹੈ। ਉਸ ਤੋਂ ਸਿਰ ਜਾਂ ਪੈਰ ਦਬਾਉਂਦੇ ਨੇ, ਘੁਟਾਉਂਦੇ ਨੇ ਪਰ ਆਪ ਜੇ ਪਤਨੀ ਨੂੰ ਤੇਜ਼ ਬੁਖ਼ਾਰ ਜਾਂ ਕੋਈ ਹੋਰ ਤਕਲੀਫ਼ ਹੋਵੇ, ਇੱਥੋਂ ਤਕ ਕਿ ਉਹ ਮੰਜੇ ਤੋਂ ਉੱਠਣ ਜੋਗੀ ਨਾ ਹੋਵੇ, ਉਸ ਨੂੰ ਚਾਹ ਦਾ ਕੱਪ ਬਣਾ ਕੇ ਦੇਣਾ ਵੀ ਔਖਾ ਸਮਝਦੇ ਨੇ। ਕਈ ਭਲੇ ਪਤੀ, ਪਤਨੀ ਦਾ ਪੂਰਾ ਖ਼ਿਆਲ ਰੱਖਦੇ ਨੇ। ਆਪ ਅੰਤਾਂ ਦੀ ਤਕਲੀਫ਼ 'ਚ ਵੀ ਪਤਨੀ 'ਤੇ ਬੋਝ ਨਹੀਂ ਬਣਦੇ, ਸਗੋਂ ਕਹਿੰਦੇ ਨੇ 'ਤੂੰ ਸਾਰਾ ਦਿਨ ਕੰਮ ਕਰਦੀ ਏ। ਘਰ ਵੀ ਤੇ ਬਾਹਰ ਵੀ। ਮੈਨੂੰ ਦੁਆਈ ਦੇ ਕੇ ਤੂੰ ਵੀ ਆਰਾਮ ਕਰ।' ਇਕ ਦੂਜੇ ਦੇ ਦੁੱਖ ਸੁੱਖ ਦਾ ਪੂਰਾ ਧਿਆਨ ਰੱਖਦੇ ਨੇ। ਅਜਿਹੇ ਜੋੜਿਆਂ ਦੇ ਘਰਾਂ ਵਿਚ ਰੱਬ ਦੀ ਰਹਿਮਤ ਵਰਸਦੀ ਹੈ। ਇੱਥੇ 'ਤੇਰੀ ਆਈ ਮੈਂ ਮਰ ਜਾ ਤੇਰਾ ਵਾਲ ਵਿੰਗਾ ਨਾ ਹੋਵੇ' ਵਾਲੀ ਗੱਲ ਪਤੀ-ਪਤਨੀ 'ਤੇ ਲਾਗੂ ਹੁੰਦੀ ਹੈ।



ਗ਼ਲਤੀਆਂ ਦਾ ਪੁਤਲਾ

ਇਨਸਾਨ ਗ਼ਲਤੀਆਂ ਦਾ ਪੁਤਲਾ ਹੈ। ਇਹ ਗੱਲ ਜਗ ਜ਼ਾਹਿਰ ਹੈ। ਗ਼ਲਤੀ ਪਤੀ ਜਾਂ ਪਤਨੀ ਕਿਸੇ ਤੋਂ ਵੀ ਹੋ ਸਕਦੀ ਹੈ। ਮੈਂ ਸੋਚਦੀ ਹਾਂ ਜੇ ਗ੍ਰਹਿਸਥ ਵਿਚ ਵੀ 'ਟੈਫ਼ਿਕ ਨਿਯਮ' ਵਾਂਗ ਨਿਯਮ ਪਾਲੇ ਜਾਣ ਤਾਂ ਜੀਵਨ ਦੀ ਵਾਟ ਬੜੀ ਹੀ ਸਾਵੀਂ ਪੱਧਰੀ ਹੋ ਜਾਵੇ। ਜੇ ਇਕ ਨੂੰ ਕਿਸੇ ਗੱਲੋਂ ਦੂਜੇ 'ਤੇ ਗੁੱਸਾ ਆਵੇ ਤਾਂ ਦੂਜਾ ਰਤਾ ਠਰ੍ਹੰਮਾ ਰੱਖੇ ਤੇ ਪਾਸਾ ਵੱਟੇ। ਰਾਤ ਨੂੰ ਆਹਮੋ-ਸਾਹਮਣੇ ਤੋਂ ਆਉਂਦੀਆਂ ਗੱਡੀਆਂ ਦੀ ਤੇਜ਼ ਰੌਸ਼ਨੀ ਹਾਦਸੇ ਦਾ ਕਾਰਨ ਬਣ ਜਾਂਦੀ ਹੈ।

ਗ੍ਰਹਿਸਥ ਦੀ ਗੱਡੀ

ਸਿੱਧੀ ਰੌਸ਼ਨੀ ਇਕ ਦੂਜੇ ਦੀਆਂ ਅੱਖਾਂ ਵਿਚ ਪੈਂਦੀ ਅਤੇ ਆਲੇ-ਦੁਆਲੇ ਜਾਂ ਸਾਹਮਣੇ ਕੁਝ ਦਿਖਾਈ ਨਹੀਂ ਦਿੰਦਾ ਤੇ ਹਾਦਸੇ ਹੋ ਜਾਂਦੇ ਨੇ। ਸਿਆਣਾ ਵਾਹਨ ਚਾਲਕ ਰੌਸ਼ਨੀ (ਲਾਈਟ) ਡਿਮ ਕਰਦਾ ਡਿੱਪਰ ਮਾਰਦਾ ਹੈ ਤਾਂ ਜੋ ਸਾਹਮਣੇ ਗੱਡੀ ਨੂੰ ਰਸਤਾ ਸਾਫ਼ ਦਿੱਸੇ। ਆਪ ਜ਼ਰਾ ਹੌਲੀ ਵੀ ਹੋ ਜਾਂਦਾ ਹੈ ਅਤੇ ਹਾਦਸਾ ਟਲ ਜਾਂਦਾ ਹੈ। ਜਿਹੜਾ ਚਾਲਕ ਹਉਮੈ ਜਾਂ ਕਾਹਲੀ ਕਾਰਨ ਤੇਜ਼-ਤਰਾਰ ਬਣਦੇ ਨਿਯਮ ਦੀ ਪਾਲਣਾ ਨਹੀਂ ਕਰਦੇ, ਉਹ ਗੱਡੀਆਂ ਆਮ ਤੌਰ 'ਤੇ ਕਿਸੇ ਮੋੜ 'ਤੇ ਹਾਦਸੇ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸੋ ਪਤੀ-ਪਤਨੀ ਵੀ ਜਦੋਂ ਅਜਿਹੇ ਨਾਜ਼ੁਕ ਦੌਰ 'ਚ ਖ਼ਤਰਨਾਕ ਮੋੜ 'ਤੇ ਆ ਜਾਣ ਤਾਂ ਉਦੋਂ ਇਕ ਜਣਾ ਗੁੱਸੇ ਦੀ ਗਰਮੀ ਰੌਸ਼ਨੀ ਨੂੰ ਜ਼ਰਾ ਡਿਮ ਕਰ ਲਵੇ, ਡਿੱਪਰ ਮਾਰੇ ਤਾਂ ਜੋ ਗੁੱਸੇ ਦੀ ਰੌਸ਼ਨੀ 'ਚ ਦੋਵਾਂ ਦਾ ਟਕਰਾਅ ਨਾ ਹੋਵੇ, ਹਾਦਸਾ (ਲੜਾਈ ਝਗੜਾ) ਨਹੀਂ ਤਾਂ ਅਜਿਹੇ ਹਾਦਸੇ ਗ੍ਰਹਿਸਥ ਦੀ ਗੱਡੀ ਨੂੰ ਤੋੜ ਭੰਨ ਦਿੰਦੇ ਨੇ। ਕੋਈ ਜ਼ਹਿਰ ਖਾ ਲੈਂਦਾ ਹੈ, ਕੋਈ ਰੇਲ ਗੱਡੀ ਥੱਲੇ ਆ ਜਾਂਦੈ ਅਤੇ ਕੋਈ ਕਿਸੇ ਨਦੀ ਨਹਿਰ 'ਚ ਜਾ ਡਿਗਦੈ। ਕਈ ਮਾਸੂਮ ਬੱਚਿਆਂ ਨੂੰ ਵੀ ਨਾਲ ਹੀ ਖ਼ਤਮ ਕਰ ਦਿੰਦੇ ਜਾਂ ਰੁਲਣ ਲਈ ਛੱਡ ਜਾਂਦੈ। ਸੋ, ਜ਼ਰਾ ਬਚ ਕੇ ਮੋੜ ਤੋਂ, ਜ਼ਰਾ ਸੰਭਲ ਕੇ ਪਾਸਾ ਵੱਟ ਕੇ, ਲਾਈਟ ਡਿਮ ਕਰ ਕੇ ਅਤੇ ਡਿੱਪਰ ਮਾਰ ਕੇ ਜ਼ਿੰਦਗੀ ਦੇ ਸੋਹਣੇ ਪਲ ਖ਼ੁਸ਼ੀ-ਖ਼ੁਸ਼ੀ ਮਾਣੇ ਜਾਣ। ਇਹ ਮਨੁੱਖਾ ਜਨਮ ਜਿਸ ਬਾਰੇ ਕਿਹਾ ਜਾਂਦੈ, 'ਚੁਰਾਸੀ ਲੱਖ ਜੂਨਾਂ ਬਾਅਦ ਮਿਲਦਾ ਹੈ, ਅਜਾਈ ਨਾ ਗੁਆਇਆ ਜਾਵੇ।' ਇਕ-ਦੂਜੇ ਦੇ ਸਾਹੀਂ ਜਿਊਦਿਆਂ ਲੋਕਗੀਤ ਦੇ ਬੋਲਾਂ ਨੂੰ ਸੱਚ ਕੀਤਾ ਜਾਵੇ। 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾ, ਤੇਰੀ ਮੇਰੀ ਇੱਕ ਜਿੰਦੜੀ।' •

98599-98728

ਪੱਤਰ ਹਰੇ ਕਚੂਰ

ਹਾਲਾਤ 'ਚੋਂ ਉੱਭਰੀ ਕਵਿਤਰੀ



ਨੀਰੂ ਜੱਸਲ
94646-06017

ਪੇਸ਼ੇ ਪੱਖੋਂ ਨੀਰੂ ਜੱਸਲ ਕੰਪਿਊਟਰ ਅਧਿਆਪਕਾ ਹੈ। ਕਵਿ-ਰਚਨਾ ਦਾ ਗੁਣ ਉਸ ਨੂੰ ਮਾਂ ਦੇ ਵਿਹੜੇ ਵਿੱਚੋਂ ਮਿਲਿਆ, ਮਨ ਵਿਚ ਆਏ-ਦਿਨ ਉੱਠਦੇ ਵਲਵਲਿਆਂ ਨੇ ਉਸ ਨੂੰ ਲਿਖਣਾ ਸਿਖਾ ਦਿੱਤੈ ਅਤੇ ਗਾਇਕੀ ਦਾ ਗੁਣ ਨੀਰੂ ਦੇ ਇਕਾਂਤ ਵਿਚਲਾ ਹਮਸਫ਼ਰ ਹੈ। ਨੀਰੂ ਨੂੰ ਦੂਰੋਂ ਤੱਕਣ ਵਾਲਾ ਸ਼ਖ਼ਸ ਉਸ ਵਰਗੀ ਹੀ ਜ਼ਿੰਦਗੀ ਜਿਊਣ ਦੀ ਕਲਪਨਾ ਕਰਨ ਲੱਗਦਾ ਹੈ ਪ੍ਰੰਤੂ ਜਦੋਂ ਸਮਾਂ ਪਾ ਕੇ ਜਦ ਦਿਲ ਦੀਆਂ ਪਰਤਾਂ ਖੁੱਲ੍ਹਦੀਆਂ ਹਨ ਤਾਂ ਉਹ ਵੀ ਘਬਰਾਅ ਜਾਂਦਾ ਹੈ। ਪਰ ਨੀਰੂ ਦਾ ਜ਼ਿੰਦਗੀ ਜਿਊਣ ਦਾ ਆਪਣਾ ਹੀ ਅੰਦਾਜ਼ ਹੈ। ਨੀਰੂ ਨੂੰ ਦੂਜਿਆਂ ਦੇ ਮੋਢੇ 'ਤੇ ਸਿਰ ਧਰ ਕੇ ਆਪਣੀ ਜ਼ਿੰਦਗੀ ਦੇ ਰੋਣੇ ਰੋਣਾ ਜ਼ਰਾ ਜਿੰਨਾ ਵੀ ਸਵੀਕਾਰ ਨਹੀਂ। ਉਹ ਕਾਗ਼ਜ਼ਾਂ ਨੂੰ ਮਾਂ ਦੀ ਗੋਦ ਤੇ ਕਾਵਿਕ ਬੋਲਾਂ ਨੂੰ ਹੰਝੂ ਸਵਿਕਾਰਦਿਆਂ ਸਭ ਕੁਝ ਆਪਣੀਆਂ ਕਵਿਤਾਵਾਂ 'ਚ ਪ੍ਰੋਅ ਛੱਡਦੀ ਹੈ। ਗ਼ੁਲਾਮ ਅਲੀ ਅਤੇ ਜਗਜੀਤ ਸਿੰਘ ਨੂੰ ਸੁਣਨਾ, ਸ਼ਿਵ, ਪਾਤਰ ਅਤੇ ਸੁਖਵਿੰਦਰ ਅਮ੍ਰਿਤ ਨੂੰ ਨੂੰ ਪੜ੍ਹਨਾ ਨੀਰੂ ਲਈ ਨਿੱਤ-ਨੇਮ ਹੈ। ਅਮ੍ਰਿਤ ਵਾਂਗ ਨੀਰੂ ਵੀ ਆਪਣੀ ਡਾਇਰੀ ਲੁਕਾ ਕੇ ਰੱਖਦੀ ਹੈ। ਉਸ ਨੂੰ ਡਰ ਹੈ ਕਿ ਉਸ ਦੀਆਂ ਕਵਿਤਾਵਾਂ ਉਸ ਦੇ ਦਰਦਾਂ ਦੇ ਪਾਜ਼ ਨਾ ਉਧੇੜ ਦੇਣ। ਉਹ ਆਪਣੇ ਚਿਹਰੇ 'ਤੇ ਸਜਾਈ ਮੁਸਕਾਨ ਨੂੰ ਹੀ ਆਪਣੀ ਪਛਾਣ ਬਣਾਈ ਰੱਖਣਾ ਚਹੁੰਦੀ ਹੈ। ਸਾਰਾ ਦਿਨ ਗੁਲਾਬ ਵਾਂਗ ਖਿੜੇ ਰਹਿਣਾ ਉਸ ਦਾ ਸੁਭਾਅ ਹੈ। ਆਓ ਸਾਂਝ ਪਾਉਂਦੇ ਹਾਂ ਉਸ ਦੀ ਇਕ ਰਚਨਾ।

• **ਰਾਜ ਹੀਉਂ**
9815461875

ਕਵਿਤਾ

ਮੇਰੇ ਬੁੱਲਾਂ 'ਤੇ ਆਇਆ ਗੀਤ ਵੀ ਅੰਗਾਰ ਬਣ ਜਾਵੇ।
ਉਹ ਕੌੜੇ ਬੋਲ ਵੀ ਬੋਲੇ ਤਾਂ ਉਹ ਫਨਕਾਰ ਬਣ ਜਾਵੇ।

ਮੇਰਾ ਜੇ ਦਿਲ ਵੀ ਰੋਵੇ ਤਾਂ ਜ਼ਮਾਨਾ ਕੋਸਦੈ ਮੈਨੂੰ,
ਉਦ੍ਹੇ ਤਾਂ ਹੰਝੂਆਂ ਤੋਂ ਮੋਤੀਆਂ ਦਾ ਹਾਰ ਬਣ ਜਾਵੇ।

ਜੋ ਮਿੱਠੇ ਬੋਲ ਬੋਲੇ ਪਰ ਕਰੇ ਵਾਅਦੇ ਸਦਾ ਝੂਠੇ,
ਕਿਉਂ ਉਹੀ ਸਦਾ ਜਿੱਤੇ, ਉਦ੍ਹੀ ਸਰਕਾਰ ਬਣ ਜਾਵੇ।

ਉਹ ਮੂਰਤ ਹੈ ਖ਼ੁਦਾ ਦੀ ਜਾਂ ਖ਼ੁਦਾ ਦਾ ਰੂਪ ਹੈ ਦਿਸਦਾ,
ਉਦ੍ਹੀ ਬੁੱਕਲ 'ਚ ਜੋ ਆਵੇ, ਉਹੀ ਅਵਤਾਰ ਬਣ ਜਾਵੇ।

ਉਹ ਕਰਦੈ ਜੇ ਕਤਲ ਵੀ ਤਾਂ, ਇਹ ਉਸ ਦੀ ਅਦਾ ਜਾਪੇ,
ਮੇਰਾ ਮੁੱਖ ਮੋੜਨਾ ਵੀ ਕਿਉਂ ਅਨੋਖਾ ਵਾਰ ਬਣ ਜਾਵੇ।

ਤਲੀ 'ਤੇ ਜਾਨ ਹੈ ਰੱਖਦਾ, ਜੋ ਅਜਨਬੀਆਂ ਦੀ ਖ਼ਾਤਰ,
ਅਹੁ ਬੰਦਾ, ਬੰਦਾ ਨਾ ਹੋ ਕੇ ਪਰਬਤਦਿਗਾਰ ਬਣ ਜਾਵੇ।

ਮੇਰਾ ਦਿਲ ਦੇ ਸਦਾਵਾਂ ਥੱਕਿਆ ਹਰ ਆਪਣੇ ਪਰਾਏ ਨੂੰ,
ਆਖ਼ਰ ਕੋਈ ਤਾਂ ਆ ਕੇ, ਮੇਰਾ ਗ਼ਮਖਾਰ ਬਣ ਜਾਵੇ।

'ਨੀਰ' ਮੌਕੇ 'ਤੇ ਜੋ ਫੜਿਆ ਉਹ ਲੱਗਦਾ ਚੋਰ ਹੈ ਤੈਨੂੰ,
ਜੋ ਸਾਵ੍ਹੇਂ ਦੇ ਰਿਹਾ ਧੋਖਾ, ਉਹ ਇਜ਼ਤਦਾਰ ਬਣ ਜਾਵੇ।




ਐਸੀ ਰੀਤ

ਕਿਉਂ ਰੀਤ ਤੂੰ ਜਗ 'ਤੇ ਐਸੀ ਚਲਾਈ ਰੱਬਾ,
ਮੂਰਖ ਨੂੰ ਦੇਵੇ ਕਿਉਂ ਸੁਗੜ ਕਰਕੇ ਕਮਾਈ ਰੱਬਾ।
ਉਹ ਐਸ਼ ਅਰਾਮ ਵਿਚ ਨਿੱਤ ਰਹਿੰਦੇ ਨੇ,
ਜਾਂਦਾ ਗ਼ਰੀਬਾਂ ਨੂੰ ਕਿਉਂ ਤਰਸਾਈ ਰੱਬਾ।
ਜੋ ਪਲ-ਪਲ ਕਰਦੇ ਧੱਕੇਸ਼ਾਹੀਆਂ ਨੇ,
ਕਿਉਂ ਜਾਂਦਾ ਉਨ੍ਹਾਂ ਦਾ ਸਾਥ ਨਿਭਾਈ ਰੱਬਾ।
ਉਨ੍ਹਾਂ ਹੈਵਾਨਿਅਤ ਹਰ ਹੱਦ ਕਰ ਲਈ ਪਾਰ,
ਭੁੱਲ ਕੇ ਗਏ ਅੱਜ ਬੰਦੇ ਤੇਰੇ ਖ਼ੁਦਾਈ ਰੱਬਾ।
ਉਹ ਹਰ-ਪਲ ਹੀ ਸੱਚ ਦਾ ਘਾਣ ਕਰਦੇ,
ਜਾਂਦਾ ਕਾਫ਼ਰਾ ਨੂੰ ਰਾਜ 'ਤੇ ਬਠਾਈ ਰੱਬਾ।
ਉਹ ਲਹੂ ਨਿੱਤ ਉਨ੍ਹਾਂ ਮਜਦੂਰਾਂ ਦਾ ਪੀਂਦੇ ਨੇ,
ਜੋ ਕਰਦੇ ਲਹੂ ਪਸੀਨੇ ਦੀ ਕਮਾਈ ਰੱਬਾ।
ਉਹ ਨਿੱਤ ਨਵੇਂ ਲਾਰਿਆ ਵਿਚ ਰੱਖਦੇ ਨੇ,
ਮਿੱਠਿਆਂ ਜ਼ਬਾਨਾਂ ਨਾਲ ਜਾਂਦੇ ਭਰਮਾਈ ਰੱਬਾ।
ਜਿਨ੍ਹਾਂ ਉਨ੍ਹਾਂ ਮੋਹਰੇ ਆਣ ਜ਼ਬਾਨ ਖੋਲ੍ਹੀ,
ਜਾਨ ਆਪਣੀ ਹੀ ਖ਼ਤਰੇ ਵਿਚ ਪਾਈ ਰੱਬਾ।
ਹਰ ਇੱਛਾ ਉਨ੍ਹਾਂ ਦੀ ਤੂੰ ਕਰ ਪੂਰੀ,
ਜਾਂਦਾ ਨਿਮਾਣਿਆ ਨੂੰ ਕਿਉਂ ਤਰਸਾਈ ਰੱਬਾ।
ਖ਼ੁਦ ਬਣ ਕੇ ਨਵਾਬ ਉਹ ਬਹਿ ਗਏ ਨੇ,
ਲਹੂ ਪੀਂਦੇ ਨਿੱਤ ਬਣ ਉਹ ਕਸਾਈ ਰੱਬਾ।
ਝੋਲੀ ਅੱਡ ਕੇ ਤੇਰੇ ਦਰਬਾਰ ਅੱਗੇ,
ਭਰਾਂ ਲੋੜਵੰਦਾਂ ਦੀ ਮੈਂ ਗਵਾਈ ਰੱਬਾ।
ਦੱਸ ਬੇਕਦਰਾ ਨੂੰ ਹਰ ਖ਼ੁਸ਼ੀ ਦੇ ਕੇ,
ਜਾਂਦਾ ਜਗ ਨੂੰ ਕਿਝ ਚਲਾਈ ਰੱਬਾ।
ਹੱਥ ਜੋੜ ਕੇ ਤੇਰੇ ਅੱਗੇ ਸੁੱਖ ਆਖੇ,
ਹੋਰ ਨਾ ਉਨ੍ਹਾਂ ਹੱਥੋਂ ਹਲਾਲ ਕਰਾਈ ਰੱਬਾ।

• **ਸੁਖਵੰਤ ਕੌਰ**, 87278-46145

ਗ਼ਜ਼ਲ



ਦਿਲ ਦਾ ਦਰਦ ਸੁਣਾਈ ਨਾ।
ਕਿਸੇ ਕੋਲ ਕੁਰਲਾਈ ਨਾ।
ਕੌਣ ਸੁਣਦਾ ਪੀੜ ਪਰਾਈ,
ਫਿਰ ਵੀ ਤੂੰ ਘਬਰਾਈ ਨਾ।
ਅੰਦਰ ਦਾਰੂ ਦਰਦਾਂ ਦੀ ਏ,
ਉਹ ਨੂੰ ਕਦੇ ਗਵਾਈ ਨਾ।
ਲੋਕਾਂ ਦੀਆਂ ਖ਼ੁਸ਼ੀਆਂ ਵੇਖ,
ਕਦੇ ਵੀ ਕੁਮਲਾਈ ਨਾ।
ਦੁੱਖਾਂ ਦੀ ਪੰਡ, ਵੇਖ ਕਿਸੇ ਦੀ,
ਭੁੱਲ ਕੇ ਵੀ ਮੁਸਕਰਾਈ ਨਾ।
ਪਾਕ ਪਵਿੱਤਰ ਰੱਖੀਂ ਨੀਤ,
ਬਦਨੀਤ ਅਖਵਾਈ ਨਾ।
'ਅਟਵਾਲ' ਸੱਚ ਹਮੇਸ਼ਾ ਸੱਚ ਰਹਿਣਾ,
ਝੂਠ ਨੂੰ ਗਲ਼ ਨਾਲ ਲਾਈ ਨਾ।

• **ਕਰਨੈਲ ਅਟਵਾਲ**, 75082-75052

ਸੁਖਵੀਰ ਸਿੰਘ ਕੰਗ

ਛੱਲਾ ਮੰਗੇ ਦੁਆਵਾਂ...

ਛੱਲਾ ਪਰਿਵਾਰਕ ਰਿਸ਼ਤਿਆਂ, ਵਿਛੋੜਿਆਂ ਅਤੇ ਦੁਖਾਂਤ ਦੀ ਦਰਦ ਭਰੀ ਕਹਾਣੀ ਹੈ ਜੋ ਸਾਨੂੰ ਦੁਆਵਾਂ ਮੰਗਣ ਲਈ ਪ੍ਰੇਰਦੀ ਹੈ ਕਿ ਕਦੇ ਕਿਸੇ ਪਿਓ ਤੋਂ ਉਸ ਦਾ ਪੁੱਤ ਨਾ ਵਿਛੜੇ, ਕਦੇ ਬਚਪਨ ਮਾਂ ਤੋਂ ਵਾਂਝਾ ਨਾ ਹੋਵੇ ਤੇ ਕਦੇ ਕੋਈ ਯਤੀਮ ਨਾ ਹੋਵੇ...

ਪੰਜਾਬੀ ਬੋਲੀ ਵਿਚ ਛੱਲੇ ਦੇ ਦੋ ਰੂਪ ਹਨ। ਪਹਿਲਾ ਹੱਥ ਦੀਆਂ ਉਂਗਲਾਂ ਵਿਚ ਪਹਿਨਿਆ ਜਾਣ ਵਾਲਾ ਬਿਨਾਂ ਨਗ ਤੋਂ ਮੁੰਦਰੀ ਵਰਗਾ ਗਹਿਣਾ ਹੈ ਜੋ ਆਮ ਤੌਰ 'ਤੇ ਚੀਚੀ ਵਿਚ ਪਾਇਆ ਜਾਂਦਾ ਹੈ ਇਹ ਪਿਆਰ ਦੀ ਨਿਸ਼ਾਨੀ ਵਜੋਂ ਵੀ ਜਾਣਿਆ ਜਾਂਦਾ ਹੈ। ਛੱਲੇ ਦਾ ਦੂਸਰਾ ਰੂਪ ਪੰਜਾਬੀ ਗਾਇਕੀ ਦੀ ਇਕ ਸ਼ੈਲੀ ਹੈ ਜਿਸ ਉੱਤੇ ਬਹੁਤ ਸਾਰੇ ਗਾਇਕਾਂ ਨੇ ਗਲ਼ਾ ਅਜਮਾਇਆ। ਕੁਝ ਗਾਇਕ ਛੱਲੇ ਨੂੰ ਗਾ ਕੇ ਅਮਰ ਕਰ ਗਏ ਅਤੇ ਕੁਝ ਇਸ ਨੂੰ ਗਾ ਕੇ ਮਕਬੂਲ ਹੋਏ। ਛੱਲਾ ਅਸਲ ਵਿਚ ਪੁੱਤਰ ਵਿਯੋਗ ਅਤੇ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦਾ ਹੈ। ਛੱਲਾ ਪਿਓ ਨਾਲੋਂ ਜਵਾਨ ਪੁੱਤ ਦੇ ਵਿਛੋੜੇ, ਮਾਂ ਦੀ ਅਣਹੋਂਦ, ਧੀਆਂ ਦੇ ਪਰਾਏ ਹੋਣ, ਮਾਪਿਆਂ ਦੇ ਤੁਰ ਜਾਣ ਅਤੇ ਕਿਤੇ ਮੁਹੱਬਤ ਦੇ ਦੂਰ ਹੋਣ ਦੇ ਦਰਦ ਦੀ ਡੂੰਘੀ ਰਮਜ਼ ਹੈ। ਲੋਕ ਕਥਾ ਅਨੁਸਾਰ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਗੀਤਾਂ ਦੀ ਇਸ ਗਾਇਨ ਵਿਧਾ ਦਾ ਨਾਇਕ ਛੱਲਾ ਇਕ ਮਲਾਹ ਜਲਾਲਦੀਨ ਉਰਫ਼ ਜੱਲੇ ਦੇ ਘਰ ਪੈਦਾ ਹੋਇਆ ਜਿਸ ਦੀ ਦੋ ਸਾਲਾਂ ਦੀ ਛੋਟੀ ਉਮਰੇ ਹੀ ਮਾਂ ਮਰ ਗਈ ਸੀ। ਜੱਲੇ ਨੇ ਛੱਲੇ ਨੂੰ ਬੜੇ ਲਾਡਾਂ ਨਾਲ ਪਾਲ਼ਿਆ ਅਤੇ ਕਿਸ਼ਤੀ ਠੇਲ੍ਹਣ ਵੇਲੇ ਵੀ ਉਸ ਨੂੰ ਨਾਲ ਹੀ ਲੈ ਜਾਂਦਾ। ਪਿਓ ਦੇ ਪਿਆਰ ਅਤੇ ਚੰਗੀ ਖ਼ੁਰਾਕ ਸਦਕਾ ਛੱਲਾ 12 ਸਾਲ ਦੀ ਉਮਰੇ ਹੀ ਸੋਹਣਾ ਅਤੇ ਭਰ ਜੁਆਨ ਹੋ ਗਿਆ। ਇਕ ਦਿਨ ਕੰਮ 'ਤੇ ਹੀ ਜੱਲੇ ਦੀ ਸਿਹਤ ਖ਼ਰਾਬ ਹੋ ਗਈ ਅਤੇ ਉੱਧਰੋਂ ਸਵਾਰੀਆਂ ਆ ਗਈਆਂ। ਜੱਲੇ ਨੇ ਸਵਾਰੀਆਂ ਨੂੰ ਦਰਿਆ ਪਾਰ ਬੇੜੀ ਲਿਜਾ ਸਕਣ ਤੋਂ ਬੇਬਸੀ ਜ਼ਾਹਰ ਕੀਤੀ ਤਾਂ ਸਵਾਰੀਆਂ ਨੇ ਧੀ ਦੇ ਸ਼ਗਨਾਂ ਦੇ ਕਾਰਜ ਦਾ ਵਾਸਤਾ ਪਾਇਆ ਅਤੇ ਉਸ ਦੇ ਜਵਾਨ ਹੋ ਰਹੇ ਪੁੱਤਰ ਛੱਲੇ ਨੂੰ ਬੇੜੀ ਲੈ ਕੇ ਪਾਰ ਛੱਡ ਆਉਣ ਦੀ ਜਿੱਦ ਕੀਤੀ। ਜੱਲਾ ਮਜਬੂਰੀ ਵੱਸ ਛੱਲੇ ਨੂੰ ਜੋ ਕਿ ਹਾਲੇ ਬੇੜੀ ਦਾ ਮਾਹਰ ਨਹੀਂ ਸੀ, ਬੇੜੀ ਲੈ ਕੇ ਜਾਣ ਦੀ ਇਜਾਜ਼ਤ ਦੇ ਦਿੰਦਾ ਹੈ। ਬੇੜੀ ਲੈ ਕੇ ਗਿਆ ਛੱਲਾ ਵਾਪਸ ਨਾ ਪਰਤਿਆ। ਜੱਲਾ ਦਰਿਆ ਕੰਢੇ ਉਸ ਦੀ ਉਡੀਕ ਕਰਦਾ ਰਿਹਾ, ਦਿਨ ਢਲ ਗਿਆ, ਉਹ ਪਿੰਡ ਵਾਲਿਆਂ ਨੂੰ ਨਾਲ ਲੈ ਕੇ ਵੀ ਭਾਲ ਕਰਦਾ ਰਿਹਾ ਪਰ ਛੱਲਾ ਮੁੜ ਨਾ ਲੱਭਿਆਂ ਤਾਂ ਜੱਲਾ ਪਾਗ਼ਲ ਹੋ ਗਿਆ। ਉਹ ਦਿਨ ਰਾਤ ਦਰਿਆ ਕੰਢੇ ਘੁੰਮਦਾ ਰਹਿੰਦਾ ਅਤੇ ਰੋਂਦਾ ਰਹਿੰਦਾ :


ਛੱਲਾ ਮੁੜਕੇ ਨੀ ਆਇਆ
ਰੋਣਾ ਉਮਰਾਂ ਦਾ ਪਾਇਆ
ਮੱਲਿਆ ਈ ਦੇਸ਼ ਪਰਾਇਆ
ਓ ਗੱਲ ਸੁਣ ਛੱਲਿਆ ਕਾਵਾਂ
ਓ ਮਾਵਾਂ ਠੰਡੀਆਂ ਛਾਵਾਂ...

ਜਿਨ੍ਹਾਂ ਲਫ਼ਜ਼ਾਂ 'ਚ ਪਰੋ ਕੇ ਉਸ ਨੇ ਆਪਣਾ ਦਰਦ ਵਿਅਕਤ ਕੀਤਾ, ਉਹੀ ਅੱਗੇ ਚੱਲ ਕੇ ਪੰਜਾਬੀ ਗੀਤਾਂ ਦੀ ਇਕ ਸ਼ੈਲੀ 'ਛੱਲੇ' ਦੇ ਨਾਂ ਨਾਲ ਪ੍ਰਸਿੱਧ ਹੋਏ :

ਛੱਲਾ ਬੇੜੀ ਪੂਰ ਏ
ਵਤਨ ਮਾਹੀ ਦਾ ਦੂਰ ਏ
ਜਾਣਾ ਪਹਿਲੇ ਪੂਰ ਏ
ਓ ਗੱਲ ਸੁਣ ਛੱਲਿਆ ਕਾਵਾਂ
ਓ ਮਾਵਾਂ ਠੰਡੀਆਂ ਛਾਵਾਂ
ਛੱਲਾ ਨੌਂ ਨੌਂ ਖੇਵੇ
ਪੁੱਤਰ ਮਿਠੜੇ ਮੇਵੇ
ਅੱਲ੍ਹਾ ਸਭ ਨੂੰ ਦੇਵੇ
ਗੱਲ ਸੁਣ ਛੱਲਿਅ...
ਛੱਲਾ ਚੀਚੀ ਪਾਇਆ
ਧੀਆਂ ਧੰਨ ਵੇ ਪਰਾਇਆ
ਮੁੜ ਕੇ ਫੇਰਾ ਨਾ ਪਾਇਆ
ਓ ਗੱਲ ਸੁਣ...
ਛੱਲਾ ਗਲ਼ ਦੇ ਗਹਿਣੇ
ਸਦਾ ਮਾਪੇ ਨੀ ਰਹਿਣੇ
ਦੁੱਖ ਜਿਦੜੀ ਦੇ ਸਹਿਣੇ
ਓ ਗੱਲ ਸੁਣ ਛੱਲਿਆ...

ਛੱਲੇ ਦੀ ਦਾਸਤਾਨ ਦੇ ਵਿਸਥਾਰ ਵਿਚ ਜਾਣ ਤੇ ਪਰਸਪਰ ਦੋ ਕਹਾਣੀਆਂ ਉੱਭਰਦੀਆਂ ਹਨ। ਉਪਰੋਕਤ ਪਹਿਲਾ ਬਿਰਤਾਂਤ ਲੋਕ ਦਾਸਤਾਨ ਗਾਇਕ ਫਜ਼ਲ ਸ਼ਾਹ ਦੇ ਗੋਦ ਲਏ ਪੁੱਤਰ ਆਸ਼ਿਕ ਹੁਸੈਨ ਜੱਟ ਦੁਆਰਾ ਲਿਖਿਆ ਅਤੇ ਗਾਇਆ ਗਿਆ। ਅੱਜ ਇਹ ਉਨ੍ਹਾਂ ਦੀ ਗਾਇਕੀ ਦੇ ਤੀਜੀ ਪੀੜ੍ਹੀ ਦੇ ਵਾਰਿਸ ਫ਼ਜ਼ਲ ਜੱਟ ਦੀ ਜ਼ੁਬਾਨੀ ਸੁਣਿਆ ਜਾ ਸਕਦਾ ਹੈ। ਇਸ ਵਿਚ ਛੋਟੇ ਬੱਚਿਆਂ ਲਈ ਮਾਂ ਦੀ ਛਤਰ-ਛਾਇਆ ਦੀ ਮਹਾਨਤਾ ਦਾ ਵੀ ਜ਼ਿਕਰ ਮਿਲਦਾ ਹੈ। ਜੱਲੇ ਨੇ ਮਨ ਵਿਚ ਇਹ ਦੁੱਖ ਹੈ ਕਿ ਜੇ ਛੱਲੇ ਦੀ ਮਾਂ ਜਿਉਂਦੀ ਹੁੰਦੀ ਤਾਂ ਉਹ ਉਸ ਨੂੰ ਕੰਮ ਤੇ ਨਾਲ ਨਾ ਲਿਆਉਂਦਾ ਅਤੇ ਉਹ ਛੱਲੇ ਨੂੰ ਨਾ ਗੁਆਉਂਦਾ :

ਮਾਂ ਦੀ ਸ਼ਾਨ ਸੁਣਾਵਾਂ
ਚੰਨ ਨੂੰ ਚਿਰਾਗ ਵਿਖਾਵਾਂ
ਹਰ ਵੇਲੇ ਏਹੋ ਗਾਵਾਂ
ਕਿ ਮਾਵਾਂ ਠੰਡੀਆਂ ਛਾਵਾਂ...



ਪਹਿਲਾ ਬਿਰਤਾਂਤ ਇਸ ਘਟਨਾ ਨੂੰ ਸਤਲੁਜ ਦੇ ਹਰੀਕੇ ਪੱਤਣ ਦੀ ਦੱਸਦਾ ਹੈ। ਚੜ੍ਹਦੇ ਪੰਜਾਬ ਦੇ ਨਾਮਵਰ ਗਾਇਕ ਸੁਰਿੰਦਰ ਛਿੰਦੇ ਨੇ ਵੀ ਕਹਾਣੀ ਰੂਪ ਵਿਚ ਇੰਝ ਹੀ ਗਾਇਆ ਹੈ। ਜਦ ਕਿ ਦੂਸਰੇ ਬਿਰਤਾਂਤ ਅਨੁਸਾਰ ਇਹ ਘਟਨਾ ਪਾਕਿਸਤਾਨ ਦੇ ਗੁਜਰਾਤ ਵਿਚ ਵਗਦੇ ਝਨਾਂ ਦਰਿਆ ਕੰਢੇ ਵਾਪਰੀ ਦੱਸੀ ਗਈ ਹੈ ਅਤੇ ਜੱਲੇ ਦਾ ਪਿੰਡ ਮਲਕਵਾਲ ਦੱਸਿਆ ਹੈ ਜੋ ਕਿ ਪੰਜਾਬੀ ਦੇ ਨਾਮਵਰ ਗਾਇਕ ਭਰਾਵਾਂ ਸ਼ੌਕਤ ਅਲੀ ਅਤੇ ਇਨਾਇਤ ਅਲੀ ਦਾ ਵੀ ਪਿੰਡ ਹੈ। ਦੱਸਣਯੋਗ ਹੈ ਕਿ 'ਛੱਲੇ' ਦੀ ਸਭ ਤੋਂ ਪਹਿਲੀ ਰਿਕਾਰਡਿੰਗ ਵੀ ਇਨਾਇਤ ਅਲੀ ਦੀ ਹੀ ਹੈ। ਜੋ 1977 ਵਿਚ ਹੋਈ ਅਤੇ ਅੱਜ ਵੀ ਉਪਲੱਬਧ ਹੈ। ਫਿਰ ਸ਼ੌਕਤ ਅਲੀ ਨੇ ਵੀ ਛੱਲਾ ਗਾਇਆ। ਦੋਵਾਂ ਭਰਾਵਾਂ ਦਾ ਬਹੁਤ ਮਕਬੂਲ ਹੋਇਆ ਛੱਲਾ ਆਪਸ ਵਿਚ ਕਾਫ਼ੀ ਮੇਲ ਖਾਂਦਾ ਹੈ। ਜੋ ਦੂਸਰੇ ਬਿਰਤਾਂਤ ਦੇ ਕਾਫ਼ੀ ਨੇੜੇ ਹੈ। ਇਸ ਦੀ ਬਾਕੀ ਕਹਾਣੀ ਓਹੀ ਹੈ ਪਰ ਇਸ ਅਨੁਸਾਰ ਛੱਲੇ ਦੇ ਇਕੱਲੇ ਬੇੜੀ ਲਿਜਾਣ ਦਾ ਸਬੱਬ ਪਿਓ-ਪੁੱਤਰ ਵਿਚ ਹੋਏ ਝਗੜੇ ਦੀ ਨਰਾਜ਼ਗੀ ਸੀ। ਇਸੇ ਕਰਕੇ ਅਲੀ ਭਰਾਵਾਂ ਦੇ ਛੱਲੇ ਅਰੰਭ ਇੰਝ ਹੁੰਦਾ ਹੈ :

ਜਾਵੋ ਨੀ ਕੋਈ ਮੋੜ ਲਿਆਵੋ
ਮੇਰੇ ਨਾਲ ਗਿਆ ਅੱਜ ਲੜ ਕੇ।
ਅੱਲ੍ਹਾ ਕਰੇ ਆ ਜਾਵੇ ਸੋਹਣਾ
ਦੇਵਾਂ ਜਾਨ ਕਦਮਾਂ ਵਿਚ ਧਰ ਕੇ...
ਇਨਾਇਤ ਅਲੀ ਕਹਿੰਦਾ ਹੈ :
ਅੱਖੀਂ ਵੇਂਹਦਿਆਂ ਕੰਡ ਕਰ ਤੁਰਿਆ
ਹੁਣ ਰੋ-ਰੋ ਦੇਵਾਂ ਦੁਹਾਈ
ਲੋਕਾਂ ਦੀਆਂ ਝੋਕਾਂ ਵਸਦੀਆਂ ਪਈਆਂ
ਕਦੀ ਸਾਡੀ ਵੀ ਵਸਦੀ ਆਹੀ...

ਦੂਸਰੇ ਬਿਰਤਾਂਤ ਅਨੁਸਾਰ ਸਵਾਰੀਆਂ ਦੇ ਵਾਸਤੇ ਤੋਂ ਇਲਾਵਾ ਛੱਲੇ ਦਾ ਆਪਣੇ ਸਨੇਹੀ ਨਾਲ ਕੀਤਾ ਵਾਅਦਾ ਵੀ ਸੀ ਕਿ ਉਹ ਪਿਓ ਦੀ ਗ਼ੈਰ ਮੌਜੂਦਗੀ ਵਿਚ ਬੇੜੀ ਦਰਿਆ ਵਿਚ ਲੈ ਕੇ ਗਿਆ। ਉਸ ਦਾ ਸਨੇਹੀ ਦਰਿਆ ਪਾਰ ਉਸ ਦੀ ਮੁਹੱਬਤ ਨੂੰ ਨਾ ਮਿਲਾਉਣ ਤੇ ਉਸ ਦੇ ਸਿਰ ਚੜ੍ਹ ਮਰਨ ਦੀ ਧਮਕੀ ਦਿੰਦਾ ਹੈ :

ਛੱਲਾ ਕਾਲੀਆਂ ਮਰਚਾਂ
ਮਹੁਰਾ ਪੀ ਕੇ ਮਰਸਾਂ
ਸਿਰੇ ਤੇਰੇ ਚੜ੍ਹ ਸਾਂ
ਗੱਲ ਸੁਣ ਛੱਲਿਆ ਢੋਲਾ
ਸਾੜ ਕੇ ਕੀਤਾ ਈ ਕੋਲਾ...

ਫ਼ਜ਼ਲ ਜੱਟ ਅਤੇ ਅਲੀ ਭਰਾਵਾਂ ਦੇ ਗਾਏ ਕੁਝ ਬੰਦਾਂ ਦੀ ਸ਼ਬਦਾਵਲੀ ਦਾ ਵੀ ਫ਼ਰਕ ਹੈ। ਫਜ਼ਲ ਜੱਟ 'ਛੱਲਾ ਬੇੜੀ ਪੂਰ ਏ' ਕਹਿੰਦਾ ਹੈ ਭਾਵ ਦੁਨਿਆਵੀ ਮੇਲ ਬੇੜੀ ਦੇ ਪੂਰ ਅਤੇ ਤਿੰਝਣ ਦੀਆਂ ਕੁੜੀਆਂ ਵਰਗਾ ਮੇਲ ਹੈ ਅਤੇ ਦੁਬਾਰਾ ਇਕੱਠੇ ਹੋਣ ਦਾ ਸਬੱਬ ਕਦੇ ਨਹੀਂ ਬਣਦਾ। ਇੱਥੇ ਅਲੀ ਭਰਾ 'ਛੱਲਾ ਬੇਰੀਂ ਬੂਰ ਏ' ਗਾਉਂਦੇ ਹਨ ਭਾਵ ਛੱਲੇ ਦੀ ਉਮਰ ਕੱਚੀ ਸੀ ਉਸ ਨੇ ਹਾਲੇ ਫੁੱਲ ਤੋਂ ਫਲ਼ ਬਣਨਾ ਸੀ। ਇਸੇ ਤਰ੍ਹਾਂ ਫ਼ੈਜ਼ਲ ਜੱਟ 'ਛੱਲਾ ਨੌਂ ਨੌਂ ਖੇਵੇ' ਕਹਿੰਦਾ ਹੈ ਜਿਸ ਦਾ ਭਾਵ ਕੀਮਤੀ ਮੇਵਿਆਂ ਦੀ ਲੱਪ ਤੋਂ ਹੈ ਅਤੇ ਅਲੀ ਭਰਾ ਇੱਥੇ 'ਛੱਲਾ ਨੌਂ ਨੌਂ ਥੇਵੇਂ' ਗਾਉਂਦੇ ਹਨ। ਥੇਵਾ ਮੁੰਦਰੀ ਦਾ ਨਗ ਹੁੰਦਾ ਹੈ ਭਾਵ ਪੁੱਤਰ ਕੀਮਤੀ ਨਗੀਨੇ ਹੁੰਦੇ ਹਨ। ਆਪਸ ਵਿਚ ਕੁਝ ਫ਼ਰਕ ਹੋਣ ਦੇ ਬਾਵਜੂਦ ਆਸ਼ਿਕ ਜੱਟ ਅਤੇ ਅਲੀ ਭਰਾਵਾਂ ਦੇ ਛੱਲੇ ਦੇ ਬਿਰਤਾਂਤ ਘੋਖਣ ਤੋਂ ਬਾਅਦ ਮੰਨਿਆ ਜਾ ਸਕਦਾ ਹੈ ਕਿ ਆਸ਼ਿਕ ਜੱਟ ਨੇ ਇਸ ਦਾਸਤਾਨ ਨੂੰ ਸ਼ਾਬਦਿਕ ਰੂਪ ਦੇ ਕੇ ਅਤੇ ਫਿਰ ਗਾ ਕੇ ਛੱਲੇ ਦਾ ਮੁੱਢ ਬੰਨ੍ਹਿਆ। ਫਿਰ ਇਨਾਇਤ ਅਲੀ ਅਤੇ ਸ਼ੌਕਤ ਅਲੀ ਨੇ ਇਸ ਨੂੰ ਅੱਗੇ ਵਧਾਇਆ। ਹੋ ਸਕਦਾ ਹੈ ਕਿ ਛੱਲੇ ਦੇ ਡੁੱਬ ਜਾਣ ਦੀ ਘਟਨਾ ਸਤਲੁਜ ਦੇ ਹਰੀਕੇ ਪੱਤਣ ਦੀ ਹੋਵੇ ਅਤੇ ਫਿਰ ਝੱਲਾ ਹੋਇਆ ਜੱਲਾ ਦਰਿਆਵਾਂ ਕੰਢੇ ਘੁੰਮਦਾ-ਘੁੰਮਦਾ ਪਾਕਿਸਤਾਨ ਦੇ ਗੁਜਰਾਤ ਵਿਚ ਜਾ ਵੱਸਿਆ ਹੋਵੇ। ਪਰਦੇਸੀ ਸੱਜਣ ਦੀ ਨਿਸ਼ਾਨੀ ਵਜੋਂ 'ਛੱਲਾ ਮੇਰਾ ਜੀ ਢੋਲਾ' ਕਰ ਕੇ ਟੱਪਿਆਂ ਤੇ ਦੋਹਿਆਂ ਵਿਚ ਵੀ ਸੁਣਨ ਨੂੰ ਮਿਲਦਾ ਹੈ ਪ੍ਰੰਤੂ ਅਸਲ ਛੱਲਾ ਪਰਿਵਾਰਕ ਰਿਸ਼ਤਿਆਂ, ਵਿਛੋੜਿਆਂ ਅਤੇ ਦੁਖਾਂਤ ਦੀ ਦਰਦ ਭਰੀ ਕਹਾਣੀ ਹੈ, ਜੋ ਸਾਨੂੰ ਦੁਆਵਾਂ ਮੰਗਣ ਲਈ ਪ੍ਰੇਰਦੀ ਹੈ ਕਿ ਕਦੇ ਕਿਸੇ ਪਿਓ ਤੋਂ ਉਸ ਦਾ ਪੁੱਤ ਨਾ ਵਿਛੜੇ, ਕਦੇ ਬਚਪਨ ਮਾਂ ਤੋਂ ਵਾਂਝਾ ਨਾ ਹੋਵੇ, ਕਦੇ ਕੋਈ ਯਤੀਮ ਨਾ ਹੋਵੇ, ਕਦੇ ਕਿਸੇ ਤੇ ਮਾੜਾ ਵਕਤ ਨਾ ਆਵੇ, ਕਦੇ ਕਿਸੇ ਨੂੰ ਆਪਣੀ ਮੁਹੱਬਤ ਤੋਂ ਦੂਰ ਨਾ ਰਹਿਣਾ ਪਵੇ ਅਤੇ ਰੱਬ ਸਭ ਨੂੰ ਔਲਾਦ ਬਖ਼ਸ਼ੇ। •

85678-72291




'ਆਪ' ਵੱਲੋਂ 40 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ; ਭਗਵੰਤ ਮਾਨ ਧੂਰੀ ਤੋਂ ਅਤੇ ਸਪੀਕਰ ਕੁਲਤਾਰ ਸੰਧਵਾਂ ਕੋਟਕਪੂਰਾ ਤੋਂ ਉਮੀਦਵਾਰ

ਨਵੀਂ ਸੂਚੀ 'ਚ ਮੌਜੂਦਾ 40 ਪਾਰਟੀ ਵਿਧਾਇਕਾਂ ਨੂੰ ਮੁੜ ਉਮੀਦਵਾਰ ਬਣਾਇਆ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਨੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ 40 ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨ ਦਿੱਤੀ ਹੈ। ਜਾਰੀ ਸੂਚੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਅਸੈਂਬਲੀ ਹਲਕਾ ਧੂਰੀ ਤੋਂ ਚੋਣ ਲੜਨਗੇ ਜਦੋਂ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਟਕਪੂਰਾ ਤੋਂ ਚੋਣ ਮੈਦਾਨ 'ਚ ਉੱਤਰਨਗੇ। ਮੁੱਖ ਮੰਤਰੀ ਭਗਵੰਤ ਮਾਨ ਨੂੰ ਮੁੜ ਧੂਰੀ ਤੋਂ ਉਮੀਦਵਾਰ ਬਣਾਏ ਜਾਣ ਨਾਲ ਉਨ੍ਹਾਂ ਸਿਆਸੀ ਚਰਚਾਵਾਂ ਨੂੰ ਬਰੇਕ ਲੱਗ ਗਈ ਹੈ ਜਿਨ੍ਹਾਂ 'ਚ ਮੁੱਖ ਮੰਤਰੀ ਵੱਲੋਂ ਹਲਕਾ ਬਦਲੇ ਜਾਣ ਦੀ ਗੱਲ ਕਹੀ ਜਾ ਰਹੀ ਸੀ।



ਨਵੀਂ ਸੂਚੀ 'ਚ ਮੌਜੂਦਾ 40 ਪਾਰਟੀ ਵਿਧਾਇਕਾਂ ਨੂੰ ਮੁੜ ਉਮੀਦਵਾਰ ਬਣਾਇਆ ਹੈ ਜਿਨ੍ਹਾਂ 'ਚ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਮੁੜ ਲੁਧਿਆਣਾ ਪੱਛਮੀ ਤੋਂ ਉਮੀਦਵਾਰ ਐਲਾਨਿਆ ਹੈ। ਚਾਰ ਮੌਜੂਦਾ ਮਹਿਲਾ ਵਿਧਾਇਕਾਂ ਨੂੰ ਵੀ ਮੁੜ ਚੋਣ ਮੈਦਾਨ 'ਚ ਉਤਾਰਿਆ ਜਾਣਾ ਹੈ ਜਿਸ 'ਚ ਮੋਗਾ ਤੋਂ ਡਾ. ਅਮਨਦੀਪ ਕੌਰ ਅਰੋੜਾ,ਨਕੋਦਰ ਤੋਂ ਇੰਦਰਜੀਤ ਕੌਰ ਮਾਨ, ਬਲਾਚੌਰ ਤੋਂ ਸੰਤੋਸ਼ ਕਟਾਰੀਆ ਅਤੇ ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ ਦਾ ਨਾਮ ਸ਼ਾਮਲ ਹੈ। ਨਵੀਂ ਸੂਚੀ ਮਾਝੇ ਦੀਆਂ ਪੰਜ ਸੀਟਾਂ, ਦੁਆਬੇ ਦੀਆਂ 8 ਅੱਠ ਸੀਟਾਂ ਅਤੇ ਮਾਲਵੇ ਦੀਆਂ 27 ਸੀਟਾਂ ਤੋਂ ਉਮੀਦਵਾਰ ਐਲਾਨੇ ਗਏ ਹਨ। ਪੰਜਾਬ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਐਲਾਨ ਕੇ ਆਮ ਆਦਮੀ ਪਾਰਟੀ ਨੇ ਪਹਿਲ ਕਰ ਦਿੱਤੀ ਹੈ। ਪਹਿਲੀ ਸੂਚੀ 'ਚ ਮੁੱਖ ਮੰਤਰੀ ਭਗਵੰਤ ਮਾਨ ਦਾ ਨਾਮ ਪ੍ਰਮੁੱਖ ਹੈ ਜਿਨ੍ਹਾਂ ਨੇ ਹਲਕਾ ਧੂਰੀ ਤੋਂ 2022 'ਚ ਕਾਂਗਰਸ ਪਾਰਟੀ ਦੇ ਉਮੀਦਵਾਰ ਦਲਬੀਰ ਸਿੰਘ ਗੋਲਡੀ ਨੂੰ 58,206 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਚੋਣ ਜਿੱਤੀ ਸੀ। ਅੱਜ ਪਹਿਲੀ ਸੂਚੀ ਦੇ ਐਲਾਨ ਤੋਂ ਪਹਿਲਾਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪ੍ਰਧਾਨਗੀ ਹੇਠ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਹੋਈ ਜਿਸ 'ਚ ਪਾਰਟੀ ਉਮੀਦਵਾਰਾਂ ਦੀ ਪਹਿਲੀ ਸੂਚੀ 'ਤੇ ਮੋਹਰ ਲਗਾਈ ਗਈ।

ਮੀਟਿੰਗ 'ਚ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆਂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਹਾਜ਼ਰ ਸਨ। ਲੰਘੇ ਕੱਲ੍ਹ ਪਾਰਟੀ ਨੇ 117 ਹਲਕਿਆਂ ਲਈ ਉਮੀਦਵਾਰਾਂ ਦੇ ਨਾਵਾਂ 'ਤੇ ਮੰਥਨ ਕੀਤਾ ਸੀ। ਪਹਿਲੀ ਸੂਚੀ 'ਚ ਸੰਜੀਵ ਅਰੋੜਾ ਨੂੰ ਛੱਡ ਕੇ ਕੈਬਨਿਟ ਵਜ਼ੀਰਾਂ ਦੇ ਨਾਮ ਹਾਲੇ ਬਾਹਰ ਰੱਖੇ ਗਏ ਹਨ। ਸੰਜੀਵ ਅਰੋੜਾ ਇਸ ਵੇਲੇ ਜੇਲ੍ਹ 'ਚ ਹਨ।

ਦੱਸਣਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਜੋ ਨਵੇਂ ਕਰੀਬ 19 ਹਲਕਾ ਇੰਚਾਰਜ ਲਗਾਏ ਗਏ ਹਨ, ਉਨ੍ਹਾਂ ਦਾ ਐਲਾਨ ਦੂਜੀ ਸੂਚੀ 'ਚ ਹੋਣ ਦੀ ਸੰਭਾਵਨਾ ਹੈ। ਇਸ ਵੇਲੇ 'ਆਪ' ਦੇ 117 ਮੈਂਬਰੀ ਪੰਜਾਬ ਵਿਧਾਨ ਸਭਾ ਵਿੱਚ 94 ਵਿਧਾਇਕ ਹਨ।

ਪੰਜਾਬ 'ਚ ਖਾਣਾ 45 ਮਿੰਟਾਂ 'ਚ, ਪਰ ਨਸ਼ਾ 20 ਮਿੰਟਾਂ 'ਚ ਘਰ ਪਹੁੰਚਦੈ: ਸਚਿਨ ਪਾਇਲਟ

ਨਵੀਂ ਦਿੱਲੀ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਇੰਚਾਰਜ ਸਚਿਨ ਪਾਇਲਟ ਨੇ ਸਪੱਸ਼ਟ ਕੀਤਾ ਹੈ ਕਿ ਕਾਂਗਰਸ ਕਿਸੇ ਇੱਕ ਚਿਹਰੇ ਜਾਂ ਕੁਝ ਆਗੂਆਂ 'ਤੇ ਨਿਰਭਰ ਪਾਰਟੀ ਨਹੀਂ ਹੈ। ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਪਾਇਲਟ ਨੇ ਪਾਰਟੀ ਵਿੱਚ ਅੰਦਰੂਨੀ ਧੜੇਬੰਦੀ ਦੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਸ ਨੂੰ 'ਚੰਗਾ ਮੁਕਾਬਲਾ' (healthy competition) ਕਰਾਰ ਦਿੱਤਾ।

ਪਾਰਟੀ ਦੇ ਸੂਬਾ ਪ੍ਰਧਾਨ ਪਰਗਟ ਸਿੰਘ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਟੀਮ ਭਾਵਨਾ ਨਾਲ ਚੋਣ ਮੈਦਾਨ ਵਿੱਚ ਉਤਰੇਗੀ। ਉਨ੍ਹਾਂ ਕਿਹਾ, ਕੈਪਟਨ ਉਦੋਂ ਹੀ ਮਜ਼ਬੂਤ ਹੁੰਦਾ ਹੈ ਜਦੋਂ ਉਸ ਦੀ ਟੀਮ ਉਸ ਦੇ ਨਾਲ ਹੋਵੇ। ਮੁੱਖ ਮੰਤਰੀ ਦੇ ਚਿਹਰੇ ਬਾਰੇ ਪਾਇਲਟ ਨੇ ਕਿਹਾ ਕਿ ਵਿਰੋਧੀ ਧਿਰ ਵਿੱਚ ਹੁੰਦਿਆਂ ਲੀਡਰਸ਼ਿਪ ਸਮੂਹਿਕ (collective) ਹੁੰਦੀ ਹੈ, ਜਿਸ ਵਿੱਚ ਵਿਰੋਧੀ ਧਿਰ ਦੇ ਨੇਤਾ, ਸੂਬਾ ਪ੍ਰਧਾਨ ਅਤੇ ਸੀਨੀਅਰ ਆਗੂ ਸ਼ਾਮਲ ਹੁੰਦੇ ਹਨ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਬੋਲਦਿਆਂ



ਪਾਇਲਟ ਨੇ ਕਿਹਾ ਕਿ ਭਾਜਪਾ 'ਚ ਸ਼ਾਮਲ ਹੋਣਾ ਉਨ੍ਹਾਂ ਦਾ ਨਿੱਜੀ ਫੈਸਲਾ ਸੀ, ਪਰ ਉਹ ਉੱਥੇ ਖੁਸ਼ ਨਹੀਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਭਾਜਪਾ ਦੇ ਜ਼ਿਆਦਾਤਰ ਪ੍ਰਮੁੱਖ ਚਿਹਰੇ ਸਾਬਕਾ ਕਾਂਗਰਸੀ ਹੀ ਹਨ ਅਤੇ ਭਾਜਪਾ ਵਿੱਚ ਬਾਹਰੋਂ ਆਏ ਆਗੂਆਂ ਨੂੰ ਅਸਲ ਸਤਿਕਾਰ ਨਹੀਂ ਮਿਲਦਾ।

ਸਚਿਨ ਪਾਇਲਟ ਨੇ ਸੂਬੇ ਦੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਨੇ 2022 ਵਿੱਚ ਮਿਲੇ 92 ਸੀਟਾਂ ਦੇ ਇਤਿਹਾਸਕ ਫਤਵੇ ਨੂੰ ਗਵਾ ਦਿੱਤਾ ਹੈ। ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਦੀ ਭਿਆਨਕ ਤਸਵੀਰ ਪੇਸ਼ ਕਰਦਿਆਂ, ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਉਨ੍ਹਾਂ ਨੇ ਪੂਰੇ ਸੂਬੇ ਦਾ ਵਿਆਪਕ ਦੌਰਾ ਕੀਤਾ ਹੈ।

ਉਨ੍ਹਾਂ ਦਾਅਵਾ ਕੀਤਾ, ਜੇਕਰ ਤੁਸੀਂ ਘਰ ਜਾਂ ਪਿੰਡ ਵਿੱਚ ਬੈਠੇ ਹੋਵੋ, ਤਾਂ 'ਬਲਿੰਕਿਟ' ਜਾਂ 'ਜ਼ੋਮੈਟੋ' ਰਾਹੀਂ ਖਾਣਾ ਮੰਗਵਾਉਣ ਵਿੱਚ 45 ਮਿੰਟ ਲੱਗ ਜਾਂਦੇ ਹਨ, ਜਦਕਿ 'ਚਿੱਟਾ' ਅਤੇ ਹੋਰ ਨਸ਼ੇ 20 ਮਿੰਟਾਂ ਵਿੱਚ ਹੀ ਤੁਹਾਡੇ ਦਰਵਾਜ਼ੇ 'ਤੇ ਪਹੁੰਚ ਜਾਂਦੇ ਹਨ। ਭਾਵ ਨਸ਼ਿਆਂ ਦੀ 'ਹੋਮ ਡਿਲੀਵਰੀ' ਹੁੰਦੀ ਹੈ।

ਸੂਬੇ ਦੀ ਆਰਥਿਕ ਸਥਿਤੀ 'ਤੇ ਚਿੰਤਾ ਪ੍ਰਗਟਾਉਂਦਿਆਂ ਪਾਇਲਟ ਨੇ ਕਿਹਾ ਕਿ ਪੰਜਾਬ ਸਿਰ ਕਰਜ਼ਾ 2.5 ਲੱਖ ਕਰੋੜ ਤੋਂ ਵਧ ਕੇ 4.5 ਲੱਖ ਕਰੋੜ ਰੁਪਏ ਹੋ ਗਿਆ ਹੈ। ਉਦਯੋਗ ਅਤੇ ਨਿਵੇਸ਼ ਬਾਹਰ ਜਾ ਰਹੇ ਹਨ, ਫਿਰੌਤੀਆਂ ਲਈ ਧਮਕੀਆਂ ਮਿਲ ਰਹੀਆਂ ਹਨ ਅਤੇ ਨਸ਼ਿਆਂ ਨੇ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰ ਦਿੱਤਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਆਗਾਮੀ ਚੋਣਾਂ ਵਿੱਚ ਮੁੱਖ ਮੁਕਾਬਲਾ ਕਾਂਗਰਸ ਅਤੇ 'ਆਪ' ਵਿਚਕਾਰ ਹੀ ਹੋਵੇਗਾ। ਮਾਝਾ, ਦੋਆਬਾ ਅਤੇ ਮਾਲਵਾ ਵਿੱਚ ਕਾਂਗਰਸ ਦਾ ਵੋਟ ਬੈਂਕ ਪੂਰੀ ਤਰ੍ਹਾਂ ਮਜ਼ਬੂਤ ਹੈ ਅਤੇ ਜਨਤਾ ਹੁਣ ਬਦਲਾਅ ਚਾਹੁੰਦੀ ਹੈ।

ਖੁਰਾਕ ਸੁਰੱਖਿਆ ਵਿਭਾਗ, ਪਟਿਆਲਾ ਨੇ ਸਖ਼ਤੀ ਵਧਾਈ

ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਤਿਉਹਾਰਾਂ ਦੇ ਸੀਜ਼ਨ ਦੌਰਾਨ ਖੁਰਾਕ ਸੁਰੱਖਿਆ ਵਿਭਾਗ, ਪਟਿਆਲਾ ਨੇ ਜ਼ਿਲ੍ਹੇ ਭਰ ਵਿੱਚ ਖੁਰਾਕੀ ਪਦਾਰਥਾਂ ਵਿੱਚ ਮਿਲਾਵਟ ਅਤੇ ਨਿਰਧਾਰਤ ਖੁਰਾਕ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਵਿਰੁੱਧ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ।

ਸਤੰਬਰ ਅਤੇ ਅਕਤੂਬਰ 2026 ਦੌਰਾਨ, ਵਿਭਾਗ ਨੇ ਕੁੱਲ 136 ਖੁਰਾਕੀ ਨਮੂਨੇ ਇਕੱਠੇ ਕੀਤੇ ਅਤੇ ਜਨਤਕ ਸਿਹਤ ਦੀ ਰਾਖੀ ਲਈ, ਖਾਸ ਤੌਰ 'ਤੇ ਤਿਉਹਾਰਾਂ ਦੇ ਸੀਜ਼ਨ ਤੋਂ ਪਹਿਲਾਂ ਦੁੱਧ, ਪਨੀਰ, ਘਿਓ ਅਤੇ ਹੋਰ ਖੁਰਾਕੀ ਪਦਾਰਥਾਂ ਦੀ ਵੱਡੀ ਮਾਤਰਾ ਜ਼ਬਤ ਕੀਤੀ।

ਇਨ੍ਹਾਂ ਕਾਰਵਾਈਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਰਾਜਪੁਰਾ ਤੋਂ 547 ਕਿਲੋ ਪਨੀਰ ਜ਼ਬਤ ਕੀਤਾ ਗਿਆ, ਅਤੇ ਚਤਹਿਰਾ ਤੋਂ 120 ਕਿਲੋ ਪਨੀਰ ਜ਼ਬਤ ਕੀਤਾ ਗਿਆ।

ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਵੱਲੋਂ ਡਰੱਗ ਹੌਟਸਪੌਟ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਵਿਸ਼ੇਸ਼ CASO ਆਪ੍ਰੇਸ਼ਨ

ਅੰਮ੍ਰਿਤਸਰ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੁਲਿਸ ਕਮਿਸ਼ਨਰ ਅੰਮ੍ਰਿਤਸਰ, ਸ੍ਰੀ ਹਰਮਨਬੀਰ ਸਿੰਘ ਗਿੱਲ, ਆਈ.ਪੀ.ਐੱਸ. ਦੀਆਂ ਹਦਾਇਤਾਂ ਅਨੁਸਾਰ ਕਮਿਸ਼ਨਰੇਟ ਪੁਲਿਸ ਵੱਲੋਂ ਸ਼ਹਿਰ ਦੇ ਵੱਖ-ਵੱਖ ਡਰੱਗ ਹੌਟਸਪੌਟ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਵਿਸ਼ੇਸ਼ CASO (ਕੋਰਡਨ ਐਂਡ ਸਰਚ ਆਪ੍ਰੇਸ਼ਨ) ਚਲਾਇਆ ਗਿਆ। ਇਸ ਆਪ੍ਰੇਸ਼ਨ ਦੌਰਾਨ ਕਮਿਸ਼ਨਰੇਟ ਪੁਲਿਸ ਦੇ ਸਮੂਹ *05



ਡੀ.ਸੀ.ਪੀਜ਼ ਨੇ ਖੁਦ ਵੱਖ-ਵੱਖ ਹੌਟਸਪੌਟ ਇਲਾਕਿਆਂ ਵਿੱਚ ਪਹੁੰਚ ਕੇ ਸਰਚ ਆਪ੍ਰੇਸ਼ਨਾਂ ਅਤੇ ਚੈਕਿੰਗ ਦੀ ਨਿਗਰਾਨੀ ਕੀਤੀ। ਇਸ ਮੁਹਿੰਮ ਵਿੱਚ 08 ਏ.ਡੀ.ਸੀ.ਪੀਜ਼, 10 ਏ.ਸੀ.ਪੀਜ਼, ਐੱਸ.ਐੱਚ.ਓਜ਼, ਪੁਲਿਸ ਚੌਕੀ ਇੰਚਾਰਜਾਂ, ਵੱਖ-ਵੱਖ ਯੂਨਿਟਾਂ ਅਤੇ 430 ਭਾਰੀ ਪੁਲਿਸ ਫੋਰਸ* ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਦਾ ਮੁੱਖ ਉਦੇਸ਼ ਨਸ਼ਾ ਤਸਕਰੀ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਦੇ ਨਾਲ-ਨਾਲ ਹੌਟਸਪੌਟ ਇਲਾਕਿਆਂ ਵਿੱਚ ਸੁਰੱਖਿਅਤ ਮਾਹੌਲ ਯਕੀਨੀ ਬਣਾਉਣਾ ਹੈ। ਹੌਟ-ਸਪੌਟ ਇਲਾਕਿਆਂ ਵਿੱਚ ਸੁਰੱਖਿਆ ਅਤੇ ਨਿਗਰਾਨੀ ਪ੍ਰਬੰਧ ਮਜ਼ਬੂਤ ਕਰਨ ਲਈ ਵਿਸ਼ੇਸ਼ ਉਪਰਾਲੇ

ਆਪ੍ਰੇਸ਼ਨ ਦੌਰਾਨ ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਦੀ ਖਪਤ ਵਾਲੇ ਸੰਭਾਵਿਤ ਸਥਾਨਾਂ ਦੀ ਪਛਾਣ ਕਰਕੇ ਉਨ੍ਹਾਂ ਵਿੱਚ ਸੁਧਾਰ ਲਿਆਉਣ ਲਈ ਲੋੜੀਂਦੇ ਕਦਮ ਚੁੱਕੇ ਗਏ। ਜਿਨ੍ਹਾਂ ਇਲਾਕਿਆਂ ਵਿੱਚ ਸੀ.ਸੀ.ਟੀ.ਵੀ. ਕੈਮਰਿਆਂ ਦੀ ਘਾਟ ਹੈ ਜਾਂ ਨਿਗਰਾਨੀ ਪ੍ਰਣਾਲੀ ਉਪਲਬਧ ਨਹੀਂ ਹੈ, ਉਨ੍ਹਾਂ ਦੀ ਪਛਾਣ ਕਰਕੇ ਕੈਮਰੇ ਲਗਵਾਉਣ ਲਈ ਯਤਨ ਕੀਤੇ ਜਾ ਰਹੇ ਹਨ।

ਇਸ ਤੋਂ ਇਲਾਵਾ, ਘੱਟ ਰੌਸ਼ਨੀ ਵਾਲੀਆਂ ਗਲੀਆਂ ਅਤੇ ਸੜਕਾਂ ਦੀ ਪਛਾਣ ਕਰਕੇ ਨਵੀਆਂ ਸਟਰੀਟ ਲਾਈਟਾਂ ਲਗਵਾਉਣ ਅਤੇ ਖ਼ਰਾਬ ਲਾਈਟਾਂ ਦੀ ਮੁਰੰਮਤ ਕਰਵਾਉਣ ਲਈ ਵੀ ਯੋਜਨਾ ਤਿਆਰ ਕੀਤੀ ਗਈ ਹੈ, ਤਾਂ ਜੋ ਰਾਤ ਸਮੇਂ ਸੁਰੱਖਿਆ ਅਤੇ ਨਿਗਰਾਨੀ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾ ਸਕਣ।

ਲੱਖਾ ਸਿਧਾਣਾ ਤੇ ਮੋਹਨਜੀਤ ਸਿੰਘ ਸ਼ੇਰੋਂ ਦੀ ਗ੍ਰਿਫ਼ਤਾਰੀ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ: ਜਸਟਿਸ ਰਣਜੀਤ ਸਿੰਘ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਅੱਜ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਵੱਖ-ਵੱਖ ਸਮਾਜਿਕ, ਕਿਸਾਨ, ਮਨੁੱਖੀ ਅਧਿਕਾਰ ਅਤੇ ਲੋਕ-ਹਿ ਤੈਸ਼ੀ ਜਥੇਬੰਦੀਆਂ ਵੱਲੋਂ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਮੌਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਨੇ ਗ੍ਰਿਫ਼ਤਾਰੀਆਂ ਅਤੇ ਪੁਲਿਸ ਕਾਰਵਾਈ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਨਸਾਫ਼ ਅਤੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਉਠਾਉਣ ਵਾਲਿਆਂ ਵਿਰੁੱਧ ਕਥਿਤ ਤੌਰ 'ਤੇ ਝੂਠੇ ਮੁਕੱਦਮੇ ਦਰਜ ਕਰਨਾ ਸੰਵਿਧਾਨਕ ਅਧਿਕਾਰਾਂ ਅਤੇ ਲੋਕਤੰਤਰੀ ਮਰਿਆਦਾਵਾਂ ਨਾਲ ਜੁੜੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਮਿਸਲ ਸਤਲੁਜ ਪਾਰਟੀ ਦੇ ਪ੍ਰਧਾਨ ਸ. ਅਜੇਪਾਲ ਸਿੰਘ ਬਰਾੜ ਨੇ ਕਿਹਾ ਕਿ ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਦੀ ਗ੍ਰਿਫ਼ਤਾਰੀ ਨਾਲ ਮਾਨਸਾ ਮੋਰਚੇ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਐਲਾਨ ਕੀਤਾ ਕਿ ਮੋਰਚੇ ਵੱਲੋਂ ਦਿੱਤੇ



ਜਾਣ ਵਾਲੇ ਹਰ ਸੱਦੇ ਵਿੱਚ ਮਿਸਲ ਸਤਲੁਜ ਸਮੇਤ ਸਾਰੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਪੂਰੀ ਸ਼ਿੱਦਤ ਨਾਲ ਸ਼ਮੂਲੀਅਤ ਕਰਨਗੀਆਂ। ਉਨ੍ਹਾਂ ਕਿਹਾ ਕਿ ਜੇਕਰ ਪਹਿਲਾਂ ਮੋਰਚੇ ਵਿੱਚ 100 ਫ਼ੀਸਦੀ ਯੋਗਦਾਨ ਪਾਇਆ ਜਾ ਰਿਹਾ ਸੀ ਤਾਂ ਹੁਣ ਇਸ ਦੀ ਮਜ਼ਬੂਤੀ ਲਈ 110 ਤੋਂ 120 ਫ਼ੀਸਦੀ ਸਮਰਪਣ ਨਾਲ ਕੰਮ ਕੀਤਾ ਜਾਵੇਗਾ। ਇਸ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ, ਸਾਂਝਾ ਮੋਰਚਾ ਜੀਰਾ, ਸ੍ਰੀ ਚਮਕੌਰ ਸਾਹਿਬ ਮੋਰਚਾ, ਮਿਸਲ ਸਤਲੁਜ ਪਾਰਟੀ, ਕਾਲੇ ਪਾਣੀ ਦਾ ਮੋਰਚਾ, ਟੀਮ ਲੱਖੇ ਸਿਧਾਣੇ ਅਤੇ ਪਬਲਿਕ ਐਕਸ਼ਨ ਕਮੇਟੀ ਮੱਤੇਵਾੜਾ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਇਸ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਮੁੱਖ ਬੁਲਾਰਿਆਂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਲੱਖਾ ਸਿਧਾਣਾ, ਮੋਹਨਜੀਤ ਸਿੰਘ ਸ਼ੇਰੋਂ, ਆਕਾਸ਼ਦੀਪ ਸਿੰਘ ਫੂਲ, ਪਰਮਿੰਦਰ ਸਿੰਘ ਝੋਟਾ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਡੱਟ ਕੇ ਖੜ੍ਹਨ ਅਤੇ ਮਾਨਸਾ ਮੋਰਚੇ ਨੂੰ ਵੱਧ ਤੋਂ ਵੱਧ ਸਮਰਥਨ ਦੇਣ। ਬੁਲਾਰਿਆਂ ਨੇ ਕਿਹਾ, ਇਹ ਲੜਾਈ ਕਿਸੇ ਇੱਕ ਵਿਅਕਤੀ ਦੀ ਨਹੀਂ, ਪੰਜਾਬ ਦੀ ਨੌਜਵਾਨੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਅੱਜ ਜੇ ਅੱਜ ਪੰਜਾਬੀ ਨਸ਼ਿਆਂ ਅਤੇ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨਾਲ ਨਾ ਖੜ੍ਹੇ ਹੋਏ ਤਾਂ ਕੱਲ੍ਹ ਇਹ ਸੰਕਟ ਸਾਡੇ ਆਪਣੇ ਘਰਾਂ ਤੱਕ ਪਹੁੰਚ ਸਕਦਾ ਹੈ।

ਸਰਦਾਰ ਪਟੇਲ ਨੇ ਦੇਸ਼ ਨੂੰ ਇੱਕ ਧਾਗੇ ਵਿੱਚ ਪਰੋਇਆ, ਹੁਣ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣਾ ਸਾਡੀ ਜ਼ਿੰਮੇਵਾਰੀ: ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਦਾਰ ਵੱਲਭਭਾਈ ਪਟੇਲ ਨੇ ਦੇਸ਼ ਦੀਆਂ ਸੈਂਕੜੇ ਰਿਆਸਤਾਂ ਨੂੰ ਇੱਕ ਧਾਗੇ ਵਿੱਚ ਪਰੋ ਕੇ ਅਖੰਡ ਭਾਰਤ ਦੇ ਨਿਰਮਾਣ ਵਿੱਚ ਇਤਿਹਾਸਕ ਭੂਮਿਕਾ ਨਿਭਾਈ ਸੀ। ਉਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਜੋ ਸੰਕਲਪ ਲਿਆ ਸੀ, ਉਹ ਅੱਜ ਵੀ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ।

ਸਰਦਾਰ ਪਟੇਲ ਨੇ ਭਾਰਤ ਨੂੰ ਜੋੜਿਆ ਸੀ ਅਤੇ ਹੁਣ ਸਾਡੀ ਜ਼ਿੰਮੇਵਾਰੀ ਹੈ ਕਿ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਸੰਕਲਪ ਨੂੰ ਸਾਕਾਰ ਕਰੀਏ।

ਮੁੱਖ ਮੰਤਰੀ ਸ਼ਨੀਵਾਰ ਨੂੰ ਹਰਿਆਣਾ ਸਿਵਲ ਸਕੱਤਰੇਤ ਕੰਪਲੈਕਸ ਵਿੱਚ ਸਰਦਾਰ ਵੱਲਭਭਾਈ ਪਟੇਲ ਦੀ ਜਯੰਤੀ ਦੇ ਮੌਕੇ 'ਤੇ ਆਯੋਜਿਤ ਰਾਸ਼ਟਰੀ ਏਕਤਾ ਦਿਵਸ ਸਹੁੰ ਚੁੱਕ ਸਮਾਗਮ ਵਿੱਚ ਬੋਲ ਰਹੇ ਸਨ। ਉਨ੍ਹਾਂ ਨੇ ਸਰਦਾਰ ਪਟੇਲ ਨੂੰ ਫੁੱਲ ਅਰਪਿਤ ਕਰਕੇ ਨਮਨ ਕੀਤਾ ਅਤੇ ਸੂਬਾ ਵਾਸੀਆਂ ਨੂੰ ਉਨ੍ਹਾਂ ਦੀ ਜਯੰਤੀ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਹਾਜ਼ਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਰਾਸ਼ਟਰੀ ਏਕਤਾ ਦੀ ਸਹੁੰ ਚੁਕਾਈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲ 1947 ਵਿੱਚ ਦੇਸ਼ ਆਜ਼ਾਦ ਤਾਂ ਹੋਇਆ, ਪਰ ਉਸ ਸਮੇਂ ਭਾਰਤ ਸੈਂਕੜੇ ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਵੱਖ-ਵੱਖ ਰਿਆਸਤਾਂ ਦੇ ਆਪਣੇ ਝੰਡੇ ਅਤੇ ਵਿਵਸਥਾਵਾਂ ਸਨ। ਦੁਨੀਆ ਵਿੱਚ ਚਰਚਾ ਸੀ ਕਿ ਭਾਰਤ ਇੱਕਜੁੱਟ ਨਹੀਂ ਰਹਿ ਸਕੇਗਾ, ਪਰ ਸਰਦਾਰ ਵੱਲਭਭਾਈ ਪਟੇਲ ਨੇ ਆਪਣੇ



ਦ੍ਰਿੜ ਸੰਕਲਪ ਅਤੇ ਦੂਰਅੰਦੇਸ਼ੀ ਨਾਲ ਰਿਆਸਤਾਂ ਦਾ ਭਾਰਤ ਵਿੱਚ ਵਿਲਯ ਕਰਵਾ ਕੇ ਦੇਸ਼ ਨੂੰ ਏਕਤਾ ਦੇ ਸੂਤਰ ਵਿੱਚ ਬੰਨ੍ਹਿਆ। ਜੂਨਾਗੜ੍ਹ ਅਤੇ ਹੈਦਰਾਬਾਦ ਵਰਗੀਆਂ ਰਿਆਸਤਾਂ ਦੇ ਮਾਮਲੇ ਵਿੱਚ ਵੀ ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਭਾਰਤ ਦੀ ਏਕਤਾ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਸਰਦਾਰ ਪਟੇਲ ਦਾ ਖ਼ਿਤਾਬ ਉਨ੍ਹਾਂ ਨੂੰ ਅੰਗਰੇਜ਼ਾਂ ਨੇ ਨਹੀਂ ਦਿੱਤਾ ਸੀ। ਸਰਦਾਰ ਪਟੇਲ ਨੂੰ ਕਿਸਾਨਾਂ ਨੇ ਉਨ੍ਹਾਂ ਦੇ ਹੱਕਾਂ ਲਈ ਸੰਘਰਸ਼ ਕਰਨ 'ਤੇ 'ਸਰਦਾਰ' ਦਾ ਖ਼ਿਤਾਬ ਦਿੱਤਾ ਸੀ। ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਰਾਸ਼ਟਰ ਦੀ ਏਕਤਾ ਲਈ ਦ੍ਰਿੜ ਇੱਛਾ ਸ਼ਕਤੀ ਅਤੇ ਜਨਸੇਵਾ ਦੀ ਭਾਵਨਾ ਕਿੰਨੀ ਜ਼ਰੂਰੀ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਦਾਰ ਪਟੇਲ ਨੇ ਆਲ ਇੰਡੀਆ ਸਰਵਿਸਿਜ਼ (ਅਖਿਲ ਭਾਰਤੀ ਸੇਵਾਵਾਂ) ਦੀ ਨੀਂਹ ਰੱਖੀ, ਜਿਨ੍ਹਾਂ ਨੂੰ ਦੇਸ਼ ਦਾ 'ਸਟੀਲ ਫ੍ਰੇਮ' ਕਿਹਾ ਜਾਂਦਾ ਹੈ। ਉਨ੍ਹਾਂ ਨੇ 21 ਅਪ੍ਰੈਲ, 1947 ਨੂੰ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਸੇਵਾ, ਨਿਰਪੱਖਤਾ ਅਤੇ ਇਮਾਨਦਾਰੀ ਨੂੰ ਪ੍ਰਸ਼ਾਸਨ ਦੀ ਆਤਮਾ ਦੱਸਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਆਲ ਇੰਡੀਆ ਸਰਵਿਸਿਜ਼ ਤੋਂ ਬਿਨਾਂ ਅਖੰਡ ਭਾਰਤ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਏਕਤਾ ਕੇਵਲ ਨਕਸ਼ੇ 'ਤੇ ਖਿੱਚੀਆਂ ਲਕੀਰਾਂ ਨਾਲ ਨਹੀਂ ਬਣਦੀ, ਬਲਕਿ ਫਾਈਲਾਂ 'ਤੇ ਲਏ ਗਏ ਨਿਰਪੱਖ ਫੈਸਲਿਆਂ ਅਤੇ ਜਨਤਾ ਦੇ ਵਿਸ਼ਵਾਸ ਨਾਲ ਮਜ਼ਬੂਤ ਹੁੰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰ ਨਾਗਰਿਕ ਨੂੰ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਸਰਕਾਰ ਉਸ ਦੀ ਆਪਣੀ ਸਰਕਾਰ ਹੈ। ਹਰਿਆਣਾ ਸਰਕਾਰ ਵੀ ਇਸੇ ਭਾਵਨਾ ਨਾਲ ਸੁਸ਼ਾਸਨ ਅਤੇ ਜਨਸੇਵਾ ਦੇ ਸੰਕਲਪ ਨੂੰ ਧਰਾਤਲ 'ਤੇ ਉਤਾਰ ਰਹੀ ਹੈ। ਸੂਬੇ ਵਿੱਚ ਪਿਛਲੇ ਸਮੇਂ ਵਿੱਚ ਦੋ ਲੱਖ ਤੋਂ ਵੱਧ ਨੌਜਵਾਨਾਂ ਨੂੰ ਬਿਨਾਂ ਪਰਚੀ-ਬਿਨਾਂ ਖਰਚੀ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਸਿਫ਼ਾਰਸ਼ ਦੀ ਸੰਸਕ੍ਰਿਤੀ ਨੂੰ ਖ਼ਤਮ ਕੀਤਾ ਗਿਆ ਹੈ। ਇਹੋ ਸਰਦਾਰ ਪਟੇਲ ਦੇ ਸੁਸ਼ਾਸਨ ਦੇ ਸੁਪਨੇ ਦੀ ਭਾਵਨਾ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਸਾਲ 2014 ਤੋਂ ਸਰਦਾਰ ਵੱਲਭਭਾਈ ਪਟੇਲ ਦੀ ਜਯੰਤੀ ਨੂੰ ਰਾਸ਼ਟਰੀ ਏਕਤਾ ਦਿਵਸ ਵਜੋਂ ਮਨਾਉਣ ਦੀ ਪਰੰਪਰਾ ਸ਼ੁਰੂ ਕੀਤੀ। ਨਾਲ ਹੀ, ਵਿਸ਼ਵ ਦੀ ਸਭ ਤੋਂ ਉੱਚੀ ਪ੍ਰਤੀਮਾ 'ਸਟੈਚੂ ਆਫ਼ ਯੂਨਿਟੀ' ਦਾ ਨਿਰਮਾਣ ਕਰਵਾ ਕੇ ਸਰਦਾਰ ਪਟੇਲ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਅੱਜ ਇਹ ਪ੍ਰਤੀਮਾ ਪੂਰੀ ਦੁਨੀਆ ਨੂੰ ਭਾਰਤ ਦੀ ਏਕਤਾ ਅਤੇ ਅਖੰਡਤਾ ਦਾ ਸੰਦੇਸ਼ ਦੇ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਏਕਤਾ ਨੂੰ ਤੋੜਨ ਵਾਲੀਆਂ ਤਾਕਤਾਂ ਕਦੇ ਖੇਤਰਵਾਦ, ਕਦੇ ਭਾਸ਼ਾਵਾਦ ਅਤੇ ਕਦੇ ਅਫ਼ਵਾਹਾਂ ਰਾਹੀਂ ਸਮਾਜ ਨੂੰ ਵੰਡਣ ਦਾ ਯਤਨ ਕਰਦੀਆਂ ਹਨ। ਇਹਨਾਂ ਦਾ ਜਵਾਬ ਸਾਡੀ ਏਕਤਾ ਹੈ। ਸਾਡਾ ਸੰਕਲਪ 'ਹਰਿਆਣਾ ਇੱਕ-ਹਰਿਆਣਵੀ ਇੱਕ' ਦਾ ਹੈ। ਸਾਨੂੰ ਮਿਲ ਕੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਅੱਗੇ ਵਧਾਉਣਾ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਸੂਬਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਸਰਦਾਰ ਵੱਲਭਭਾਈ ਪਟੇਲ ਦੀ ਜਯੰਤੀ 'ਤੇ ਅਸੀਂ ਸਾਰੇ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਵਿਕਾਸ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਦਾ ਸੰਕਲਪ ਲਈਏ। ਸਰਦਾਰ ਪਟੇਲ ਨੇ ਦੇਸ਼ ਨੂੰ ਇੱਕਜੁੱਟ ਕੀਤਾ ਸੀ ਅਤੇ ਹੁਣ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਵਿੱਚ ਹਰਿਆਣਾ ਨੂੰ ਵੀ ਮੁੱਖ ਭੂਮਿਕਾ ਨਿਭਾਉਣੀ ਹੈ।

ਇਸ ਮੌਕੇ ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਨੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦਾ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਸਰਦਾਰ ਵੱਲਭਭਾਈ ਪਟੇਲ ਦੇ ਯੋਗਦਾਨ ਤੋਂ ਸਾਰੇ ਜਾਣੂ ਹਨ।

1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਆਵਾਜ਼ ਬਣੇਗਾ 'ਜ਼ਖ਼ਮ 84 ਦੇ' ਕੰਨਕਲੇਵ, 4 ਨਵੰਬਰ ਨੂੰ ਚੰਡੀਗੜ੍ਹ 'ਚ ਹੋਵੇਗਾ ਆਯੋਜਨ

ਲੁਧਿਆਣਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਦਰਦਨਾਕ ਇਤਿਹਾਸ, ਪੀੜਤਾਂ ਦੇ ਸੰਘਰਸ਼ ਅਤੇ ਇਨਸਾਫ਼ ਦੀ ਲੜਾਈ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਭਾਰਤੀ ਜਨਤਾ ਪਾਰਟੀ ਵੱਲੋਂ 4 ਨਵੰਬਰ ਨੂੰ ਚੰਡੀਗੜ੍ਹ ਵਿਖੇ 'ਜ਼ਖ਼ਮ 84 ਦੇ' ਕੰਨਕਲੇਵ ਕਰਵਾਇਆ ਜਾ ਰਿਹਾ ਹੈ। ਲੁਧਿਆਣਾ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕੇਵਲ ਸਿੰਘ ਢਿੱਲੋਂ ਨੇ ਦੱਸਿਆ ਕਿ ਕੰਨਕਲੇਵ ਵਿੱਚ ਵਿਸ਼ੇਸ਼ ਪ੍ਰਦਰਸ਼ਨੀ ਤੋਂ ਇਲਾਵਾ ਛੇ ਸੈਸ਼ਨਾਂ ਰਾਹੀਂ 1984 ਦੇ ਕਤਲੇਆਮ ਦੇ ਵੱਖ-ਵੱਖ ਪਹਿਲੂਆਂ, ਕਥਿਤ ਸਾਜ਼ਿਸ਼, ਇਨਸਾਫ਼ ਵਿੱਚ ਹੋਈ ਦੇਰੀ, ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ



ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਉਦਘਾਟਨੀ ਸੈਸ਼ਨ ਵਿੱਚ ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਸੀਨੀਅਰ ਵਕੀਲ ਐੱਚ.ਐੱਸ. ਫੂਲਕਾ, ਤਰਲੋਚਨ ਸਿੰਘ ਅਤੇ ਭਾਜਪਾ ਦੇ ਕੌਮੀ ਬੁਲਾਰੇ ਆਰ.ਪੀ. ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਆਪਣੇ ਵਿਚਾਰ ਸਾਂਝੇ ਕਰਨਗੀਆਂ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਆਖਰੀ ਸੈਸ਼ਨ ਵਿੱਚ ਸ਼ਾਮਲ ਹੋ ਕੇ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਕੀਤੇ ਗਏ ਯਤਨਾਂ ਬਾਰੇ ਜਾਣਕਾਰੀ ਦੇਣਗੇ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਸ ਕੰਨਕਲੇਵ ਦਾ ਮਕਸਦ ਸਿਰਫ਼ ਇਤਿਹਾਸ ਨੂੰ ਯਾਦ ਕਰਨਾ ਨਹੀਂ, ਸਗੋਂ ਪੀੜਤਾਂ ਦੇ ਦਰਦ, ਉਨ੍ਹਾਂ ਦੇ ਸੰਘਰਸ਼ ਅਤੇ ਇਨਸਾਫ਼ ਦੀ ਮਹੱਤਤਾ ਬਾਰੇ ਸਮਾਜ ਨੂੰ ਜਾਗਰੂਕ ਕਰਨਾ ਹੈ।

ਪੰਜਾਬ ਨੂੰ ਆਰਥਿਕ ਪੱਖੋਂ ਮਜਬੂਤ ਕਰਨ ਲਈ ਯੋਜਨਾ ਤਿਆਰ: ਬਾਦਲ



ਪਟਿਆਲਾ, 1 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਸੂਬੇ ਅੰਦਰ 2027 ਦੀਆਂ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ ਜਿੱਥੇ ਉਹ ਹੁਣ ਤੋਂ ਹੀ ਪੰਜਾਬ ਦੀ ਹਰ ਵਰਗ ਨੂੰ ਪਾਰਟੀ ਨਾਲ ਜੋੜਨ ਵਿੱਚ ਲੱਗੇ ਹੋਏ ਹਨ ਤਾਂ ਜੋ ਆਉਣ ਵਾਲੇ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਉਪਰੰਤ ਪਿਛਲੇ 10 ਸਾਲਾਂ ਵਿੱਚ ਪੰਜਾਬ ਦਾ ਖਜ਼ਾਨੇ ਆਰਥਿਕ ਪੱਖੋਂ ਕਮਜ਼ੋਰ ਹੋ ਕੇ ਰਹਿ ਗਿਆ ਤਾਂ ਹੀ ਪੰਜਾਬ ਸਿਰ ਕਰਜੇ ਦੀ ਪੰਡ ਦਿਨੋ ਦਿਨ ਹੋਰ ਵੱਧਦੀ ਜਾ ਰਹੀ ਹੈ ਜਿਸ ਵੱਲ ਕਿਸੇ ਵੀ ਪਾਰਟੀ ਦਾ ਕੋਈ ਧਿਆਨ ਨਹੀਂ ਪਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਖਜਾਨੇ ਨੂੰ ਆਰਥਿਕ ਪੱਖੋਂ ਮਜਬੂਤ ਕਰਨ ਦੀ ਯੋਜਨਾ ਉਲੀਕੀ ਜਾ ਚੁੱਕੀ ਹੈ ਜਿਉਂ ਹੀ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਤਾ ਵਿੱਚ ਆਵੇਗੀ ਉਦੋਂ ਹੀ ਵਧਦੀ ਕਰਜੇ ਦੀ ਪੰਡ ਨੂੰ ਰੋਕੇਗਾ ਜਾਵੇਗਾ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਉਸ ਸਮੇਂ ਲੋਕਾਂ ਨਾਲ ਸਿੱਧੇ ਤੌਰ ਤੇ ਮਿਲਣ ਸਮੇਂ ਕੀਤਾ ਜਦੋਂ ਸਮਾਣਾ ਹਲਕਾ ਇੰਚਾਰਜ ਤੇ ਜਿਲ੍ਹਾ ਦਿਹਾਤੀ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਵੱਲੋਂ ਸਰੋਪੇ ਤੇ ਤਸਵੀਰ ਦੇ ਕੇ ਪਾਰਟੀ ਸੁਪਰੀਮੋ ਨੂੰ ਸਨਮਾਨਿਤ ਕੀਤਾ ਜਾ ਰਿਹਾ ਸੀ ਇਸ ਮੌਕੇ ਬਹਾਦਰ ਨੇ ਜਗਮੀਤ ਸਿੰਘ ਹਰਿਆਊ ਨੂੰ ਥਾਪੜਾ ਦਿੰਦੇ ਹੋਏ ਵਿਧਾਨ ਸਭਾ ਚੋਣਾਂ ਦੀ ਤਿਆਰੀ ਜੰਗੀ ਪੱਧਰ ਤੇ ਕਰਨ ਲਈ ਵੀ ਕਿਹਾ ਉਹਨਾਂ ਕਿਹਾ ਕਿ ਇਸ ਨੌਜਵਾਨ ਦੀ ਸਾਡੇ ਪਰਿਵਾਰ ਨਾਲ ਪੁਰਾਣੀ ਸਾਂਝ ਹੈ ਜਿਸ ਦੀ ਪਾਰਟੀ ਪ੍ਰਤੀ ਕੀਤੀ ਮਿਹਨਤ ਤੇ ਸਾਨੂੰ ਮਾਣ ਹੈ ਉਹਨਾਂ ਕਿਹਾ ਕਿ ਅਜਿਹੇ ਅਣਥੱਕ ਨੌਜਵਾਨ ਪਾਰਟੀ ਦਾ ਸਰਮਾਇਆ ਹਨ ਬਾਦਲ ਨੇ ਕਿਹਾ ਕੀ ਅਗਲੀ ਅਕਾਲੀ ਦਲ ਦੀ ਸਰਕਾਰ ਉਦਯੋਗਿਕ ਖੇਤਰ ਲਈ ਜਿੱਥੇ ਸਸਤੀਆਂ ਬਿਜਲੀ ਦਰਾਂ ਕਰੇਗੀ ਉਥੇ ਹੀ ਉਦਯੋਗਿਕ ਇਕਾਈਆਂ ਨੂੰ ਮਜਬੂਤ ਕਰਨ ਦੇ ਜ਼ੋਰ ਦੇਵੇਗੀ ਅਤੇ ਹਰ ਵਪਾਰੀ ਵਰਗ ਨੂੰ ਨਵੇਂ ਉਦੋਗ ਲਗਾਉਣ ਲਈ ਸਿੰਗਲ ਵਿੰਡੋ ਸਿਸਟਮ ਲਾਗੂ ਕਰਕੇ ਵਿਭਾਗਾਂ ਅੰਦਰ ਹੁੰਦੀ ਖੱਜਲ ਖੁਆਰੀ ਨੂੰ ਰੋਕੇਗੀ ਇਸ ਸਮੇਂ ਵਪਾਰ ਤੇ ਉਦਯੋਗ ਵਿੰਗ ਦੇ ਪ੍ਰਧਾਨ ਐਨ ਕੇ ਸਰਮਾ ਨੇ ਕਿਹਾ ਕੀ ਪਿਛਲੀ ਅਕਾਲੀ ਦਲ ਦੀ ਸਰਕਾਰ ਵੇਲੇ ਬਣਾਏ ਨਿਵੇਸ਼ ਪੰਜਾਬ ਵਿਭਾਗ ਰਾਹੀਂ ਨਵੇਂ ਨਿਵੇਸ਼ ਦੀਆਂ ਤਜਵੀਜ਼ਾਂ ਨੂੰ ਤਰਜੀਹ ਦੇ ਆਧਾਰ 'ਤੇ ਪਾਸ ਕੀਤਾ ਜਾਵੇਗਾ ਉਹਨਾਂ ਕਿਹਾ ਕਿ ਸਾਰੀਆਂ ਨਜਾਇਜ਼ ਕਲੋਨੀਆਂ ਵਾਸਤੇ ਇਕਮੁਸ਼ਤ ਸੈਟਲਮੈਂਟ ਸਕੀਮ ਲਾਗੂ ਕੀਤੀ ਜਾਵੇਗੀ ਇਸ ਮੌਕੇ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਨਸ਼ਿਆਂ ਕਾਰਨ ਹਿੰਸਾ ਕਈ ਗੁਣਾ ਵੱਧ ਗਈ ਹੈ ਜਿਸ 'ਤੇ ਅਕਾਲੀ ਦਲ ਦੀ ਸਰਕਾਰ ਬਣਨ ਤੇ ਰੋਕ ਲਗਵਾਈ ਜਾਵੇਗੀ। ਅਤੇ ਨਸ਼ਿਆਂ ਨੂੰ ਜੜੋਂ ਖਤਮ ਕਰਕੇ ਪੰਜਾਬ ਦੀ ਨੌਜਵਾਨੀ ਨੂੰ ਬਚਾਇਆ ਜਾਵੇਗਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜੈਬ ਸਿੰਘ ਮੱਲੀ ਸ਼ਨੀ ਦੀ ਯੂਥ ਆਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ ਨੱਸੂਪੁਰ ਅਮਰਜੀਤ ਸਿੰਘ ਮਲਕੀਤ ਸਿੰਘ ਲਾਡੀ ਚੀਮਾ ਆਦਮੀ ਹਾਜ਼ਰ ਸਨ।

ਪੈਕਫੈਸਟ 2026 ਦੀ ਸ਼ੁਰੂਆਤ: ਪੰਜਾਬ ਇੰਜੀਨੀਅਰਿੰਗ ਕਾਲਜ ਵਿੱਚ ਨਵੀਨਤਾ, ਸੱਭਿਆਚਾਰ ਅਤੇ ਸ਼ਾਨੋ-ਸ਼ੌਕਤ ਦਾ ਸੰਗਮ

ਚੰਡੀਗੜ੍ਹ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ (ਡੀਮਡ ਟੂ ਬੀ ਯੂਨੀਵਰਸਿਟੀ) ਨੇ ਆਪਣੇ ਸਾਲਾਨਾ ਤਕਨੀਕੀ-ਸੱਭਿਆਚਾਰਕ ਤਿਉਹਾਰ, ਪੈਕਫੈਸਟ 2026: ਏ ਮਿਸਟਿਕ ਮਿਕਾਡੋ (PECFEST B@BF: A Mystic Mikado) ਦੀ ਸ਼ੁਰੂਆਤ ਤਕਨੀਕੀ ਨਵੀਨਤਾ, ਸੱਭਿਆਚਾਰਕ ਪ੍ਰਗਟਾਵੇ ਅਤੇ ਵਿਦਿਆਰਥੀਆਂ ਦੀ ਭਰਪੂਰ ਸ਼ਮੂਲੀਅਤ ਦੇ ਇੱਕ ਰੋਮਾਂਚਕ ਸੰਗਮ ਨਾਲ ਕੀਤੀ। ਤਿੰਨ ਦਿਨਾਂ ਤੱਕ ਚੱਲਣ ਵਾਲੇ ਇਸ ਸ਼ਾਨਦਾਰ ਸਮਾਗਮ ਨੇ ਰਚਨਾਤਮਕਤਾ, ਪ੍ਰਤਿਭਾ ਅਤੇ ਆਪਸੀ ਸਹਿਯੋਗ ਦੇ ਉਤਸਵ ਲਈ ਵਿਦਿਆਰਥੀਆਂ, ਸੰਸਥਾਵਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ ਹੈ।

ਇਸ ਤਿਉਹਾਰ ਦਾ ਇੱਕ ਮੁੱਖ ਆਕਰਸ਼ਣ 'ਡਿਫੈਂਸ ਐਕਸਪੋ' (ਰੱਖਿਆ ਪ੍ਰਦਰਸ਼ਨੀ) ਰਿਹਾ, ਜਿਸ ਵਿੱਚ ਨੈਸ਼ਨਲ ਡਿਸਾਸਟਰ ਰਿਸਪਾਂਸ ਫੋਰਸ (NDRF), ਸੈਂਟਰਲ ਰਿਜ਼ਰਵ ਪੁਲਿਸ ਫੋਰਸ (CRPF), ਇੰਡੋ-ਤਿੱਬਤੀਅਨ ਬਾਰਡਰ ਪੁਲਿਸ (ITBP), ITBP 50ਵੀਂ ਬਟਾਲੀਅਨ ਅਤੇ ਸੈਂਟਰਲ ਕਮਾਂਡ, SCL ਮੋਹਾਲੀ, ਨੈਸ਼ਨਲ ਸਾਇੰਸ ਸੈਂਟਰ (ਦਿੱਲੀ), DGRE (DRDO), ਐਨ.ਸੀ.ਸੀ. ਨੇਵਲ ਵਿੰਗ, ਐਨ.ਸੀ.ਸੀ. ਏਅਰ ਫੋਰਸ ਵਿੰਗ, CSIR-IMT538 ਅਤੇ ਇੰਡੀਆ ਆਪਟੇਲ ਸਮੇਤ ਕਈ ਪ੍ਰਮੁੱਖ ਰਾਸ਼ਟਰੀ ਸੰਗਠਨਾਂ ਅਤੇ ਰੱਖਿਆ ਅਦਾਰਿਆਂ ਨੇ ਹਿੱਸਾ ਲਿਆ। ਇਸ ਪ੍ਰਦਰਸ਼ਨੀ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨ ਅਤੇ ਭਾਰਤ ਦੀਆਂ ਰੱਖਿਆ ਸਮਰੱਥਾਵਾਂ, ਵਿਗਿਆਨਕ ਤਰੱਕੀ ਅਤੇ ਸੰਸਥਾਗਤ ਯੋਗਦਾਨ ਬਾਰੇ ਨੇੜਿਓਂ ਜਾਣਨ ਦਾ ਇੱਕ ਵਧੀਆ ਮੌਕਾ ਦਿੱਤਾ। ਇਸ ਦੌਰਾਨ ਹਾਜ਼ਰ ਰਹੇ ਪ੍ਰਮੁੱਖ ਨੁਮਾਇੰਦਿਆਂ ਵਿੱਚ ਸ਼੍ਰੀ ਹੇਮ ਪੁਸ਼ਪ ਸ਼ਰਮਾ (ਸੈਕੰਡ-ਇਨ-ਕਮਾਂਡ, CRPF), ਸ਼੍ਰੀ ਅਮਨ ਦੀਪ (ਡਿਪਟੀ ਕਮਾਂਡੈਂਟ, CRPF), ਸ਼੍ਰੀ ਅਜੀਤ ਅਗਸਤੀਨ ਬੈਨੀ (ਅਸਿਸਟੈਂਟ ਕਮਾਂਡੈਂਟ, ITBP), ਸ਼੍ਰੀ ਅਭਿਮਨਿਊ ਸਿੰਘ (ਅਸਿਸਟੈਂਟ ਕਮਾਂਡੈਂਟ, CRPF), ਸ਼੍ਰੀ ਕ੍ਰਿਸ਼ਨ ਕੁਮਾਰ (ਇੰਸਪੈਕਟਰ-ਤਕਨੀਕੀ, CRPF), ਸ਼੍ਰੀ ਰੋਹਿਤ ਕੁਮਾਰ (ਇੰਸਪੈਕਟਰ, ITBP) ਅਤੇ ਸ਼੍ਰੀ ਆਸ਼ਿਤ ਕੁਮਾਰ (ਇੰਸਪੈਕਟਰ, NDRF) ਸ਼ਾਮਲ ਸਨ।

ਪੈਕ ਆਡੀਟੋਰੀਅਮ ਵਿੱਚ ਦੁਪਹਿਰ 3:00 ਵਜੇ ਹੋਏ ਰਸਮੀ ਉਦਘਾਟਨ ਸਮਾਰੋਹ ਵਿੱਚ ਅਨੰਤ ਰਾਜ ਲਿਮਟਿਡ ਦੇ ਚੀਫ਼ ਸੇਲਜ਼ ਆਫ਼ੀਸਰ ਸ਼੍ਰੀ ਵਰੁਣ ਖੁੱਲਰ ਨੇ ਮੁੱਖ ਹਿਮਾਨ ਵਜੋਂ ਸ਼ਿਰਕਤ ਕੀਤੀ, ਜਦੋਂ ਕਿ ਪੰਜਾਬ ਇੰਜੀਨੀਅਰਿੰਗ ਕਾਲਜ ਦੇ ਉਪ-ਕੁਲਪਤੀ (ਵਾਈਸ ਚਾਂਸਲਰ) ਪ੍ਰੋ. ਭੋਲਾ ਰਾਮ ਗੁਰਜਰ ਵੀ ਉਨ੍ਹਾਂ ਨਾਲ ਮੌਜੂਦ ਸਨ। ਇਸ ਮੌਕੇ ਪ੍ਰੋ. ਰਾਜੇਸ਼ ਕੁਮਾਰ ਭਾਟੀਆ, ਪ੍ਰੋ. ਪੁਨੀਤ ਚਾਵਲਾ (ਡੀਨ ਸਟੂਡੈਂਟ ਅਫੇਅਰਜ਼) ਅਤੇ ਪ੍ਰੋ. ਸ਼ੋਭਨਾ (ਰਜਿਸਟਰਾਰ) ਦੇ ਨਾਲ-ਨਾਲ ਹੋਰ ਉੱਘੀਆਂ ਸ਼ਖ਼ਸੀਅਤਾਂ ਅਤੇ ਉਦਯੋਗ ਜਗਤ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਉਦਘਾਟਨ ਸਮਾਰੋਹ ਦੀ ਸ਼ੁਰੂਆਤ ਰਵਾਇਤੀ ਸ਼ਮ੍ਹਾਂ ਰੌਸ਼ਨ ਕਰਕੇ, ਸੱਭਿਆਚਾਰਕ ਪੇਸ਼ਕਾਰੀਆਂ, ਤਿਉਹਾਰ ਦੀ ਆਫਟਰਮੂਵੀ (ਝਲਕੀਆਂ) ਅਤੇ ਵਿਸ਼ੇਸ਼ ਮਹਿਮਾਨਾਂ ਦੇ ਸਨਮਾਨ ਨਾਲ ਹੋਈ, ਜਿਸ ਤੋਂ ਬਾਅਦ ਸਾਈਕਲੋਥਾਨ ਦੇ ਜੇਤੂਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਪੈਕ (PEC) ਦੇ ਵਾਈਸ ਚਾਂਸਲਰ ਨੇ ਸੰਸਥਾਗਤ ਉਤਸ਼ਾਹ, ਵਿਦਿਆਰਥੀਆਂ ਦੀ ਪਹਿਲਕਦਮੀ ਅਤੇ ਸਰਵਪੱਖੀ ਵਿਕਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਮੁੱਖ ਮਹਿਮਾਨ ਨੇ ਨਵੀਨਤਾ, ਲੀਡਰਸ਼ਿਪ ਅਤੇ ਭਵਿੱਖ ਦੇ ਪੇਸ਼ੇਵਰਾਂ ਨੂੰ ਘੜਨ ਵਿੱਚ ਵਿਹਾਰਕ ਸਿੱਖਿਆ ਦੀ ਭੂਮਿਕਾ ਬਾਰੇ ਗੱਲ ਕੀਤੀ। ਡੀਨ ਸਟੂਡੈਂਟ ਅਫੇਅਰਜ਼ ਪ੍ਰੋ. ਪੁਨੀਤ ਚਾਵਲਾ ਨੇ ਵੀ ਸਭਾ ਨੂੰ ਸੰਬੋਧਨ ਕਰਦਿਆਂ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਕੈਂਪਸ ਲਾਈਫ ਵਿੱਚ ਪਾਠਕ੍ਰਮ ਤੋਂ ਬਾਹਰੀ ਗਤੀਵਿਧੀਆਂ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ।

ਤਿਉਹਾਰ ਦੇ ਪਹਿਲੇ ਦਿਨ ਤਕਨੀਕੀ, ਸਾਹਿਤਕ, ਰਚਨਾਤਮਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਇੱਕ ਵੱਡੀ ਲੜੀ ਦੇਖਣ ਨੂੰ ਮਿਲੀ। ਤਕਨੀਕੀ ਮੁਕਾਬਲਿਆਂ ਵਿੱਚ ASCE ਬਿਲਡ-ਆਫ, ਬਲਾਇੰਡ ਕੋਡ, ਕੈਡਵੈਂਚਰ (CADventure), ਰੋਬੋਵਾਰਸ, ਐਸਕੇਪ ਗ੍ਰੈਵਿਟੀ, ਐਰੋ ਮਾਡਲਿੰਗ ਅਤੇ ਰੀਫੋਰਜ ਸ਼ਾਮਲ ਸਨ; ਜਦੋਂ ਕਿ ਯੂਥ ਪਾਰਲੀਮੈਂਟ, ਫੇਕ ਨਿਊਜ਼, ਚੱਕਰਵਿਊ, ਮਾਈਂਡ ਆਨ ਟ੍ਰਾਇਲ ਅਤੇ ਨੁੱਕੜ ਨਾਟਕ ਵਰਗੇ ਸਾਹਿਤਕ ਅਤੇ ਬੌਧਿਕ ਸਮਾਗਮਾਂ ਨੇ ਆਲੋਚਨਾਤਮਕ ਸੋਚ ਅਤੇ ਪ੍ਰਗਟਾਵੇ ਨੂੰ ਉਤਸ਼ਾਹਿਤ ਕੀਤਾ। ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸੋਲੋ ਇੰਸਟਰੂਮੈਂਟਲ, ਸੋਲੋ ਸਿੰਗਿੰਗ, ਓਪਨ ਮਾਈਕ, ਮੋਨੋਲੋਗ, ਮੈਜਿਕ ਸ਼ੋਅ, ਮੇਸ਼ਮਰਾਈਜ਼, ਦ ਥੀਕ (Theque) ਅਤੇ ਗਰੂਵਜ਼ (Groovz) ਦਾ ਜਾਦੂ ਬਿਖਰਿਆ। ਇਸ ਦੇ ਨਾਲ ਹੀ ਪੈਲੇਟ ਪਾਰਟੀ, ਟੋਟ ਬੈਗ, ਮੂਡਲ ਡੂਡਲ ਵਾਲ, ਹੱਪ ਮੇਨੀਆ, ਆਈਪੀਐਲ ਨਿਲਾਮੀ ਅਤੇ ਕੈਪਚਰ ਦ ਫੈਸਟ ਵਰਗੇ ਰਚਨਾਤਮਕ ਅਤੇ ਮਨੋਰੰਜਕ ਆਕਰਸ਼ਣਾਂ ਨੇ ਤਿਉਹਾਰ ਦੇ ਰੰਗਾਂ ਨੂੰ ਹੋਰ ਗੂੜ੍ਹਾ ਕਰ ਦਿੱਤਾ।

ਸੱਭਿਆਚਾਰਕ ਹਿੱਸੇ ਵਿੱਚ ਦੇਸ਼ ਭਰ ਤੋਂ ਆਏ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ, ਜਿਸ ਵਿੱਚ ਭੰਗੜਾ ਮੁਕਾਬਲਾ 'ਦ ਥੀਕ' (Theque) ਅਤੇ ਡਾਂਸ ਮੁਕਾਬਲਾ 'ਗਰੂਵਜ਼' (Groovz) ਦਰਸ਼ਕਾਂ ਦੇ ਸਭ ਤੋਂ ਪਸੰਦੀਦਾ ਪ੍ਰੋਗਰਾਮ ਬਣ ਕੇ ਉੱਭਰੇ। 'ਦ ਥੀਕ' ਵਿੱਚ 4 ਟੀਮਾਂ ਨੇ ਅਤੇ 'ਗਰੂਵਜ਼' ਵਿੱਚ ਭਾਰਤ ਦੇ ਵੱਖ-ਵੱਖ ਕੈਂਪਸਾਂ ਦੀ ਨੁਮਾਇੰਦਗੀ ਕਰਨ ਵਾਲੀਆਂ 13 ਟੀਮਾਂ ਨੇ ਹਿੱਸਾ ਲਿਆ। ਊਰਜਾ ਨਾਲ ਭਰਪੂਰ ਇਨ੍ਹਾਂ ਪੇਸ਼ਕਾਰੀਆਂ ਨੇ ਭਾਗੀਦਾਰਾਂ ਦੀ ਤਾਲ, ਤਾਲਮੇਲ ਅਤੇ ਸੱਭਿਆਚਾਰਕ ਜੀਵੰਤਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਨੇ ਦਰਸ਼ਕਾਂ ਨੂੰ ਵੀ ਝੂਮਣ ਲਾ ਦਿੱਤਾ।

ਉੱਚ ਪੱਧਰੀ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀ ਟੀਮ ਵੱਲੋਂ ਸੰਗਰੂਰ, ਪਟਿਆਲਾ ਅਤੇ ਮਾਲੇਰਕੋਟਲਾ ਵਿੱਚ ਪਰਾਲੀ ਪ੍ਰਬੰਧਨ ਦੇ ਉਪਰਾਲਿਆਂ ਦੀ ਸਮੀਖਿਆ; ਜ਼ਿਲ੍ਹਾ ਪ੍ਰਸ਼ਾਸਨਾਂ ਦੇ ਯਤਨਾਂ ਦੀ ਸ਼ਲਾਘਾ

ਸੰਗਰੂਰ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀ ਉੱਚ ਪੱਧਰੀ ਟੀਮ, ਜਿਸ ਵਿੱਚ ਤਕਨੀਕੀ ਮੈਂਬਰ ਡਾ. ਐੱਸ. ਡੀ. ਅੱਤਰੀ ਅਤੇ ਵਿਗਿਆਨੀ-ਸੀ ਸ੍ਰੀ ਵਿਜੇ ਕੁਮਾਰ ਸ਼ਾਮਲ ਸਨ, ਨੇ 30 ਅਕਤੂਬਰ, 2026 ਨੂੰ ਸੰਗਰੂਰ ਜ਼ਿਲ੍ਹੇ ਦਾ ਦੌਰਾ ਕੀਤਾ। ਇਸ ਤੋਂ ਬਾਅਦ 1 ਨਵੰਬਰ, 2026 ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੰਗਰੂਰ ਵਿਖੇ ਸਮੀਖਿਆ ਮੀਟਿੰਗ ਕੀਤੀ। ਇਸ ਮੀਟਿੰਗ ਦਾ ਉਦੇਸ਼ ਝੋਨੇ ਦੀ ਮੌਜੂਦਾ ਵਾਢੀ ਦੇ ਸੀਜ਼ਨ ਦੌਰਾਨ ਪਰਾਲੀ ਦੇ ਵਿਗਿਆਨਕ ਪ੍ਰਬੰਧਨ ਅਤੇ ਇਸ ਨੂੰ ਸਾੜਨ ਦੀਆਂ ਘਟਨਾਵਾਂ ਦੀ ਰੋਕਥਾਮ ਲਈ ਸੰਗਰੂਰ, ਪਟਿਆਲਾ ਅਤੇ ਮਾਲੇਰਕੋਟਲਾ ਦੇ ਜ਼ਿਲ੍ਹਾ ਪ੍ਰਸ਼ਾਸਨਾਂ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਅਤੇ ਉਪਰਾਲਿਆਂ ਦਾ ਜਾਇਜ਼ਾ ਲੈਣਾ ਸੀ।

30 ਅਕਤੂਬਰ ਨੂੰ ਆਪਣੇ ਦੌਰੇ ਦੌਰਾਨ ਕਮਿਸ਼ਨ ਦੀ ਟੀਮ ਨੇ ਸੰਗਰੂਰ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ ਦਾ ਨਿਰੀਖਣ ਕਰਕੇ ਪਰਾਲੀ ਦੇ ਖੇਤਾਂ ਵਿੱਚ ਅਤੇ ਖੇਤਾਂ ਤੋਂ ਬਾਹਰ ਪ੍ਰਬੰਧਨ ਸਬੰਧੀ ਉਪਰਾਲਿਆਂ ਨੂੰ ਲਾਗੂ ਕਰਨ ਦੀ ਸਥਿਤੀ ਦਾ ਜਾਇਜ਼ਾ ਲਿਆ। ਟੀਮ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਾਲੇ ਸੰਵੇਦਨਸ਼ੀਲ ਪਿੰਡ ਘਰਾਚੋਂ ਦਾ ਦੌਰਾ ਕੀਤਾ, ਜਿੱਥੇ ਪਰਾਲੀ ਦੇ ਪ੍ਰਬੰਧਨ ਅਤੇ ਫ਼ਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਦੀ ਵਰਤੋਂ ਸਬੰਧੀ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ ਗਈ। ਟੀਮ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਕਿਸਾਨਾਂ ਦੀ ਸਰਗਰਮ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਤੀਬਾੜੀ ਵਿਭਾਗ ਨੇ ਟੀਮ ਨੂੰ ਪਰਾਲੀ ਦੇ ਵਿਗਿਆਨਕ ਪ੍ਰਬੰਧਨ ਲਈ ਕਿਸਾਨਾਂ ਨੂੰ ਮਸ਼ੀਨਰੀ ਸਮੇਂ ਸਿਰ ਉਪਲਬਧ ਕਰਵਾਉਣ ਵਾਸਤੇ ਕੀਤੇ ਗਏ ਪ੍ਰਬੰਧਾਂ ਬਾਰੇ ਜਾਣੂ ਕਰਵਾਇਆ।

ਇਸ ਤੋਂ ਇਲਾਵਾ, ਟੀਮ ਨੇ ਭਵਾਨੀਗੜ੍ਹ ਦੇ ਪਿੰਡ ਨਦਾਮਪੁਰ ਵਿਖੇ ਸਥਿਤ ਮੈਸਰਜ਼ ਟ੍ਰਾਂਸਪੈਸਿਫਿਕ ਇੰਜੀਨੀਅਰਿੰਗ ਪ੍ਰਾਈਵੇਟ ਲਿਮਟਿਡ ਦੇ ਪਰਾਲੀ ਤੋਂ ਵਿਸ਼ੇਸ਼ ਤਰੀਕੇ ਨਾਲ ਤਿਆਰ ਕੀਤੇ ਬਾਲਣ ਦੀਆਂ ਗੋਲੀਆਂ ਬਣਾਉਣ ਵਾਲੇ ਕਾਰਖਾਨੇ ਦਾ ਦੌਰਾ ਕੀਤਾ। ਟੀਮ ਨੇ ਕਾਰਖਾਨੇ ਦਾ ਨਿਰੀਖਣ ਕਰਕੇ ਪਰਾਲੀ ਤੋਂ ਜੈਵਿਕ ਬਾਲਣ ਦੀਆਂ ਗੋਲੀਆਂ ਤਿਆਰ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਹਾਸਲ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਗੋਲੀਆਂ ਦੀ ਵਰਤੋਂ ਤਾਪ ਬਿਜਲੀ ਘਰਾਂ ਅਤੇ ਉਦਯੋਗਾਂ ਵਿੱਚ ਬਦਲਵੇਂ ਬਾਲਣ ਵਜੋਂ ਕੀਤੀ ਜਾਂਦੀ ਹੈ। ਇਸ ਨਾਲ ਪਰਾਲੀ ਦੇ ਖੇਤਾਂ ਤੋਂ ਬਾਹਰ ਪ੍ਰਬੰਧਨ ਲਈ ਇੱਕ ਮਹੱਤਵਪੂਰਨ ਬਦਲ ਉਪਲਬਧ ਹੁੰਦਾ ਹੈ ਅਤੇ ਪਰਾਲੀ ਨੂੰ ਬੇਕਾਰ ਸਮਝਣ ਦੀ ਬਜਾਏ ਇੱਕ ਲਾਭਦਾਇਕ ਸਰੋਤ ਵਜੋਂ ਵਰਤਣ ਨੂੰ ਉਤਸ਼ਾਹ ਮਿਲਦਾ ਹੈ।

ਖੇਤਰੀ ਦੌਰੇ ਦੌਰਾਨ ਸੰਗਰੂਰ ਜ਼ਿਲ੍ਹੇ ਦੀ ਤਹਿਸੀਲ ਭਵਾਨੀਗੜ੍ਹ ਦੇ ਪਿੰਡ ਬੱਸੀਅਰਕ, ਕਪਿਆਲ ਅਤੇ ਝਨੇੜੀ ਵਿਖੇ ਅੱਗ ਲੱਗਣ ਦੀਆਂ ਤਿੰਨ ਸਰਗਰਮ ਘਟਨਾਵਾਂ ਵੀ ਸਾਹਮਣੇ ਆਈਆਂ।

ਮਿਡ-ਡੇ-ਮੀਲ ਵਰਕਰਾਂ, ਸਫ਼ਾਈ ਸੇਵਕਾਂ ਅਤੇ ਚੌਂਕੀਦਾਰਾਂ ਦੀਆਂ ਹੱਕੀ ਮੰਗਾਂ ਦੇ ਨਿਪਟਾਰੇ ਲਈ ਜਥੇਬੰਦੀ ਨਾਲ ਤੁਰੰਤ ਮੀਟਿੰਗ ਕੀਤੀ ਜਾਵੇ : ਜਥੇਬੰਦੀ ਦੀ ਮੰਗ

ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮਿਡ-ਡੇ-ਮੀਲ ਵਰਕਰਾਂ, ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਸਫ਼ਾਈ ਸੇਵਕਾਂ ਅਤੇ ਚੌਂਕੀਦਾਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੇ ਨਿਪਟਾਰੇ ਲਈ ਜਥੇਬੰਦੀ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਪਟਿਆਲਾ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ ਸਿੱਖਿਆ), ਪਟਿਆਲਾ ਨੂੰ ਮੁੱਖ ਯਾਦ-ਪੱਤਰ ਦੇ ਕੇ ਜਲਦ ਮੀਟਿੰਗ ਦਾ ਸਮਾਂ ਨਿਸ਼ਚਿਤ ਕਰਨ ਦੀ ਮੰਗ ਕੀਤੀ ਗਈ ਹੈ।

ਜਥੇਬੰਦੀ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਮਿਤੀ 20 ਮਾਰਚ ਨੂੰ ਰੈਲੀ ਕਰਨ ਉਪਰੰਤ ਵਰਕਰਾਂ ਦੀਆਂ ਮੰਗਾਂ ਸਬੰਧੀ ਮੰਗ-ਪੱਤਰ ਸਬੰਧਤ ਅਧਿਕਾਰੀਆਂ ਨੂੰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਵੀ ਕਈ ਵਾਰ ਯਾਦ-ਪੱਤਰ ਦੇ ਕੇ ਮੀਟਿੰਗ ਕਰਨ ਦੀ ਮੰਗ ਕੀਤੀ ਗਈ, ਪਰ ਜਥੇਬੰਦੀ ਅਨੁਸਾਰ ਅਜੇ ਤੱਕ ਨਾ ਤਾਂ ਪੱਤਰਾਂ ਦਾ ਕੋਈ ਤਸੱਲੀਬਖ਼ਸ਼ ਜਵਾਬ ਮਿਲਿਆ ਹੈ ਅਤੇ ਨਾ ਹੀ ਮੀਟਿੰਗ ਲਈ ਕੋਈ ਸਮਾਂ ਨਿਸ਼ਚਿਤ ਕੀਤਾ ਗਿਆ ਹੈ। ਇਸ ਕਾਰਨ ਵਰਕਰਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ।

ਜਥੇਬੰਦੀ ਨੇ ਮੰਗ ਕੀਤੀ ਕਿ ਮਿਡ-ਡੇ-ਮੀਲ ਵਰਕਰਾਂ ਨੂੰ ਘੱਟੋ-ਘੱਟ ਉਜਰਤ ਦੇ ਘੇਰੇ ਵਿੱਚ ਲਿਆਂਦਾ ਜਾਵੇ, ਉਹਨਾਂ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ ਅਤੇ ਭੱਤਾ ਦਿੱਤਾ ਜਾਵੇ, ਖਾਣਾ ਤਿਆਰ ਕਰਨ ਸਮੇਂ ਕਿਸੇ ਵੀ ਦੁਰਘਟਨਾ ਦੀ ਸਥਿਤੀ ਵਿੱਚ ਢੁੱਕਵਾ ਮੁਆਵਜ਼ਾ, ਡਾਕਟਰੀ ਸਹਾਇਤਾ ਅਤੇ ਬੀਮੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਇਸੇ ਤਰ੍ਹਾਂ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਸਫ਼ਾਈ ਸੇਵਕਾਂ ਨੂੰ ਮਿਲ ਰਹੀ 3,000 ਰੁਪਏ ਮਹੀਨਾਵਾਰ ਰਕਮ ਅਤੇ ਚੌਂਕੀਦਾਰਾਂ ਨੂੰ ਮਿਲ ਰਹੀ 5,000 ਰੁਪਏ ਮਹੀਨਾਵਾਰ ਰਕਮ ਵਿੱਚ ਵਾਜਬ ਵਾਧਾ ਕਰਕੇ ਉਹਨਾਂ ਨੂੰ ਲਾਗੂ ਘੱਟੋ-ਘੱਟ ਉਜਰਤਾਂ ਅਤੇ ਸਬੰਧਤ ਕਿਰਤ ਕਾਨੂੰਨਾਂ ਅਨੁਸਾਰ ਬਣਦੇ ਹੱਕ ਤੇ ਸਹੂਲਤਾਂ ਦਿੱਤੀਆਂ ਜਾਣ। ਸਫ਼ਾਈ ਸੇਵਕਾਂ ਨੂੰ ਵਰਦੀਆਂ, ਸਫ਼ਾਈ ਦੇ ਲੋੜੀਂਦੇ ਸੰਦ ਅਤੇ ਸੁਰੱਖਿਆ ਸਮੱਗਰੀ ਮੁਹੱਈਆ ਕਰਵਾਈ ਜਾਵੇ ਅਤੇ ਉਹਨਾਂ ਦੇ ਕੰਮ ਦਾ ਖੇਤਰ ਨਿਸ਼ਚਿਤ ਕੀਤਾ ਜਾਵੇ।

ਜਥੇਬੰਦੀ ਨੇ ਇਹ ਵੀ ਮੰਗ ਕੀਤੀ ਕਿ ਚੌਂਕੀਦਾਰਾਂ ਦੀ ਡਿਊਟੀ ਦੇ ਘੰਟੇ ਨਿਸ਼ਚਿਤ ਕੀਤੇ ਜਾਣ, ਰਾਤ ਦੀ ਡਿਊਟੀ ਕਰਨ ਵਾਲਿਆਂ ਨੂੰ ਸਰਦੀਆਂ ਵਿੱਚ ਗਰਮ ਓਵਰਕੋਟ ਦਿੱਤੇ ਜਾਣ ਅਤੇ ਸਾਰੇ ਵਰਕਰਾਂ ਨੂੰ ਹਫ਼ਤਾਵਾਰੀ ਆਰਾਮ ਤੇ ਸਰਦੀਆਂ/ਗਰਮੀਆਂ ਦੀ ਛੁੱਟੀ ਦੀ ਸਹੂਲਤ ਦਿੱਤੀ ਜਾਵੇ।

ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਇਹ ਵਰਕਰ ਸਰਕਾਰੀ ਸਕੂਲਾਂ ਦੇ ਰੋਜ਼ਾਨਾ ਕੰਮ-ਕਾਜ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਇਸ ਦੇ ਬਾਵਜੂਦ ਉਹਨਾਂ ਨੂੰ ਉਚਿਤ ਮਿਹਨਤਾਨਾ, ਸੁਰੱਖਿਆ ਅਤੇ ਕੰਮ-ਕਾਜ ਦੀਆਂ ਬੁਨਿਆਦੀ ਸਹੂਲਤਾਂ ਸਬੰਧੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਉਹਨਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਦੀ ਬਜਾਏ ਗੰਭੀਰਤਾ ਨਾਲ ਵਿਚਾਰ ਕੇ ਠੋਸ ਹੱਲ ਕੱਢਿਆ ਜਾਣਾ ਚਾਹੀਦਾ ਹੈ।

ਜਥੇਬੰਦੀ ਵੱਲੋਂ ਸਬੰਧਤ ਜਿਲਾ ਸਿੱਖਿਆ ਅਫਸਰ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਜਲਦ ਤੋਂ ਜਲਦ ਮੀਟਿੰਗ ਦਾ ਦਿਨ ਅਤੇ ਸਮਾਂ ਨਿਸ਼ਚਿਤ ਕਰਕੇ ਲਿਖਤੀ ਸੂਚਨਾ ਦਿੱਤੀ ਜਾਵੇ, ਤਾਂ ਜੋ ਸਾਰੀਆਂ ਮੰਗਾਂ ਤੇ ਵਿਸਥਾਰਪੂਰਕ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਦਾ ਯੋਗ ਨਿਪਟਾਰਾ ਕੀਤਾ ਜਾ ਸਕੇ। ਜਥੇਬੰਦੀ ਨੇ ਉਮੀਦ ਪ੍ਰਗਟਾਈ ਕਿ ਸਿੱਖਿਆ ਵਿਭਾਗ ਵਰਕਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਗੰਭੀਰਤਾ ਦਿਖਾਉਂਦਿਆਂ ਮੀਟਿੰਗ ਬੁਲਾਏਗਾ ਅਤੇ ਮੰਗਾਂ ਦੇ ਹੱਲ ਲਈ ਠੋਸ ਕਦਮ ਚੁੱਕੇਗਾ। ਬਾਕੀ ਸਾਥੀ ਜੋ ਸ਼ਮਲ ਹੋਏ ਬਲਵਿੰਦਰ ਸਿੰਘ ਪਾਤੜਾਂ, ਤਰਸੇਮ ਸਿੰਘ ਖਨਾਲ ਕਲਾਂ, ਤਰਸੇਮ ਸਿੰਘ ਪਟਿਆਲਾ, ਧਰਮਿੰਦਰ ਸਿੰਘ, ਮਦਲ ਲਾਲ ਨਾਭਾ, ਸੰਦੀਪ ਨਾਭਾ, ਰਾਮ ਗੋਪਾਲ, ਰਘਵੀਰ ਸਿੰਘ, ਹਰਬੰਸ ਕੌਰ, ਗੁਰਮੇਲ ਕੋਰ, ਸੋਭਾ ਰਾਣੀ ਆਦਿ ਹਾਜਰ ਸਨ।

ਅਮਰੀਕ ਘੱਗਾ ਉਗਰਾਹਾਂ ਜਥੇਬੰਦੀ ਚੋਂ ਖਾਰਜ



ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਕਿਸਾਨ ਯੂਨੀਅਨ (ਏਕਤਾ–ਉਗਰਾਹਾਂ) ਜਿਲਾ ਪਟਿਆਲਾ ਦੀ ਇਕੱਤਰਤਾ ਗਾਜੇਵਾਸ ਵਿਖੇ ਜਗਦੀਪ ਸਿੰਘ ਛੰਨਾ ਜਿਲਾ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਕ ਸਿੰਘ ਭੁਟਾਨ, ਜਗਤਾਰ ਕਾਲਾਝਾੜ ਤੇ ਅਮਰੀਕ ਸਿੰਘ ਗੰਢੂਆਂ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਿਲਾ ਜਨਰਲ ਸਕੱਤਰ ਸੁਖਮਿੰਦਰ ਸਿੰਘ ਬਾਰਨ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪਾਤੜਾਂ ਬਲਾਕ ਦੇ ਪ੍ਰਧਾਨ ਅਮਰੀਕ ਸਿੰਘ ਘੱਗਾ ਜੋ ਕਾਫੀ ਸਮੇਂ ਤੋਂ ਜਥੇਬੰਦੀ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇ ਰਹੇ ਸਨ, ਜਥੇਬੰਦਕ ਅਦਾਰਿਆਂ ਖਿਲਾਫ ਪ੍ਰਚਾਰ ਕਰਕੇ ਜਥੇਬੰਦੀ ਦੇ ਅਕਸ਼ ਨੂੰ ਢਾਹ ਲਾ ਰਹੇ ਸਨ ਤੇ ਕਾਰਵਾਈ ਕਰਦੇ ਹੋਏ ਸਰਬ ਸੰਮਤੀ ਨਾਲ ਉਨ੍ਹਾਂ ਨੂੰ ਬਲਾਕ ਪ੍ਰਧਾਨ ਦੇ ਅਹੁਦੇ ਤੇ ਜਥੇਬੰਦੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ। ਹੁਣ ਉਗਰਾਹਾਂ ਜਥੇਬੰਦੀ ਦਾ ਉਸ ਨਾਲ ਜਥੇਬੰਦਕ ਸਬੰਧ ਨਹੀਂ ਹੋਵੇਗਾ। ਇੱਕ ਹੋਰ ਮਤੇ ਰਾਹੀਂ ਜਸਵਿੰਦਰ ਸਿੰਘ ਜਿਲਾ ਪ੍ਰਧਾਨ ਦਾ ਅਸਤੀਫਾ ਪ੍ਰਵਾਨ ਕੀਤਾ ਗਿਆ। ਆਗੂਆਂ ਨੇ ਸਪਸ਼ਟ ਕੀਤਾ ਕਿ ਕੋਈ ਵੀ ਆਗੂ ਜੋ ਵਿਧਾਨ ਤੇ ਜਥੇਬੰਦਕ ਲੀਹ ਦੇ ਉਲਟ ਕਾਰਵਾਈ ਕਰੇਗਾ ਉਸ ਦੀ ਜਥੇਬੰਦੀ ਵਿੱਚ ਕੋਈ ਥਾਂ ਨਹੀਂ। ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਜਗਮੇਲ ਸਿੰਘ ਗਾਜੇਵਾਸ, ਬਲਰਾਜ ਜ਼ੋਸ਼ੀ, ਭਰਪੂਰ ਸਿੰਘ ਗਾਜੇਵਾਸ, ਜ਼ਸਵਿੰਦਰ ਸਿੰਘ ਬਿਸ਼ਨਪੁਰਾ, ਬਲਜੀਤ ਸਿੰਘ, ਜਸਵਿੰਦਰ ਸਿੰਘ ਸਾਲੂਵਾਲ, ਦਵਿੰਦਰ ਸਿੰਘ ਸੀਲ, ਗੁਰਮੁੱਖ ਸਿੰਘ ਹਰਪਾਲਾ, ਵਰਿੰਦਰ ਸਿੰਘ ਕਕਰਾਲਾ, ਅਵਤਾਰ ਸਿੰਘ ਬੁਰੜ, ਗੁਰਮੁੱਖ ਸਿੰਘ ਕਲਵਾਣੂ, ਅਜੈਬ ਸਿੰਘ ਦਫਤਰੀਵਾਲਾ, ਬਲਮ ਸਿੰਘ ਨਿਆਲ, ਲਾਭ ਸਿੰਘ ਬਰਾਸ, ਅਮਰੀਕ ਸਿੰਘ ਘੱਗਾ, ਪ੍ਰੇਮ ਲਲੋਛੀ, ਸੁਖਵਿੰਦਰ ਸੁੱਖਾ ਸਵਾਜਪੁਰ, ਹਰਪ੍ਰੀਤ ਸਿੰਘ ਕਾਲਾ ਗਾਜੇਵਾਸ, ਜਸਵਿੰਦਰ ਸਿੰਘ ਬਰਾਸ, ਹਰਦੇਵ ਸਿੰਘ ਘੱਗਾ ਤੋਂ ਇਲਾਵਾ ਹੋਰ ਪਿੰਡ ਪੱਧਰ ਦੇ ਆਗੂ ਸ਼ਾਮਲ ਹੋਏ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ 350 ਸਮਾਗਮਾਂ ਦਾ ਸੰਕਲਪ

ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ 350 ਸਮਾਗਮ ਕਰਵਾਉਣ ਦਾ ਸੰਕਲਪ ਨਿਰਮਲਾ ਅਖਾੜੇ ਦੇ ਪ੍ਰਮੁੱਖ ਪ੍ਰਚਾਰਕ ਪਰਮ ਪੂਜਨੀਕ ਆਚਾਰੀਆ ਸਵਾਮੀ ਰਾਜੇਸ਼ਵਰਾਨੰਦ ਜੀ ਮਹਾਰਾਜ ਨੇ ਲਿਆ ਹੈ। ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ, ਉਨ੍ਹਾਂ ਦੀਆਂ ਮਹਾਨ ਸਿੱਖਿਆਵਾਂ ਅਤੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਦਿੱਤੇ ਸੰਦੇਸ਼ ਨੂੰ ਲੋਕਾਈ ਤੱਕ ਪਹੁੰਚਾਉਣਾ ਹੈ।

ਆਚਾਰੀਆ ਸਵਾਮੀ ਰਾਜੇਸ਼ਵਰਾਨੰਦ ਜੀ ਮਹਾਰਾਜ ਲੰਮੇ ਸਮੇਂ ਤੋਂ ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸੰਦੇਸ਼ ਦਾ ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਪ੍ਰਚਾਰ-ਪ੍ਰਸਾਰ ਕਰਦੇ ਆ ਰਹੇ ਹਨ।

ਸਰਪੰਚਾਂ ’ਤੇ ਹੋ ਰਹੇ ਝੂਠੇ ਪਰਚਿਆਂ ਖਿਲਾਫ਼ ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਸਰਪੰਚ ਯੂਨੀਅਨਾਂ ਨੇ ਆਈ.ਜੀ. ਪਟਿਆਲਾ ਨਾਲ ਕੀਤੀ ਮੁਲਾਕਾਤ, ਸੌਂਪਿਆ ਮੰਗ ਪੱਤਰ

ਪਟਿਆਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਅੱਜ ਹਲਕਾ ਸਮਾਣਾ ਦੀਆਂ ਸਰਪੰਚ ਯੂਨੀਅਨਾਂ ਦੇ 100 ਤੋਂ ਵੱਧ ਨੁਮਾਇੰਦਿਆਂ ਅਤੇ ਬਲਾਕ ਸੰਮਤੀ ਮੈਂਬਰਾਂ ਵੱਲੋਂ ਆਈ.ਜੀ. ਪਟਿਆਲਾ ਸ੍ਰੀ ਕੁਲਦੀਪ ਸਿੰਘ ਚਹਿਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਹਲਕਾ ਸਮਾਣਾ ਦੇ ਪਟਿਆਲਾ ਅਤੇ ਸਮਾਣਾ ਬਲਾਕ ਦੀਆਂ ਸਰਪੰਚ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਸਰਪੰਚਾਂ ਨਾਲ ਸਬੰਧਤ ਵੱਖ-ਵੱਖ ਮਸਲਿਆਂ ਅਤੇ ਸਰਪੰਚ ਯੂਨੀਅਨ ਸਮਾਣਾ ਬਲਾਕ ਦੇ ਪ੍ਰਧਾਨ ਕਮਲਜੀਤ ਸਿੰਘ ਖਾਨਪੁਰ ਵਿਰੁੱਧ ਦਰਜ਼ ਕੀਤੇ ਗਏ ਪਰਚੇ ਸਬੰਧੀ ਆਪਣਾ ਪੱਖ ਰੱਖਿਆ।

ਇਸ ਮੌਕੇ ਆਈ.ਜੀ. ਪਟਿਆਲਾ ਕੁਲਦੀਪ ਸਿੰਘ ਚਹਿਲ ਨੂੰ ਇਕ ਮੰਗ ਪੱਤਰ ਵੀ ਸੌਂਪਿਆ ਗਿਆ, ਜਿਸ ਵਿੱਚ ਸਰਪੰਚਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਅਤੇ ਰਾਜਨੀਤਿਕ ਬਦਲਾਖੋਰੀ ਤਹਿਤ ਦਰਜ ਕੀਤੇ ਜਾ ਰਹੇ ਝੂਠੇ ਪਰਚਿਆਂ ਦਾ ਵੇਰਵਾ ਦਿੱਤਾ ਗਿਆ। ਮੁਲਾਕਾਤ ਦੌਰਾਨ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਆਏ ਸਰਪੰਚਾਂ ਨੇ ਆਪਣੀਆਂ ਸਮੱਸਿਆਵਾਂ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਰੁਕਾਵਟ ਪਾਉਣ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਮਾਨਸਿਕ ਤੌਰ ’ਤੇ ਪਰੇਸ਼ਾਨ ਕਰਨ ਦੇ ਮਕਸਦ ਨਾਲ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਝੂਠੀਆਂ ਸ਼ਿਕਾਇਤਾਂ ਦੇ ਕੇ ਪਰਚੇ ਕਰਵਾਏ ਜਾ ਰਹੇ ਹਨ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਸਰਪੰਚ ਲੋਕਤੰਤਰ ਦੀ ਸਭ ਤੋਂ ਮੁੱਢਲੀ ਅਤੇ ਮਜ਼ਬੂਤ ਕੜੀ ਹੁੰਦੇ ਹਨ, ਜਿਨ੍ਹਾਂ ਨੂੰ ਲੋਕਾਂ ਨੇ ਵੋਟਾਂ ਪਾ ਕੇ ਆਪਣੇ ਪਿੰਡਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਸੌਂਪੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਕਿਸੇ ਵੀ ਚੁਣੇ ਹੋਏ ਨੁਮਾਇੰਦੇ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਪੰਚ ਯੂਨੀਅਨ ਦੇ ਪ੍ਰਧਾਨ ਕਮਲਜੀਤ ਸਿੰਘ ਖਾਨਪੁਰ ਨਾਲ ਸਬੰਧਤ ਮਾਮਲੇ ਵਿੱਚ ਸਰਪੰਚ ਯੂਨੀਅਨਾਂ ਵੱਲੋਂ ਆਪਣਾ ਪੱਖ ਰੱਖਿਆ ਗਿਆ ਹੈ।

ਸ. ਬਰਸਟ ਨੇ ਅੱਗੇ ਕਿਹਾ ਕਿ ਅਸੀਂ ਅੱਜ ਆਈ.ਜੀ. ਪਟਿਆਲਾ ਕੁਲਦੀਪ ਸਿੰਘ ਚਹਿਲ ਦੇ ਧਿਆਨ ਵਿੱਚ ਇਹ ਸਾਰਾ ਮਾਮਲਾ ਲਿਆਂਦਾ ਹੈ। ਆਈ.ਜੀ. ਪਟਿਆਲਾ ਸਾਨੂੰ ਪੂਰਾ ਭਰੋਸਾ ਦਿਵਾਇਆ ਹੈ ਕਿ ਸਮਾਣਾ ਬਲਾਕ ਦੇ ਪ੍ਰਧਾਨ ਕਮਲਜੀਤ ਸਿੰਘ ਖਾਨਪੁਰ ਅਤੇ ਹੋਰਨਾਂ ਸਰਪੰਚਾਂ ਦੇ ਮਾਮਲਿਆਂ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਕੀਤੀ ਜਾਵੇਗੀ। ਕਿਸੇ ਵੀ ਬੇਗੁਨਾਹ ਨੂੰ ਸਜ਼ਾ ਨਹੀਂ ਮਿਲੇਗੀ। ਸਾਡਾ ਮਕਸਦ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣਾ ਅਤੇ ਹਰ ਨਾਗਰਿਕ ਨੂੰ ਇਨਸਾਫ਼ ਦਿਵਾਉਣਾ ਹੈ। ਸਰਪੰਚਾਂ ਨੂੰ ਬਿਨਾਂ ਕਿਸੇ ਡਰ-ਭੈਅ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਜੁੱਟੇ ਰਹਿਣਾ ਚਾਹੀਦਾ ਹੈ, ਸਰਕਾਰ ਉਨ੍ਹਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ।

ਇਸ ਮੌਕੇ ਸਮਾਣਾ ਅਤੇ ਪਟਿਆਲਾ ਬਲਾਕ ਦੇ ਸਰਪੰਚਾਂ ਨੇ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ’ਤੇ ਪੂਰਨ ਭਰੋਸਾ ਪ੍ਰਗਟਾਇਆ ਅਤੇ ਕਿਹਾ ਕਿ ਪ੍ਰਧਾਨ ਕਮਲਜੀਤ ਸਿੰਘ ਖਾਨਪੁਰ ਵਿਰੁੱਧ ਦਰਜ ਝੂਠੇ ਪਰਚੇ ਨੂੰ ਰੱਦ ਕਰਵਾਉਣ ਲਈ ਡੱਟੇ ਰਹਿਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਗਵਾਈ ਹੇਠ ਉਹ ਹਲਕਾ ਸਮਾਣਾ ਅਤੇ ਆਪਣੇ ਖੇਤਰਾਂ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦੇਣਗੇ।

ਇਸ ਮੌਕੇ ਤਰਲੋਚਨ ਸਿੰਘ ਪ੍ਰਧਾਨ ਸਰਪੰਚ ਯੂਨੀਅਨ ਬਲਾਕ ਪਟਿਆਲਾ, ਕਮਲਜੀਤ ਸਿੰਘ ਪ੍ਰਧਾਨ ਸਰਪੰਚ ਯੂਨੀਅਨ ਬਲਾਕ ਸਮਾਣਾ, ਨਰਿੰਦਰ ਸਿੰਘ ਸਰਪ੍ਰਸਤ ਸਰਪੰਚ ਯੂਨੀਅਨ, ਗਗਨਦੀਪ ਕੌਰ ਮੀਤ ਪ੍ਰਧਾਨ ਸਰਪੰਚ ਯੂਨੀਅਨ, ਸੁੱਖਾ ਸਟੀਲ ਵਾਇਸ ਚੇਅਰਮੈਨ ਬਲਾਕ ਸੰਮਤੀ, ਬਲਕਾਰ ਸਿੰਘ ਵਾਇਸ ਚੇਅਰਮੈਨ ਬਲਾਕ ਸੰਮਤੀ, ਬਲਜਿੰਦਰ ਸਿੰਘ ਪਹਾੜਪੁਰ ਬਲਾਕ ਸੰਮਤੀ, ਲਾਲਾ ਖਾਨ ਸਰਪੰਚ ਉੱਚਾ ਗਾਓ, ਤਰਸੇਮ ਸਿੰਘ ਸਰਪੰਚ ਮਾਲੋਮਾਜਰਾ, ਪਿੰਦਰ ਸਿੰਘ ਸਰਪੰਚ ਨਵੀਂ ਰੋਣੀ, ਜਸਵੰਤ ਸਿੰਘ ਸਰਪੰਚ ਵੱਡੀ ਰੋਣੀ, ਅਵਤਾਰ ਸਿੰਘ ਸਰਪੰਚ ਸਾਧੂਗੜ੍ਹ, ਗੁਰਨਾਮ ਸਿੰਘ ਸਰਪੰਚ ਚੱਕ ਅੰਮ੍ਰਿਤਸਰ, ਕਰਨੈਲ ਸਿੰਘ ਸਰਪੰਚ ਜਮਾਲਪੁਰ, ਗੁਰਜੀਤ ਸਿੰਘ ਸਰਪੰਚ ਦਦਹੇੜਾ, ਪਾਲ ਸਿੰਘ ਸਰਪੰਚ ਬੀਬੀਪੁਰ, ਪ੍ਰੇਮ ਸਿੰਘ ਸਰਪੰਚ ਖੇੜੀ ਮੁਸਲਮਾਨੀਆਂ, ਲਖਵਿੰਦਰ ਸਿੰਘ ਸਰਪੰਚ ਖੇੜੀ ਬਰਨਾਂ, ਬਹਾਦਰ ਸਿੰਘ ਸਰਪੰਚ ਦੁਘਾਟ, ਗੁਰਵਿੰਦਰ ਸਿੰਘ ਸਰਪੰਚ ਕਾਕੜਾ, ਜਰਨੈਲ ਸਿੰਘ ਸਰਪੰਚ ਕੂਕਾਂ, ਜਸਵਿੰਦਰ ਸਿੰਘ ਸਰਪੰਚ ਸੁਲਤਾਨਪੁਰ, ਕ੍ਰਿਸ਼ਨ ਸਿੰਘ ਸਰਪੰਚ ਮੱਵੀ ਸੱਪਾਂ, ਪਰਗਟ ਸਿੰਘ ਸਰਪੰਚ ਚੁਤੈਹਰਾ, ਕ੍ਰਿਸ਼ਨ ਲਾਲ ਸਰਪੰਚ ਗਾਜੇਵਾਸ ਚੁਤੈਹਰਾ, ਦਰਸ਼ਨ ਸਿੰਘ ਸਰਪੰਚ ਕਲਿਆਣ, ਇੰਦਰਜੀਤ ਸਿੰਘ ਸੇਖੋਂ ਸਰਪੰਚ ਕਰਤਾਰਪੁਰ, ਲ਼ਖਵਿੰਦਰ ਸਿੰਘ ਸਰਪੰਚ ਖੇੜੀ ਬਰਨਾਂ, ਸੁਨੀਲ ਕੁਮਾਰ ਸਰਪੰਚ ਗ੍ਰੀਨ ਪਾਰਕ, ਗੁਰਪ੍ਰਤਾਪ ਸਿੰਘ ਸਰਪੰਚ ਚੋਹਠ, ਜਰਨੈਲ ਸਿੰਘ ਸਰਪੰਚ ਖੁਸਰੋਪੁਰ, ਮਨਦੀਪ ਸਿੰਘ ਸਰਪੰਚ ਹਾਜੀਮਾਜਰਾ, ਮਹਿਲ ਸਿੰਘ ਸਰਪੰਚ ਨੱਸੂਪੁਰ, ਭੁਪਿੰਦਰ ਸਿੰਘ ਸਰਪੰਚ ਖੇੜੀ ਗੋੜੀਆਂ, ਜਸਵੰਤ ਸਿੰਘ ਸਰਪੰਚ ਚੁਹੜਪੁਰ ਮਰਾਸੀਆਂ, ਮੁਕੰਦ ਸਿੰਘ ਸਰਪੰਚ ਬਿਸ਼ਨਪੁਰਾ, ਸਤਨਾਮ ਸਿੰਘ ਸਰਪੰਚ ਦੁੱਲੜ, ਗੁਰਪ੍ਰੀਤ ਸਿੰਘ ਸਰਪੰਚ ਆਸੇਮਾਜਰਾ, ਰਾਮ ਸਿੰਘ ਸਰਪੰਚ ਫਤਹਿਪੁਰ, ਯਾਦਵਿੰਦਰ ਸਿੰਘ ਸਰਪੰਚ ਪਸਿਆਣਾ, ਕੁਲਵੀਰ ਸਿੰਘ ਸਰਪੰਚ ਨਵੀਂ ਲਲੋਛੀ ਹਾਜ਼ਰ ਸਨ।

ਸੀਟੀ ਯੂਨੀਵਰਸਿਟੀ ਵੱਲੋਂ ਤੀਜੀ ਵਿਸ਼ਵ ਅਰਾਸ਼ੀ ਐਮਐਮਏ ਚੈਂਪੀਅਨਸ਼ਿਪ 2026 ਦੀ ਮੇਜ਼ਬਾਨੀ, 12 ਦੇਸ਼ਾਂ ਦੇ ਖਿਡਾਰੀਆਂ ਨੇ ਲਿਆ ਹਿੱਸਾ



ਲੁਧਿਆਣਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੀਟੀ ਯੂਨੀਵਰਸਿਟੀ ਵੱਲੋਂ ਤੀਜੀ ਵਿਸ਼ਵ ਅਰਾਸ਼ੀ ਐਮਐਮਏ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਪੁਰਸ਼ ਤੇ ਮਹਿਲਾ ਚੈਂਪੀਅਨਸ਼ਿਪ 2026 ਦਾ ਸਫਲ ਆਯੋਜਨ ਕੀਤਾ ਗਿਆ। ਅਰਾਸ਼ੀ ਐਮਐਮਏ ਐਸੋਸੀਏਸ਼ਨ (ਰਜਿਸਟਰਡ), ਭਾਰਤ ਵੱਲੋਂ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਅਰਾਸ਼ੀ ਐਮਐਮਏ ਦੇ ਸਹਿਯੋਗ ਨਾਲ ਕਰਵਾਈ ਗਈ ਇਸ ਚੈਂਪੀਅਨਸ਼ਿਪ ਵਿੱਚ ਕਜ਼ਾਖਸਤਾਨ, ਕਿਰਗਿਸਤਾਨ, ਮਿਸਰ, ਨਿਊਜ਼ੀਲੈਂਡ, ਬੰਗਲਾਦੇਸ਼, ਨੇਪਾਲ, ਭੂਟਾਨ, ਅਜ਼ਰਬਾਈਜਾਨ, ਉਜ਼ਬੇਕਿਸਤਾਨ, ਤੁਰਕਮੇਨਿਸਤਾਨ, ਤਾਜਿਕਿਸਤਾਨ ਅਤੇ ਰੂਸ ਸਮੇਤ 12 ਦੇਸ਼ਾਂ ਦੇ ਖਿਡਾਰੀਆਂ ਨੇ ਭਾਗ ਲਿਆ।

ਉਦਘਾਟਨੀ ਸਮਾਰੋਹ ਵਿੱਚ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਅਰਾਸ਼ੀ ਐਮਐਮਏ ਦੇ ਪ੍ਰਧਾਨ ਅਸ਼ਖਾਤ ਮੁਸਿਨੋਵ, ਨਗਰ ਨਿਗਮ ਲੁਧਿਆਣਾ ਦੇ ਸਹਾਇਕ ਕਮਿਸ਼ਨਰ ਜਸਦੇਵ ਸਿੰਘ ਸੇਖੋਂ, ਸੀਟੀ ਯੂਨੀਵਰਸਿਟੀ ਦੇ ਡਾਇਰੈਕਟਰ ਸਟੂਡੈਂਟ ਵੈਲਫੇਅਰ ਇੰਜੀਨੀਅਰ ਦਵਿੰਦਰ ਸਿੰਘ, ਐਸੋਸੀਏਸ਼ਨ ਦੇ ਸੰਸਥਾਪਕ ਤੇ ਜਨਰਲ ਸਕੱਤਰ ਪ੍ਰਦੀਪ ਕੁਮਾਰ (ਯੋਗੀ), ਵਿਧਾਇਕ ਕੁਲਦੀਪ ਸਿੰਘ ਢਿੱਲੋਂ ਅਤੇ ਐਫਆਈਸੀਓ ਲੁਧਿਆਣਾ ਦੇ ਪ੍ਰਧਾਨ ਗੁਰਮੀਤ ਕੁਲਾਰ ਹਾਜ਼ਰ ਸਨ।

ਇਸ ਮੌਕੇ ਇੰਜੀਨੀਅਰ ਦਵਿੰਦਰ ਸਿੰਘ ਅਤੇ ਯੂਨੀਵਰਸਿਟੀ ਦੇ ਵਾਇਸ ਚੇਅਰਮੈਨ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਖੇਡ ਮੁਕਾਬਲੇ ਨੌਜਵਾਨਾਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਅਗਵਾਈ ਦੇ ਗੁਣ ਅਤੇ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਦੇ ਹਨ। ਉਨ੍ਹਾਂ ਨੇ ਖੇਡ ਪ੍ਰਤਿਭਾਵਾਂ ਨੂੰ ਵਿਸ਼ਵ ਪੱਧਰੀ ਮੰਚ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਦੁਹਰਾਈ।

ਅਸ਼ਖਾਤ ਮੁਸਿਨੋਵ ਅਤੇ ਪ੍ਰਦੀਪ ਕੁਮਾਰ (ਯੋਗੀ) ਨੇ ਚੈਂਪੀਅਨਸ਼ਿਪ ਦੇ ਸਫਲ ਆਯੋਜਨ ਲਈ ਸੀਟੀ ਯੂਨੀਵਰਸਿਟੀ ਦੇ ਪ੍ਰਬੰਧਨ ਅਤੇ ਆਯੋਜਨ ਟੀਮ ਦਾ ਧੰਨਵਾਦ ਕੀਤਾ। ਇਹ ਚੈਂਪੀਅਨਸ਼ਿਪ ਅੰਤਰਰਾਸ਼ਟਰੀ ਖੇਡ ਸਾਂਝ ਨੂੰ ਮਜ਼ਬੂਤ ਕਰਨ ਅਤੇ ਮਾਰਸ਼ਲ ਆਰਟਸ ਨੂੰ ਵਿਸ਼ਵ ਪੱਧਰ ’ਤੇ ਪ੍ਰਫੁੱਲਤ ਕਰਨ ਵੱਲ ਅਹਿਮ ਕਦਮ ਸਾਬਤ ਹੋਈ।

ਭਗਵਾਨ ਵਾਲਮੀਕੀ ਜੀ ਦੇ ਪ੍ਰਗਟ ਦਿਵਸ ਮੌਕੇ ਪਾਵਨ ਸਤਸੰਗ ਸਮਾਰੋਹ ਕਰਵਾਇਆ



ਲੁਧਿਆਣਾ, 1 ਨਵੰਬਰ/ਦੁੱਗਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਗਵਾਨ ਵਾਲਮੀਕੀ ਜੀ ਮਹਾਰਾਜ ਦੇ ਪਾਵਨ ਪ੍ਰਗਟ ਦਿਵਸ ਮੌਕੇ ਪ੍ਰਭੂ ਰਤਨਾਕਰ ਸੈਨਾ ਪੰਜਾਬ ਅਤੇ ਲੋਕਤ ਐਜੂਕੇਸ਼ਨ ਸੇਵਾ ਸੋਸਾਇਟੀ ਵੱਲੋਂ ਪ੍ਰਭੂ ਰਤਨਾਕਰ ਚੌਂਕ, ਗੋਪਾਲ ਨਗਰ, ਹੈਬੋਵਾਲ ਕਲਾਂ ਵਿਖੇ ਪਾਵਨ ਸਤਸੰਗ ਸਮਾਰੋਹ ਕਰਵਾਇਆ ਗਿਆ। ਇਸ ਦੌਰਾਨ ਰਾਸ਼ੀ ਸਲੀਮ ਅਤੇ ਉਨ੍ਹਾਂ ਦੀ ਟੀਮ ਵੱਲੋਂ ਪੇਸ਼ ਕੀਤੇ ਭਜਨਾਂ ਨੇ ਸੰਗਤਾਂ ਨੂੰ ਭਗਤੀ ਰੰਗ ਵਿੱਚ ਰੰਗ ਦਿੱਤਾ।

ਸਮਾਰੋਹ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਲੁਧਿਆਣਾ ਸ਼ਹਿਰੀ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਉਨ੍ਹਾਂ ਭਗਵਾਨ ਵਾਲਮੀਕੀ ਜੀ ਮਹਾਰਾਜ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਸੰਗਤਾਂ ਨੂੰ ਪ੍ਰਗਟ ਦਿਵਸ ਦੀਆਂ ਵਧਾਈਆਂ ਦਿੱਤੀਆਂ।

ਇਸ ਮੌਕੇ ਪਵਨ ਦੀਵਾਨ ਨੇ ਕਿਹਾ ਕਿ ਭਗਵਾਨ ਵਾਲਮੀਕੀ ਜੀ ਮਹਾਰਾਜ ਗਿਆਨ, ਸਿੱਖਿਆ, ਮਨੁੱਖਤਾ, ਸਮਾਨਤਾ ਅਤੇ ਸਮਾਜਿਕ ਨਿਆਂ ਦੇ ਮਹਾਨ ਪ੍ਰਤੀਕ ਸਨ। ਉਨ੍ਹਾਂ ਦੀ ਪਾਵਨ ਰਚਨਾ ਰਮਾਇਣ ਸਾਨੂੰ ਸੱਚਾਈ, ਤਿਆਗ, ਮਰਿਆਦਾ ਅਤੇ ਧਰਮ ਦੇ ਮਾਰਗ ’ਤੇ ਚੱਲਣ ਦੀ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਦੇ ਉਪਦੇਸ਼ ਅੱਜ ਵੀ ਸਮਾਜ ਵਿੱਚ ਆਪਸੀ ਭਾਈਚਾਰੇ, ਸਦਭਾਵਨਾ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦੇ ਹਨ।

ਸਮਾਰੋਹ ਵਿੱਚ ਦੀਪਕ ਹੰਸ, ਵਰੁਣ ਸ਼ਰਮਾ, ਅਰੁਣ ਸਿੱਧੂ, ਨੇਤਾ ਜੀ ਸੋਂਧੀ, ਮੁੱਖ ਸੇਵਾਦਾਰ ਬੀ.ਕੇ. ਟਾਂਕ, ਅਨਿਲ ਘਈ, ਸੰਜੇ ਭੇਨੀਵਾਲ, ਨਿਸ਼ੂ ਭਗਾਣੀਆ ਸਮੇਤ ਹੋਰ ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਪੰਚਾਇਤੀ ਫੰਡਾਂ ਵਿਚ ਦੁਰਵਰਤੋਂ ਦੇ ਦੋਸ਼ਾਂ ਨੇ ਛੇੜੀ ਚਰਚਾ, ਸ਼ਿਕਾਇਤਕਰਤਾ ਨੇ ਪੰਚਾਇਤ ਵਿਭਾਗ ਅਤੇ ਵਿਜੀਲੈਂਸ ਤੋਂ ਕੀਤੀ ਜਾਂਚ ਦੀ ਮੰਗ, ਸਰਪੰਚ ਨੇ ਨਕਾਰੇ ਦੋਸ਼

ਮਾਛੀਵਾੜਾ ਸਾਹਿਬ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਬਲਾਕ ਦੇ ਪਿੰਡ ਲੱਖੋਵਾਲ ਕਲਾਂ ਵਿੱਚ ਪੰਚਾਇਤੀ ਫੰਡਾ ਦੀ ਦੁਰਵਰਤੋਂ ਨੂੰ ਲੈ ਕੇ ਪਿੰਡ ਵਾਸੀ ਹਰਵਿੰਦਰਪਾਲ ਸਿੰਘ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਹੈ,ਜਿਸ ਦੀ ਸ਼ਿਕਾਇਤਕਰਤਾ ਹਰਵਿੰਦਰਪਾਲ ਸਿੰਘ ਨੇ ਪੰਚਾਇਤ ਵਿਭਾਗ ਤੇ ਵਿਜੀਲੈਂਸ ਤੋਂ ਜਾਂਚ ਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਹਰਵਿੰਦਰਪਾਲ ਸਿੰਘ ਨੇ ਪੰਚਾਇਤ ਵਿਭਾਗ ਤੋਂ ਆਰ.ਟੀ.ਆਈ. ਐਕਟ ਤਹਿਤ ਸੂਚਨਾ ਮੰਗੀ ਕਿ ਲੱਖੋਵਾਲ ਕਲਾਂ ਦੀ ਪੰਚਾਇਤ ਵਲੋਂ ਫੰਡਾਂ ਨਾਲ ਕਿਹੜੇ-ਕਿਹੜੇ ਵਿਕਾਸ ਕਾਰਜ ਕਰਵਾਏ ਗਏ ਹਨ। ਆਰ.ਟੀ.ਆਈ. ਤਹਿਤ ਸੂਚਨਾ ਤਹਿਤ ਦਸਤਾਵੇਜ਼ ਪ੍ਰਾਪਤ ਕਰਨ ਤੋਂ ਬਾਅਦ ਸ਼ਿਕਾਇਤਕਰਤਾ ਹਰਵਿੰਦਰਪਾਲ ਸਿੰਘ ਨੇ ਪੰਚਾਇਤ ਵਿਭਾਗ ਤੇ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਕਰਕੇ ਦੋਸ਼ ਲਗਾਏ ਕਿ ਇਨ੍ਹਾਂ ਫੰਡਾਂ ਦੀ ਵੱਡੀ ਦੁਰਵਰਤੋਂ ਹੋਈ ਹੈ ਅਤੇ ਘਪਲੇਬਾਜ਼ੀ ਦੀ ਵੀ ਸ਼ੰਕਾ ਹੈ ਜਿਸ ਦੀ ਨਿਰਪੱਖਤਾ ਨਾਲ ਜਾਂਚ ਕੀਤੀ ਜਾਵੇ। ਸ਼ਿਕਾਇਤਕਰਤਾ ਹਰਵਿੰਦਰ ਸਿੰਘ ਨੇ ਦੋਸ਼ ਲਗਾਇਆ ਕਿ ਜੋ ਟੋਭੇ ਦੀ ਸਫ਼ਾਈ ਸਬੰਧੀ ਫੰਡ ਖਰਚੇ ਗਏ ਹਨ ਉਸ ਵਿਚ ਵੀ ਦੁਰਵਰਤੋਂ ਹੋਈ ਹੈ।

ਉਨ੍ਹਾਂ ਕਿਹਾ ਕਿ ਜੋ ਇੰਟਰਲਾਕ ਟਾਈਲ ਲਗਾਈ ਗਈ ਹੈ ਉਹ ਬਜ਼ਾਰ ਵਿਚ ਸਸਤੀ ਮਿਲਦੀ ਹੈ ਜਦਕਿ ਉਸਦੇ ਬਿੱਲ ਵੱਧ ਰੇਟ ਦੇ ਪਾਏ ਗਏ ਹਨ ਅਤੇ ਜਾਂਚ ਤੋਂ ਬਾਅਦ ਘਪਲੇਬਾਜ਼ੀ ਸਾਹਮਣੇ ਆ ਸਕਦੀ ਹੈ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਗਾਇਆ ਕਿ ਜੋ ਪਿੰਡ ਵਿਚ ਸੀਸੀਟੀਵੀ ਕੈਮਰੇ ਲਗਾਏ ਹਨ ਉਸਦੇ ਬਿੱਲ ਵੀ ਵੱਧ ਪਾਏ ਜਾਣ ਦੀ ਸ਼ੰਕਾ ਹੈ। ਉਨ੍ਹਾਂ ਕਿਹਾ ਕਿ ਹੋਰ ਤਾਂ ਹੋਰ ਇੱਕ ਪਾਸੇ ਪੰਚਾਇਤ ਵਲੋਂ ਨਾਜਾਇਜ ਕਬਜੇ ਛੁਡਵਾਉਣ ਦੀ ਮੁਹਿਮ ਆਰੰਭੀ ਹੋਈ ਹੈ ਪਰ ਦੂਸਰੇ ਪਾਸੇ ਇਨ੍ਹਾਂ ਨਾਜਾਇਜ ਕਾਬਜਕਾਰਾਂ ਲਈ ਪਿੰਡ ਵਿਚ ਗਲੀਆਂ, ਨਾਲੀਆਂ ਬਣਾ ਫੰਡਾਂ ਦੀ ਦੁਰਵਰਤੋਂ ਕੀਤੀ ਗਈ ਜਿਸ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੋਰ ਵੀ ਪੰਚਾਇਤੀ ਫੰਡਾਂ ਦੀ ਦੁਰਵਰਤੋਂ ਹੋਈ ਜਿਸ ਦੀ ਜਾਂਚ ਕੀਤੀ ਜਾਵੇ ਤਾਂ ਇਸ ਵਿਚ ਜੋ ਵੀ ਪੰਚਾਇਤ ਮੈਂਬਰ, ਸਰਪੰਚ ਜਾਂ ਵਿਭਾਗ ਦਾ ਅਧਿਕਾਰੀ ਦੀ ਸ਼ਮੂਲੀਅਤ ਹੈ ਉਸ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਸ਼ਿਕਾਇਤਕਰਤਾ ਹਰਵਿੰਦਰ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਪਿੰਡ ਲੱਖੋਵਾਲ ਕਲਾਂ ਦੀ ਪਿਛਲੀ ਪੰਚਾਇਤ ਵੀ ਫੰਡਾਂ ਦੀ ਘਪਲੇਬਾਜ਼ੀ ਕਾਰਨ ਚਰਚਾ ਵਿਚ ਰਹੀ ਹੈ ਜਿਸ ਸਬੰਧੀ ਉਸਨੇ ਹੀ ਵਿਭਾਗ ਨੂੰ ਸ਼ਿਕਾਇਤਾਂ ਕਰਕੇ ਇਸ ਦਾ ਪਰਦਾਫਾਸ਼ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਪਿੰਡ ਦਾ ਪੈਸਾ ਪਿੰਡ ਦੇ ਲੋਕਾਂ ਦੀ ਸਹੂਲਤਾਂ ਲਈ ਸੁਚੱਜੇ ਢੰਗ ਨਾਲ ਖਰਚ ਹੋਣਾ ਚਾਹੀਦਾ ਹੈ ਪਰ ਕੁਝ ਚੁਣੇ ਹੋਏ ਨੁਮਾਇੰਦੇ ਤੇ ਵਿਭਾਗ ਦੇ ਅਧਿਕਾਰੀ ਇਨ੍ਹਾਂ ਫੰਡਾਂ ਦੀ ਦੁਰਵਰਤੋ ਕਰ ਆਪਣੀਆਂ ਜੇਬਾਂ ਭਰ ਰਹੇ ਹਨ ਜਿਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਪੰਚਾਇਤ ਵਿਭਾਗ ਵਲੋਂ ਸ਼ਿਕਾਇਤ ਦੇ ਅਧਾਰ ’ਤੇ ਜਾਂਚ ਕਰਵਾਈ ਜਾਵੇਗੀ: ਬੀ.ਡੀ.ਪੀ.ਓ. ਬਲਾਕ ਪੰਚਾਇਤ ਅਫ਼ਸਰ ਰੁਪਿੰਦਰ ਕੌਰ ਨੇ ਕਿਹਾ ਕਿ ਪਿੰਡ ਲੱਖੋਵਾਲ ਕਲਾਂ ਦੇ ਨਿਵਾਸੀ ਹਰਵਿੰਦਰ ਸਿੰਘ ਵਲੋਂ ਪੰਚਾਇਤੀ ਫੰਡਾਂ ਦੀ ਦੁਰਵਰਤੋਂ ਸਬੰਧੀ ਸ਼ਿਕਾਇਤ ਉਨ੍ਹਾਂ ਕੋਲ ਪੁੱਜ ਚੁੱਕੀ ਹੈ, ਇਸ ਸਬੰਧੀ ਸ਼ਿਕਾਇਤਕਰਤਾ ਨੂੰ ਇੱਕ ਹਲਫ਼ੀਆ ਬਿਆਨ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਚਾਇਤ ਵਿਭਾਗ ਵਲੋਂ ਉਸਦੀ ਸ਼ਿਕਾਇਤ ਦੀ ਜਾਂਚ ਕਰਵਾਈ ਜਾਵੇਗੀ।

ਪਿੰਡ ਦੀ ਸਰਪੰਚ ਨੇ ਫੰਡਾਂ ਵਿਚ ਦੁਰਵਰਤੋਂ ਦੇ ਸਾਰੇ ਦੋਸ਼ ਨਕਾਰੇ

ਪਿੰਡ ਲੱਖੋਵਾਲ ਕਲਾਂ ਦੀ ਸਰਪੰਚ ਪ੍ਰੀਤ ਕੌਰ ਨੇ ਕਿਹਾ ਕਿ ਸ਼ਿਕਾਇਤਕਰਤਾ ਨੇ ਜੋ ਫੰਡਾਂ ਵਿਚ ਦੁਰਵਰਤੋਂ ਦੇ ਦੋਸ਼ ਲਗਾਏ ਹਨ ਉਹ ਬਿਲਕੁਲ ਝੂਠੇ ਤੇ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਪਿੰਡ ਵਿਚ ਜੋ ਵੀ ਵਿਕਾਸ ਕਾਰਜ ਕਰਵਾਏ ਗਏ ਹਨ ਉਹ ਬਿਲਕੁਲ ਨਿਯਮਾਂ ਅਨੁਸਾਰ ਤੇ ਵਿਭਾਗ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਹੋਏ ਹਨ। ਉਨ੍ਹਾਂ ਕਿਹਾ ਕਿ ਪਿੰਡ ਵਿਚ ਧੜੇਬੰਦੀ ਕਾਰਨ ਉਨ੍ਹਾਂ ’ਤੇ ਝੂਠੇ ਦੋਸ਼ ਲਗਾਏ ਜਾ ਰਹੇ ਹਨ।

‘ਵੋਟ ਬਚਾਓ, ਦੇਸ਼ ਬਚਾਓ’ ਮੁਹਿੰਮ ਨੂੰ ਬੂਥ ਪੱਧਰ ਤੋਂ ਘਰ-ਘਰ ਤੱਕ ਪਹੁੰਚਾਏਗੀ ਕਾਂਗਰਸ : ਅਮ੍ਰਿਤਾ ਧਵਨ ਅਤੇ ਰਵਿੰਦਰ ਡਲਵੀ

ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਦੀ ਮੀਟਿੰਗ ਵਿੱਚ ਵੋਟਰਾਂ ਦੇ ਹੱਕਾਂ ਦੀ ਰਾਖੀ ਲਈ ਰਣਨੀਤੀ ਤਿਆਰ

ਲੁਧਿਆਣਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ‘ਵੋਟ ਬਚਾਓ, ਦੇਸ਼ ਬਚਾਓ’ ਮੁਹਿੰਮ ਤਹਿਤ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਵੱਲੋਂ ਅੱਜ ਫ਼ਿਰੋਜ਼ਪੁਰ ਰੋਡ ਸਥਿਤ ਸਰਕਟ ਹਾਊਸ ਵਿਖੇ ਮੀਟਿੰਗ ਕੀਤੀ ਗਈ। ਸ਼ਹਿਰੀ ਕਾਂਗਰਸ ਪ੍ਰਧਾਨ ਅਤੇ ਸਾਬਕਾ ਵਿਧਾਇਕ ਸੰਜੇ ਤਲਵਾੜ ਅਤੇ ਦਿਹਾਤੀ ਕਾਂਗਰਸ ਪ੍ਰਧਾਨ ਮੇਜਰ ਸਿੰਘ ਮੁੱਲਾਂਪੁਰ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਪਾਰਟੀ ਦੀ ਸੀਨੀਅਰ ਲੀਡਰਸ਼ਿਪ, ਅਹੁਦੇਦਾਰਾਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਨਿਯੁਕਤ ਅਬਜ਼ਰਵਰ ਮੈਡਮ ਅਮ੍ਰਿਤਾ ਧਵਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਹਿ-ਇੰਚਾਰਜ ਰਵਿੰਦਰ ਡਲਵੀ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਉਨ੍ਹਾਂ ਨੇ ‘ਵੋਟ ਬਚਾਓ, ਦੇਸ਼ ਬਚਾਓ’ ਮੁਹਿੰਮ ਦੇ ਉਦੇਸ਼ਾਂ ਅਤੇ ਇਸ ਨੂੰ ਜ਼ਮੀਨੀ ਪੱਧਰ ’ਤੇ ਲਾਗੂ ਕਰਨ ਸਬੰਧੀ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਹਰ ਨਾਗਰਿਕ ਦੀ ਵੋਟ ਦੇ ਅਧਿਕਾਰ ਦੀ ਰਾਖੀ ਕਰਨਾ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਬੇਹੱਦ ਜ਼ਰੂਰੀ ਹੈ। ਕਾਂਗਰਸ ਪਾਰਟੀ ਇਸ ਮੁਹਿੰਮ ਨੂੰ ਬਲਾਕ ਅਤੇ ਬੂਥ ਪੱਧਰ ਤੱਕ ਲਿਜਾ ਕੇ ਘਰ-ਘਰ ਪਹੁੰਚਾਏਗੀ, ਤਾਂ ਜੋ ਵੋਟਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ ਅਤੇ ਵੋਟਰ ਸੂਚੀਆਂ ਦੀ ਪੜਤਾਲ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਦੱਸਿਆ ਕਿ ਪਾਰਟੀ ਵੱਲੋਂ ਹਰ ਬੂਥ ’ਤੇ ਬੀ.ਐੱਲ.ਏ.-2 ਤੋਂ ਇਲਾਵਾ ‘ਵੋਟ ਰੱਖਿਅਕ’ ਵੀ ਨਿਯੁਕਤ ਕੀਤੇ ਜਾਣਗੇ। ਇਹ ਵਰਕਰ ਵੋਟਰ ਸੂਚੀਆਂ ਵਿੱਚੋਂ ਕੱਟੀਆਂ ਗਈਆਂ ਜਾਂ ਤਬਦੀਲ ਕੀਤੀਆਂ ਗਈਆਂ ਵੋਟਾਂ, ਮ੍ਰਿਤਕ ਵਿਅਕਤੀਆਂ ਦੇ ਨਾਂ ’ਤੇ ਦਰਜ ਵੋਟਾਂ ਅਤੇ ਕਥਿਤ ਜਾਅਲੀ ਵੋਟਾਂ ਦੀ ਜਾਂਚ ਕਰਨਗੇ। ਇਸ ਦੇ ਨਾਲ ਹੀ ਨਵੀਆਂ ਵੋਟਰ ਸੂਚੀਆਂ ਵਿੱਚ ਸ਼ਾਮਲ ਕੀਤੀਆਂ ਗਈਆਂ ਨਵੀਆਂ ਵੋਟਾਂ ਦੀ ਵੀ ਪੜਤਾਲ ਕੀਤੀ ਜਾਵੇਗੀ, ਤਾਂ ਜੋ ਕਿਸੇ ਵੀ ਯੋਗ ਵੋਟਰ ਦਾ ਨਾਂ ਸੂਚੀ ਵਿੱਚੋਂ ਰਹਿ ਨਾ ਜਾਵੇ।

ਆਗੂਆਂ ਨੇ ਕਿਹਾ ਕਿ ‘ਵੋਟ ਬਚਾਓ, ਦੇਸ਼ ਬਚਾਓ’ ਮੁਹਿੰਮ ਦਾ ਮੁੱਖ ਮਕਸਦ ਵੋਟਾਂ ਦੀ ਕਥਿਤ ਚੋਰੀ ਨੂੰ ਰੋਕਣਾ ਅਤੇ ਹਰ ਯੋਗ ਨਾਗਰਿਕ ਦੇ ਵੋਟ ਪਾਉਣ ਦੇ ਹੱਕ ਦੀ ਰਾਖੀ ਕਰਨਾ ਹੈ। ਉਨ੍ਹਾਂ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਅਤੇ ਲੋਕਤੰਤਰਿਕ ਪ੍ਰਕਿਰਿਆ ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ।

ਇਸ ਮੌਕੇ ਰਾਕੇਸ਼ ਪਾਂਡੇ, ਸੁਰਿੰਦਰ ਡਾਵਰ, ਕੁਲਦੀਪ ਵੈਦ, ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ, ਕਾਮਿਲ ਅਮਰ ਸਿੰਘ, ਜਗਤਾਰ ਸਿੰਘ ਜੱਗਾ, ਵਿਕਰਮ ਬਾਜਵਾ, ਕੇ.ਕੇ. ਬਾਵਾ, ਪਵਨ ਦੀਵਾਨ, ਅੰਮ੍ਰਿਤ ਕੌਰ ਗਿੱਲ, ਸੁਰਿੰਦਰ ਕੌਰ, ਕਿਰਨਦੀਪ ਕੌਰ ਗਰੇਵਾਲ ਅਤੇ ਮਨਰਾਜ ਠੁਕਰਾਲ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ, ਮੌਜੂਦਾ ਅਤੇ ਸਾਬਕਾ ਕੌਂਸਲਰ, ਵਾਰਡ ਇੰਚਾਰਜ, ਬਲਾਕ ਪ੍ਰਧਾਨ, ਮੰਡਲ ਪ੍ਰਧਾਨ, ਵਾਰਡ ਪ੍ਰਧਾਨ, ਬੀ.ਐੱਲ.ਏ.-1, ਬੀ.ਐੱਲ.ਏ.-2, ਹੋਰ ਅਹੁਦੇਦਾਰ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

‘ਮੇਰੀ ਦੁਕਾਨ, ਮੇਰੇ ਨਾਮ’ ਸਕੀਮ ਦੁਕਾਨਦਾਰਾਂ ਲਈ ਸੁਰੱਖਿਅਤ ਭਵਿੱਖ ਅਤੇ ਮਾਲਕੀ ਹੱਕਾਂ ਵੱਲ ਇਤਿਹਾਸਕ ਕਦਮ : ਇਮਤਿਆਜ਼ ਅਲੀ



ਮਲੇਰਕੋਟਲਾ, 1 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਦੁਕਾਨਦਾਰਾਂ ਅਤੇ ਛੋਟੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਸ਼ੁਰੂ ਕੀਤੀ ਗਈ ‘ਮੇਰੀ ਦੁਕਾਨ, ਮੇਰੇ ਨਾਮ’ ਸਕੀਮ ਤਹਿਤ ਵਿਧਾਇਕ ਮਾਲੇਰਕੋਟਲਾ ਡਾ. ਜ਼ਮੀਲ-ਉਰ-ਰਹਿਮਾਨ ਦੀ ਯੋਗ ਅਗਵਾਈ ਹੇਠ ਨਗਰ ਕੌਂਸਲ ਮਾਲੇਰਕੋਟਲਾ ਵੱਲੋਂ ਦੁਕਾਨਦਾਰਾਂ ਨੂੰ ਸਕੀਮ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਲੋੜੀਂਦੇ ਅਰਜ਼ੀ ਫਾਰਮ ਮੁਹੱਈਆ ਕਰਵਾਏ ਗਏ। ਇਸ ਮੌਕੇ ਚੇਅਰਮੈਨ ਟਰੇਡ ਕਮਿਸ਼ਨ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਇਮਤਿਆਜ਼ ਅਲੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਲੋਕਪੱਖੀ ਪਹਿਲਕਦਮੀ ਉਨ੍ਹਾਂ ਦੁਕਾਨਦਾਰਾਂ ਲਈ ਵੱਡੀ ਰਾਹਤ ਹੈ, ਜੋ ਦਹਾਕਿਆਂ ਤੋਂ ਕਿਰਾਏ ਜਾਂ ਲੀਜ਼ ’ਤੇ ਦੁਕਾਨਾਂ ਚਲਾ ਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰ ਰਹੇ ਹਨ ਪਰ ਮਾਲਕੀ ਹੱਕਾਂ ਤੋਂ ਵਾਂਝੇ ਹਨ।

ਉਨ੍ਹਾਂ ਕਿਹਾ ਕਿ ਇਹ ਸਕੀਮ ਕੇਵਲ ਦੁਕਾਨਾਂ ਦੇ ਮਾਲਕੀ ਹੱਕ ਦੇਣ ਦਾ ਉਪਰਾਲਾ ਹੀ ਨਹੀਂ, ਸਗੋਂ ਵਪਾਰੀਆਂ ਦੀ ਸਾਲਾਂ ਦੀ ਮਿਹਨਤ ਨੂੰ ਸਨਮਾਨ ਦੇਣ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਵੱਲ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਦੱਸਿਆ ਕਿ ਸਕੀਮ ਅਧੀਨ ਨਿਰਧਾਰਤ ਸ਼ਰਤਾਂ ਪੂਰੀਆਂ ਕਰਨ ਵਾਲੇ ਦੁਕਾਨਦਾਰ ਮਾਲਕੀ ਹੱਕ ਪ੍ਰਾਪਤ ਕਰਨ ਲਈ ਅਰਜ਼ੀਆਂ ਦੇ ਸਕਦੇ ਹਨ। ਇਮਤਿਆਜ਼ ਅਲੀ ਨੇ ਕਿਹਾ ਕਿ ਵਪਾਰੀ ਵਰਗ ਦੀ ਖੁਸ਼ਹਾਲੀ ਨਾਲ ਹੀ ਸ਼ਹਿਰ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ ਅਤੇ ਪੰਜਾਬ ਸਰਕਾਰ ਦਾ ਇਹ ਉਪਰਾਲਾ ਦੁਕਾਨਦਾਰਾਂ ਦੇ ਜੀਵਨ ਵਿੱਚ ਨਵੀਂ ਉਮੀਦ ਅਤੇ ਵਿਸ਼ਵਾਸ ਪੈਦਾ ਕਰੇਗਾ।

ਇਸ ਮੌਕੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਚੰਦਰ ਪ੍ਰਕਾਸ਼ ਵਧਵਾ ਨੇ ਸਕੀਮ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੁਕਾਨਦਾਰਾਂ ਨੂੰ ਅਰਜ਼ੀ ਪ੍ਰਕਿਰਿਆ ਬਾਰੇ ਜਾਣੂ ਕਰਵਾਇਆ। ਇਸ ਮੌਕੇ ਮੁਹੰਮਦ ਹਨੀਫ਼ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਉਨ੍ਹਾਂ ਯੋਗ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਲੋੜੀਂਦੇ ਦਸਤਾਵੇਜ਼ਾਂ ਸਮੇਤ ਆਪਣੀਆਂ ਅਰਜ਼ੀਆਂ ਨਗਰ ਕੌਂਸਲ ਦਫ਼ਤਰ ਵਿਖੇ ਜਮ੍ਹਾਂ ਕਰਵਾਉਣ।

ਪੰਜਾਬ ’ਚ ਜੰਗਲ ਦਾ ਰਾਜ, ਖ਼ਤਰੇ ’ਚ ਸੂਬੇ ਦਾ ਭਵਿੱਖ: ਸੁਨੀਲ ਜਾਖੜ

ਕੌਮੀ ਪਤ੍ਰਿਕਾ

ਮਾਨਸਾ 1 ਨਵੰਬਰ। ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟੇ ਨੂੰ ਸ਼ਰਧਾਂਜਲੀ ਭੇਟ ਕਰਦੇ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਦੇ ਮਨ ’ਚ ਸਮਾਜ ਪ੍ਰਤੀ ਗਹਿਰਾ ਜਜ਼ਬਾ ਸੀ ਅਤੇ ਉਨ੍ਹਾਂ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਨੂੰ ਸਿੱਜਦਾ ਕਰਨ ਲਈ ਉਹ ਇਥੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਨੇ ਨਸ਼ਿਆਂ ਵਿਰੁੱਧ ਅਜਿਹੀ ਮੁਹਿੰਮ ਦੀ ਬੀਜ ਲਗਾਇਆ ਹੈ, ਜਿਸ ਨੂੰ ਪੂਰਾ ਪੰਜਾਬ ਇਕੱਠਾ ਹੋ ਕੇ ਵੀ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਨਹੀਂ ਵਧਾ ਸਕਿਆ ਸੀ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ’ਚ ਨਸ਼ਿਆਂ ਵਿਰੁੱਧ ਲੋਕਾਂ ਵੱਲੋਂ ਆਪਣੇ ਪੱਧਰ ’ਤੇ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਪੰਜਾਬ ’ਚ ਨਸ਼ਿਆਂ ਦੀ ਓਵਰਡੋਜ਼ ਕਾਰਨ ਮੌਤਾਂ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਲੋਕਾਂ ਦੀ ਸੁਰੱਖਿਆ ਵੀ ਇਕ ਗੰਭੀਰ ਸਵਾਲ ਬਣ ਗਈ ਹੈ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਨੇ ਨਸ਼ਿਆਂ ਵਿਰੁੱਧ ਸੰਘਰਸ਼ ਨੂੰ ਨਵੀਂ ਦਿਸ਼ਾ ਦਿੱਤੀ ਹੈ ਅਤੇ ਇਸ ਮੁਹਿੰਮ ਦਾ ਮਕਸਦ ਕਿਸੇ ਨੂੰ ਨਿਸ਼ਾਨਾ ਬਣਾਉਣਾ ਨਹੀਂ, ਸਗੋਂ ਪੰਜਾਬ ਨੂੰ ਨਸ਼ਿਆਂ ਦੀ ਲਾਹਨਤ ਤੋਂ ਬਚਾਉਣਾ ਸੀ ਪਰ ਇਸ ਲੜਾਈ ’ਚ ਪਰਵਿੰਦਰ ਨੂੰ ਆਪਣੀ ਸ਼ਹਾਦਤ ਦੇਣੀ ਪਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰੇਕ ਪਿੰਡ ’ਚ ਅੱਜ ਚਿੰਤਾਜਨਕ ਹਾਲਾਤ ਹਨ। ਕਿਤੇ ਕੋਈ ਨਸ਼ਿਆਂ ਕਾਰਨ ਆਪਣੀ ਜਾਨ ਗੁਆ ਰਿਹਾ ਹੈ, ਕਿਤੇ ਨਸ਼ਿਆਂ ਵਿਰੁੱਧ ਲੜਨ ਵਾਲੇ ਲੋਕਾਂ ਨੂੰ ਜਾਨੋਂ ਹੱਥ ਧੋਣੇ ਪੈ ਰਹੇ ਹਨ ਅਤੇ ਕਿਤੇ ਗੈਂਗਸਟਰਾਂ ਵੱਲੋਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ, ਸਾਡੀਆਂ ਨਸਲਾਂ ਅਤੇ ਸੂਬੇ ਦਾ ਭਵਿੱਖ ਖ਼ਤਰੇ ’ਚ ਹੈ ਪਰ ਭਗਵੰਤ ਮਾਨ ਸਰਕਾਰ ਇਨ੍ਹਾਂ



ਗੰਭੀਰ ਮਸਲਿਆਂ ਨੂੰ ਹੱਲ ਕਰਨ ਵਿੱਚ ਨਾਕਾਮ ਵਿਖਾਈ ਦੇ ਰਹੀ ਹੈ। ਵਿਧਾਨ ਸਭਾ ਵਿੱਚ ਮੁੱਖ ਮੰਤਰੀ ਵੱਲੋਂ ਪਰਵਿੰਦਰ ਸਿੰਘ ਝੋਟੇ ਦੇ ਮਾਮਲੇ ਨੂੰ ਉਠਾਉਣ ਦੀ ਬਜਾਏ ਹਵਾਈ ਅੱਡੇ ’ਤੇ ਰੋਕੇ ਜਾਣ ਦੇ ਆਪਣੇ ਮਾਮਲੇ ਦਾ ਜ਼ਿਕਰ ਕਰਨ ’ਤੇ ਸਵਾਲ ਉਠਾਉਂਦਿਆਂ ਜਾਖੜ ਨੇ ਕਿਹਾ ਕਿ ਭਗਵੰਤ ਮਾਨ ਨੂੰ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਦਰਦ ਦੀ ਫਿਕਰ ਨਹੀਂ ਹੈ ਪਰ ਮੁੱਖ ਮੰਤਰੀ ਇਸ ਲਈ ਫਿਕਰ ਕਰ ਰਿਹਾ ਹੈ ਕਿ ਉਸ ਨੂੰ ਹਵਾਈ ਅੱਡੇ ’ਤੇ ਜਾਂਚ ਲਈ ਕਿਉਂ ਰੋਕਿਆ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਦੇ ਮੰਤਰੀ ਲੋਕਾਂ ਦੇ ਦੁੱਖ-ਦਰਦ ਸੁਣਨ ਲਈ ਉਨ੍ਹਾਂ ਤੱਕ ਪਹੁੰਚ ਹੀ ਨਹੀਂ ਕਰਦੇ, ਤਾਂ ਇਹ ਲੋਕਤੰਤਰੀ ਜਵਾਬਦੇਹੀ ’ਤੇ ਵੱਡਾ ਸਵਾਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਾਕਿਸਤਾਨ ਵਰਗੇ ਹਾਲਾਤ ਬਣੇ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਕਿ ਇੰਨੇ ਦਿਨ ਬੀਤਣ ਦੇ ਬਾਵਜੂਦ ਵੀ ਸਰਕਾਰ ਦਾ ਕੋਈ ਮੰਤਰੀ ਗੱਲ ਕਰਨ ਲਈ ਅੱਗੇ ਨਹੀਂ ਆਇਆ ਹੈ। ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਅਣਖ, ਜਜ਼ਬੇ ਅਤੇ ਸੰਘਰਸ਼ ਦੀ ਕਦਰ ਦਿੱਲੀ ਤੋਂ ਆ ਕੇ ਪੰਜਾਬ ਚਲਾਉਣ ਵਾਲੇ ਨਹੀਂ ਸਮਝ ਸਕਦੇ। ਉਨ੍ਹਾਂ ਕਿਹਾ ਕਿ ਪੰਜਾਬ ’ਚ ਹਰ ਪਾਸੇ ਮਾਰਾ-ਮਾਰੀ ਦਾ ਮਾਹੌਲ ਹੈ, ਨੌਜਵਾਨਾਂ ਦਾ ਭਵਿੱਖ ਦਾਅ ’ਤੇ ਲੱਗਿਆ ਹੋਇਆ ਹੈ ਅਤੇ ਕਿਸਾਨਾਂ ਦੀਆਂ ਫ਼ਸਲਾਂ ਵੀ ਮੰਡੀਆਂ ’ਚ ਰੁਲ ਰਹੀਆਂ ਹਨ। ਅਜਿਹੇ ਹਾਲਾਤ ਵਿੱਚ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰੇ ਅਤੇ ਪੰਜਾਬ ਨੂੰ ਇਸ ਸੰਕਟ ਵਿੱਚੋਂ ਬਾਹਰ ਕੱਢੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਉਨ੍ਹਾਂ ਦੀ ਆਵਾਜ਼ ਸੁਣਨਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਉਨ੍ਹਾਂ ਨਸ਼ਿਆਂ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਦੇ ਹੌਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਨੂੰ ਬਚਾਉਣ ਲਈ ਅੱਗੇ ਆਉਣ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਅੰਤ ਵਿੱਚ ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਨੂੰ ਸ਼ਰਧਾਂਜਲੀ ਦੇਣ ਦਾ ਅਸਲ ਮਕਸਦ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਨਾ ਹੈ। ਉਨ੍ਹਾਂ ਨੇ ਪਰਵਿੰਦਰ ਸਿੰਘ ਝੋਟੇ ਦੇ ਪਿਤਾ ਅਤੇ ਪਤਨੀ ਵੱਲੋਂ ਇਸ ਅਸਹਿ ਦੁੱਖ ਵਿਚ ਵੀ ਪੰਜਾਬ ਨੂੰ ਨਸ਼ੇ ਤੋਂ ਬਚਾਉਣ ਲਈ ਲੜੀ ਜਾ ਰਹੀ ਇਸ ਲੜਾਈ ਵਿਚ ਉਨ੍ਹਾਂ ਨੂੰ ਸਿਜਦਾ ਕੀਤਾ ਅਤੇ ਕਿਹਾ ਕਿ ਉਹ ਪਰਿਵਾਰ ਨਾਲ ਡੱਟ ਕੇ ਖੜ੍ਹੇ ਹਨ। ਸੁਨੀਲ ਜਾਖੜ ਨੇ ਕਿਹਾ ਕਿ ‘ਆਪ’ ਪਾਰਟੀ ਦੇ ਵਿਧਾਇਕ ਤਾਂ ਬੰਧੂਆਂ ਮਜਦੂਰ ਹੋ ਸਕਦੇ ਹਨ ਪਰ ਪੰਜਾਬ ਬੰਧੂਆ ਮਜਦੂਰ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਭ ਕੁਝ ਵੇਖ ਰਿਹਾ ਹੈ ਅਤੇ ਇਸ ਦਾ ਸਮਾਂ ਆਉਣ ਤੇ ਹਿਸਾਬ ਵੀ ਕਰੇਗਾ। ਇਸ ਮੌਕੇ ਜਗਦੀਪ ਸਿੰਘ ਨਕੱਈ, ਮੁਨੀਸ਼ ਬੱਬੀ ਦਾਨੇਵਾਲੀਆ, ਪਰਮਜੀਤ ਸਿਘ ਫੱਤਾ, ਲੱਖਾ ਸਿਧਾਣਾ, ਮਾਨਿਕ ਗੋਇਲ, ਧੰਨਾ ਮੱਲ ਗੋਇਲ, ਸਮੀਰ ਛਾਬੜਾ, ਗੁਰਮੇਲ ਠੇਕੇਦਾਰ ਨੇ ਵੀ ਸੰਬੋਧਨ ਕੀਤਾ।

ਪਰਾਲੀ ਨੂੰ ਅੱਗ ਲਗਾਉਣ ਵਾਲਿਆਂ ਖ਼ਿਲਾਫ਼ ਵੱਖ-ਵੱਖ ਥਾਣਿਆਂ ’ਚ ਮਾਮਲੇ ਦਰਜ

ਕੌਮੀ ਪਤ੍ਰਿਕਾ

ਫਿਰੋਜ਼ਪੁਰ 1 ਨਵੰਬਰ। ਜ਼ਿਲ੍ਹੇ ’ਚ ਪ੍ਰਸ਼ਾਸਨ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਰੁਖ ਅਪਣਾਇਆ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਮਿਤੀ 21 ਅਕਤੂਬਰ 2026 ਨੂੰ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਅਧੀਨ ਪੈਂਦੇ ਇਲਾਕਿਆਂ ’ਚ ਡੀ. ਸੀ. ਫ਼ਿਰੋਜ਼ਪੁਰ ਦੇ ਹੁਕਮਾਂ ਦੀ ਉਲੰਘਣਾ ਕਰਕੇ ਖੇਤਾਂ ’ਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਦੋਸ਼ ’ਚ ਕਈ ਵਿਅਕਤੀਆਂ ਖ਼ਿਲਾਫ਼ 223 ਬੀਐੱਨਐੱਸ ਤਹਿਤ ਮਾਮਲੇ ਦਰਜ ਕੀਤੇ ਗਏ ਹਨ। ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਕਲੱਸਟਰ ਅਫ਼ਸਰਾਂ ਵੱਲੋਂ ਪ੍ਰਾਪਤ ਹੋਏ ਪੱਤਰਾਂ ਅਤੇ ਅੰਕੜਿਆਂ ਦੇ ਆਧਾਰ ’ਤੇ ਥਾਣਾ ਸਦਰ ਫ਼ਿਰੋਜ਼ਪੁਰ, ਥਾਣਾ ਆਰਿਫ ਕੇ, ਥਾਣਾ ਕੁੱਲਗੜ੍ਹੀ ਅਤੇ ਥਾਣਾ ਮੱਲਾਂਵਾਲਾ ਵਿਖੇ ਇਹ ਕਾਰਵਾਈ ਅਮਲ ’ਚ ਲਿਆਂਦੀ ਗਈ ਹੈ। ਥਾਣਾ ਸਦਰ ਫ਼ਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਸੇਵਕ ਸਿੰਘ ਨੇ ਦੱਸਿਆ ਕਿ ਪਿੰਡ ਵਾਹਗੇ ਕੇ ਵਿਖੇ ਪਰਾਲੀ ਸਾੜਨ ਦੇ ਦੋਸ਼ ਵਿਚ ਹਰਬੰਸ ਸਿੰਘ ਪੁੱਤਰ



ਦਰਬਾਰਾ ਸਿੰਘ ਅਤੇ ਜਸਵਿੰਦਰ ਕੌਰ ਪੁੱਤਰੀ ਦਰਬਾਰਾ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਹੈ। ਇਸੇ ਤਰ੍ਹਾਂ ਇਸੇ ਥਾਣੇ ਦੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਪਿੰਡ ਮਾਛੀਵਾੜਾ ਵਿਖੇ ਪਰਾਲੀ ਸਾੜਨ ਦੀ ਘਟਨਾ ’ਤੇ ਅਣਪਛਾਤੇ ਵਿਅਕਤੀ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਆਰਿਫ ਕੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਅਤੇ ਕਰਮਦੀਪ ਸਿੰਘ ਨੇ ਦੱਸਿਆ ਕਿ ਪਿੰਡ ਚੁਗੱਤੇਵਾਲਾ ਵਿਖੇ ਸ਼ੀਤਲ ਸਿੰਘ ਪੁੱਤਰ ਸੋਹਣ ਸਿੰਘ ਅਤੇ ਪਿੰਡ ਲੱਖਾ ਭੇਡੀ ਵਿਖੇ ਸੁਰਜੀਤ ਕੌਰ ਪਤਨੀ ਸ਼ਿੰਗਾਰਾ ਸਿੰਘ ਨੇ ਝੋਨੇ ਖੇਤਾਂ ’ਚ ਪਰਾਲੀ ਨੂੰ ਅੱਗ ਲਗਾਈ ਹੈ। ਥਾਣਾ ਕੁੱਲਗੜ੍ਹੀ ਦੇ ਹੌਲਦਾਰ ਗੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਸਾਂਦੇ ਹਾਸ਼ਮ ’ਚ ਗੁਰਦੀਪ ਸਿੰਘ ਪੁੱਤਰ ਰੋੜ ਸਿੰਘ ਨੇ ਖੇਤ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਹੈ। ਥਾਣਾ ਮੱਲਾਂਵਾਲਾ ਦੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਜਲ ਸਰੋਤ ਵਿਭਾਗ ਦੇ ਉਪ ਮੰਡਲ ਅਫ਼ਸਰ ਰਜਿੰਦਰ ਸਿੰਘ ਵੱਲੋਂ ਪ੍ਰਾਪਤ ਚਲਾਨ ਦੇ ਆਧਾਰ ’ਤੇ ਸਵਰਨ ਸਿੰਘ ਅਤੇ ਜੰਗੀਰ ਸਿੰਘ ਪੁੱਤਰ ਪਾਲਾ ਸਿੰਘ ਵਾਸੀ ਪਿੰਡ ਚੰਗਾਲੀ ਕਦੀਮ ਨੇ ਖੇਤਾਂ ਵਿਚ ਝੋਨੇ ਦੀ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਈ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਵੀ ਪਰਾਲੀ ਨੂੰ ਅੱਗ ਲਗਾਉਣ ਵਾਲਿਆਂ ਪ੍ਰਤੀ ਕੋਈ ਢਿੱਲ ਨਹੀਂ ਵਰਤੀ ਜਾਵੇਗੀ ਅਤੇ ਸਖ਼ਤ ਕਾਨੂੰਨੀ ਕਾਰਵਾਈ ਜਾਰੀ ਰਹੇਗੀ।

ਹੁਸ਼ਿਆਰਪੁਰ ਜ਼ਿਲ੍ਹੇ ’ਚ ਹੁਣ ਤੱਕ 2.29 ਲੱਖ ਮੀਟ੍ਰਿਕ ਟਨ ਤੋਂ ਵਧ ਝੋਨੇ ਦੀ ਖ਼ਰੀਦ

ਕੌਮੀ ਪਤ੍ਰਿਕਾ

ਹੁਸ਼ਿਆਰਪੁਰ 1 ਨਵੰਬਰ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੋਨੇ ਦੀ ਫ਼ਸਲ ਨੂੰ ਚੰਗੀ ਤਰ੍ਹਾਂ ਸੁਕਾ ਕੇ ਮੰਡੀਆਂ ’ਚ ਲੈ ਕੇ ਆਉਣ ਤਾਂ ਜੋ ਖ਼ਰੀਦ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਸਕੇ ਅਤੇ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ’ਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਮੰਡੀਆਂ ’ਚ ਝੋਨੇ ਦੀ ਖ਼ਰੀਦ, ਚੁਕਾਈ ਅਤੇ ਅਦਾਇਗੀ ਦੀ ਪ੍ਰਕਿਰਿਆ ’ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਸਮੇਂ ਸਿਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 21 ਅਕਤੂਬਰ ਤੱਕ ਜ਼ਿਲ੍ਹੇ ’ਚ ਝੋਨੇ ਦੀ ਕੁੱਲ ਆਮਦ 2,30,260 ਮੀਟ੍ਰਿਕ ਟਨ ਤੱਕ ਪਹੁੰਚ ਗਈ ਹੈ, ਜਦੋਂਕਿ ਹੁਣ ਤੱਕ ਕੁੱਲ੍ਹ 2,29,836 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕੁੱਲ੍ਹ ਖ਼ਰੀਦ ’ਚੋਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ 2,28,780 ਮੀਟ੍ਰਿਕ ਟਨ ਝੋਨਾ



ਖ਼ਰੀਦਿਆ ਗਿਆ ਹੈ, ਜਦਕਿ ਨਿੱਜੀ ਖ਼ਰੀਦ ਤਹਿਤ 1,056 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ’ਚ ਖ਼ਰੀਦ ਪ੍ਰਬੰਧਾਂ ਨੂੰ ਸੁਚਾਰੂ ਬਣਾਈ ਰੱਖਣ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ’ਚ ਹੁਣ ਤੱਕ ਕੁੱਲ੍ਹ 1,34,464 ਮੀਟ੍ਰਿਕ ਟਨ ਝੋਨੇ ਦੀ ਚੁਕਾਈ ਹੋ ਚੁੱਕੀ ਹੈ। ਨਿਰਧਾਰਤ 72 ਘੰਟਿਆਂ ਦੇ ਮਾਪਦੰਡ ਅਨੁਸਾਰ ਚੁਕਾਈ ਦੀ ਪ੍ਰਗਤੀ 72 ਫ਼ੀਸਦੀ ਦਰਜ ਕੀਤੀ ਗਈ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਮੰਡੀਆਂ ’ਚੋਂ ਖ਼ਰੀਦੇ ਗਏ ਝੋਨੇ ਦੀ ਸਮੇਂ ਸਿਰ ਚੁਕਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਅਦਾਇਗੀ ਸਬੰਧੀ ਜਾਣਕਾਰੀ ਦਿੰਦੇ ਉਨ੍ਹਾਂ ਦੱਸਿਆ ਕਿ ਝੋਨੇ ਦੀ ਖ਼ਰੀਦ ਲਈ ਹੁਣ ਤੱਕ ਕੁੱਲ੍ਹ 493.65 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਨਿਰਧਾਰਤ 48 ਘੰਟਿਆਂ ਦੇ ਮਾਪਦੰਡ ਅਨੁਸਾਰ ਅਦਾਇਗੀ ਦੀ ਸਥਿਤੀ 100 ਫ਼ੀਸਦੀ ਦਰਜ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸਾਫ਼-ਸੁਥਰਾ ਅਤੇ ਨਿਰਧਾਰਤ ਨਮੀ ਦੇ ਮਾਪਦੰਡਾਂ ਅਨੁਸਾਰ ਸੁੱਕਾ ਝੋਨਾ ਲੈ ਕੇ ਆਉਣ। ਇਸ ਨਾਲ ਖਰੀਦ ਪ੍ਰਕਿਰਿਆ ਵਿੱਚ ਤੇਜ਼ੀ ਆਵੇਗੀ ਅਤੇ ਮੰਡੀਆਂ ਵਿੱਚ ਬੇਲੋੜੀ ਭੀੜ ਤੋਂ ਬਚਿਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੀ ਸਹੂਲਤ ਲਈ ਵਚਨਬੱਧ ਹੈ ਅਤੇ ਮੰਡੀਆਂ ਵਿੱਚ ਖ਼ਰੀਦ, ਚੁਕਾਈ ਅਤੇ ਅਦਾਇਗੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਈ ਰੱਖਣ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।

ਸਿਆਸਤ ’ਚ ਆਉਣ ਦੀਆਂ ਚਰਚਾਵਾਂ ’ਤੇ ਪਰਵਿੰਦਰ ਝੋਟੇ ਦੇ ਪਿਤਾ ਦਾ ਵੱਡਾ ਬਿਆਨ

ਮਾਨਸਾ 1 ਨਵੰਬਰ। ਨਸ਼ਾ ਵਿਰੋਧੀ ਮੁਹਿੰਮ ਦੇ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਨੂੰ ਲੈ ਕੇ ਇਨਸਾਫ਼ ਦੀ ਮੰਗ ਲਈ ਚੱਲ ਰਹੇ ਸੰਘਰਸ਼ ਦੌਰਾਨ ਉਨ੍ਹਾਂ ਦੇ ਪਿਤਾ ਭੀਮ ਸਿੰਘ ਨੇ ਸਿਆਸਤ ’ਚ ਆਉਣ ਦੀਆਂ ਚਰਚਾਵਾਂ ’ਤੇ ਵਿਰਾਮ ਲਗਾ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਸਿਆਸਤ ’ਚ ਆਉਣ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਦਾ ਮੁੱਖ ਮਕਸਦ ਆਪਣੇ ਪੁੱਤਰ ਲਈ ਇਨਸਾਫ਼ ਪ੍ਰਾਪਤ ਕਰਨਾ ਅਤੇ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਯਕੀਨੀ ਬਣਾਉਣਾ ਹੈ। ਜ਼ਿਕਰਯੋਗ ਹੈ ਕਿ ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ



ਮਾਨਸਾ ’ਚ ਇਨਸਾਫ਼ ਦੀ ਮੰਗ ਨੂੰ ਲੈ ਕੇ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ। ਇਸ ਮਾਮਲੇ ’ਚ ਪਰਿਵਾਰ ਅਤੇ ਇਨਸਾਫ਼ ਕਮੇਟੀ ਵੱਲੋਂ ਸਰਕਾਰ ਅੱਗੇ ਕਈ ਮੰਗਾਂ ਰੱਖੀਆਂ ਗਈਆਂ ਹਨ। ਇਨ੍ਹਾਂ ’ਚ ਕਤਲ ਦੀ ਸਾਜ਼ਿਸ਼ ਦੀ ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ.) ਤੋਂ ਜਾਂਚ ਕਰਵਾਉਣ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼?ਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਵੀ ਸ਼ਾਮਲ ਹੈ। ਇਸ ਦੌਰਾਨ ਪਰਵਿੰਦਰ ਝੋਟਾ ਦੇ ਪਿਤਾ ਭੀਮ ਸਿੰਘ ਨੂੰ ਸਿਆਸਤ ’ਚ ਆਉਣ ਅਤੇ ਚੋਣ ਲੜਨ ਦੀ ਅਪੀਲ ਕੀਤੇ ਜਾਣ ਦੀ ਚਰਚਾ ਵੀ ਸਾਹਮਣੇ ਆਈ ਸੀ। ਹਾਲਾਂਕਿ, ਭੀਮ ਸਿੰਘ ਨੇ ਅਜਿਹੀਆਂ ਸੰਭਾਵਨਾਵਾਂ ਨੂੰ ਸਪੱਸ਼ਟ ਤੌਰ ’ਤੇ ਰੱਦ ਕਰਦਿਆਂ ਕਿਹਾ ਕਿ ਉਹ ਕਿਸੇ ਸਿਆਸੀ ਅਹੁਦੇ ਜਾਂ ਚੋਣ ਦੀ ਦੌੜ ’ਚ ਸ਼ਾਮਲ ਨਹੀਂ ਹੋਣਾ ਚਾਹੁੰਦੇ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸਮੇਂ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਮਾਮਲਾ ਆਪਣੇ ਪੁੱਤਰ ਦੀ ਮੌਤ ਲਈ ਇਨਸਾਫ਼ ਹਾਸਲ ਕਰਨਾ ਹੈ। ਪਰਿਵਾਰ ਦੀਆਂ ਮੰਗਾਂ ਪੂਰੀਆਂ ਹੋਣ ਅਤੇ ਮਾਮਲੇ ਦੀ ਨਿਰਪੱਖ ਜਾਂਚ ਯਕੀਨੀ ਬਣਾਉਣ ਲਈ ਸੰਘਰਸ਼ ਜਾਰੀ ਰਹੇਗਾ। ਮਾਨਸਾ ’ਚ ਇਸ ਮਾਮਲੇ ਨੂੰ ਲੈ ਕੇ ਲੋਕਾਂ ਅਤੇ ਵੱਖ-ਵੱਖ ਜੱਥੇਬੰਦੀਆਂ ਵੱਲੋਂ ਲਗਾਤਾਰ ਆਵਾਜ਼ ਉਠਾਈ ਜਾ ਰਹੀ ਹੈ। ਪਰਿਵਾਰ ਨੇ ਸਪੱਸ਼ਟ ਕੀਤਾ ਹੈ ਕਿ ਇਨਸਾਫ਼ ਮਿਲਣ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

ਨਸ਼ੇ ਦੇ ਮਾਮਲੇ ਸੀ.ਬੀ.ਆਈ. ਨੂੰ ਸੌਂਪਣ ਤੋਂ ਕਿਉਂ ਡਰਦੇ ਨੇ ਮੁੱਖ ਮੰਤਰੀ : ਅਸ਼ਵਨੀ ਸ਼ਰਮਾ

ਚੰਡੀਗੜ੍ਹ 1 ਨਵੰਬਰ। ਪੰਜਾਬ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਮੁੱਖ ਮੰਤਰੀ ਤੋਂ ਸਵਾਲ ਪੁੱਛਿਆ ਹੈ ਕਿ ਜੇਕਰ ਪੰਜਾਬ ਵਿਚ ਨਸ਼ਾ ਗੁਜਰਾਤ ਜਾਂ ਕੌਮਾਂਤਰੀ ਸਰਹੱਦ ਪਾਰੋਂ ਹੀ ਆ ਰਿਹਾ ਹੈ, ਤਾਂ ਨਸ਼ੇ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਅਤੇ ਐੱਨ.ਆਈ.ਏ. ਹਵਾਲੇ ਕਰ ਦਿਓ, ਨਸ਼ਿਆਂ ਦੇ ਕੇਸਾਂ ਦੀ ਸੀ.ਬੀ.ਆਈ. ਜਾਂਚ ਤੋਂ ਤੁਹਾਨੂੰ ਡਰ ਕਿਉਂ ਹੈ। ਉਨ੍ਹਾਂ ਨੇ ਪਰਵਿੰਦਰ ਝੋਟਾ ਦੇ ਨਾਲ-ਨਾਲ ਗੁਲਜ਼ਾਰ ਸਿੰਘ ਅਤੇ ਬਿਕਰਮਜੀਤ ਸਿੰਘ ਦੇ ਕੇਸ ਵੀ ਸੀ.ਬੀ.ਆਈ. ਹਵਾਲੇ ਕਰਨ ਦੀ ਗੱਲ ਕਹੀ ਤਾਂ ਜੋ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕੇ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਂਦਰ



ਸਰਕਾਰ ਉੱਤੇ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਚੁੱਕੇ ਗਏ ਸਵਾਲ ਉੱਤੇ ਪਲਟਵਾਰ ਕਰਦਿਆਂ ਉਨ੍ਹਾਂ ਕਿਹਾ ਕੇਂਦਰ ਸਰਕਾਰ ਉੱਤੇ ਚਿੱਕੜ ਸੁੱਟ ਕੇ ਛੁਟਕਾਰਾ ਨਹੀਂ ਹੋਣਾ, ਸਗੋਂ ਨਸ਼ਾ, ਗੈਂਗਸਟਰਵਾਦ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਵਿੱਚ ਤੁਹਾਨੂੰ ਆਪਣੀਆਂ ਨਾਕਾਮੀਆਂ ਦਾ ਪੰਜਾਬ ਦੇ ਲੋਕਾਂ ਨੂੰ ਜਵਾਬ ਦੇਣਾ ਪੈਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਗੁਜਰਾਤ ਵਿਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਅਤੇ ਬੰਦਰਗਾਹਾਂ ਰਾਹੀਂ ਹੋ ਰਹੀ ਤਸਕਰੀ ਬਾਰੇ ਸਵਾਲ ਉਠਾ ਰਹੇ ਹਨ, ਤਾਂ ਉਨ੍ਹਾਂ ਨੂੰ ਸਿੱਧਾ ਜਵਾਬ ਦੇਣਾ ਚਾਹੀਦਾ ਹੈ ਪੰਜਾਬ ਵਿਚ ਘਰ-ਘਰ ਚਿੱਟੇ ਦੀਆਂ ਪੁੜੀਆਂ ਕਿਵੇਂ ਪਹੁੰਚ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਡਰੋਨ ਸਿਸਟਮ ਨੂੰ ਕੰਟਰੋਲ ਕਰਨ ਵਾਲੇ ਪੰਜਾਬ ਪੁਲਸ ਦੇ ਇਕ ਸਿਪਾਹੀ ਕਰਨਦੀਪ ਨੂੰ 15 ਕਿੱਲੋ ਹੈਰੋਇਨ ਸਮੇਤ ਬੀ.ਐਸ.ਐੱਫ. ਨੇ ਕਾਬੂ ਕੀਤਾ ਹੈ। ਮੁੱਖ ਮੰਤਰੀ ਦੱਸਣ ਕਿ ਪੰਜਾਬ ਪੁਲਸ, ਡਰੱਗ ਤਸਕਰਾਂ ਨਾਲ ਗਠਜੋੜ ਤੋੜਨ ਲਈ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਪਾਰਦਰਸ਼ਤਾ, ਜਵਾਬਦੇਹੀ ਅਤੇ ਨਿਰਪੱਖ ਜਾਂਚ ਲਾਜ਼ਮੀ ਹੈ। ਸਰਕਾਰ ਨੂੰ ਸਿਆਸੀ ਬਿਆਨਾਂ ਦੀ ਬਜਾਏ ਠੋਸ ਨਤੀਜਿਆਂ ਰਾਹੀਂ ਆਪਣੀ ਵਚਨਬੱਧਤਾ ਸਾਬਤ ਕਰਨੀ ਚਾਹੀਦੀ ਹੈ।

ਪੰਜਾਬ ’ਚ ਇੱਟਾਂ ਦੇ ਭਾਅ ਨੇ ਤੋੜੇ ਰਿਕਾਰਡ, ਪ੍ਰਤੀ ਹਜ਼ਾਰ ਇੱਟ ਦਾ ਮੁੱਲ ਸੁਣ ਲੱਗੇਗਾ ਝਟਕਾ

ਗੁਰਦਾਸਪੁਰ 1 ਨਵੰਬਰ। ਪੰਜਾਬ ’ਚ ਅਕਤੂਬਰ ਮਹੀਨੇ ਦੌਰਾਨ ਹੋਈ ਬੇਮੌਸਮੀ ਬਾਰਿਸ਼ ਨੇ ਖੇਤੀਬਾੜੀ ਦੇ ਨਾਲ-ਨਾਲ ਹੁਣ ਇਮਾਰਤੀ ਸਮੱਗਰੀ ਦੀਆਂ ਕੀਮਤਾਂ ਨੂੰ ਵੀ ਅੱਗ ਲਗਾ ਦਿੱਤੀ ਹੈ। ਗੁਰਦਾਸਪੁਰ ਜ਼ਿਲ੍ਹੇ ’ਚ ਇੱਟਾਂ ਦੀ ਭਾਰੀ ਕਿੱਲਤ ਅਤੇ ਕੀਮਤਾਂ ’ਚ ਵਾਧੇ ਕਾਰਨ ਆਮ ਘਰ ਬਣਾਉਣ ਵਾਲੇ ਲੋਕਾਂ ਤੋਂ ਲੈ ਕੇ ਉਸਾਰੀ ਠੇਕੇਦਾਰਾਂ ਤੱਕ ਦੀਆਂ ਚਿੰਤਾਵਾਂ ਵਧ ਗਈਆਂ ਹਨ। ਤਿੰਨ ਮਹੀਨੇ ਪਹਿਲਾਂ ਜੋ ਇੱਟ 7,500 ਤੋਂ 8,000 ਰੁਪਏ ਪ੍ਰਤੀ ਹਜ਼ਾਰ ਮਿਲ ਰਹੀ ਸੀ, ਉਸ ਦਾ ਰੇਟ ਹੁਣ ਵਧ ਕੇ 11,000 ਰੁਪਏ ਪ੍ਰਤੀ ਹਜ਼ਾਰ ਤੱਕ ਪਹੁੰਚ ਗਿਆ ਹੈ। ਜ਼ਿਲ੍ਹੇ ਦੇ ਕੁੱਲ 160 ਦੇ ਕਰੀਬ ਇੱਟਾਂ ਦੇ ਭੱਠਿਆਂ ’ਚੋਂ ਲਗਭਗ 80 ਫ਼ੀਸਦੀ ਭੱਠੀਆਂ ’ਤੇ ਤਿਆਰ ਇੱਟਾਂ ਦਾ ਸਟਾਕ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ। ਆਮ ਤੌਰ ’ਤੇ 15 ਸਤੰਬਰ ਤੋਂ ਨਵੇਂ ਸੀਜ਼ਨ ਦੀ ਤਿਆਰੀ ਸ਼ੁਰੂ ਹੁੰਦੀ ਹੈ ਪਰ ਇਸ ਵਾਰ ਪਹਿਲਾਂ ਮਜ਼ਦੂਰਾਂ ਦੀ ਘਾਟ ਅਤੇ ਬਾਅਦ ’ਚ 7, 11 ਅਤੇ 14 ਅਕਤੂਬਰ ਨੂੰ ਪਈ ਬਾਰਿਸ਼ ਨੇ ਭੱਠਾ ਮਾਲਕਾਂ ਦਾ ਕਾਫ਼ੀ ਨੁਕਸਾਨ ਕੀਤਾ ਹੈ। ਬਾਰਿਸ਼ ਦੇ ਪਾਣੀ ਨਾਲ ਹਜ਼ਾਰਾਂ ਕੱਚੀਆਂ ਇੱਟਾਂ ਘੁਲ ਕੇ ਖ਼ਰਾਬ ਹੋ ਗਈਆਂ, ਜਿਸ ਕਾਰਨ ਨਵੇਂ ਸੀਜ਼ਨ ਦੀ ਸ਼ੁਰੂਆਤ ਵੀ ਪਛੜ ਗਈ ਹੈ। ਗੁਰਦਾਸਪੁਰ ਨਾਲ ਸਬੰਧਤ ਭੱਠਾ ਮਾਲਕ ਕਸ਼ਮੀਰ ਸਿੰਘ ਗੁਰਾਇਆ ਨੇ ਦੱਸਿਆ ਕਿ ਪ੍ਰਵਾਸੀ ਮਜ਼ਦੂਰਾਂ ਦੀ ਘੱਟ ਆਮਦ ਅਤੇ ਮਜ਼ਦੂਰਾਂ ਦੇ ਵਿਦੇਸ਼ਾਂ ਵੱਲ ਰੁਖ਼ ਕਾਰਨ ਕੱਚੀਆਂ ਇੱਟਾਂ ਦੀ ਪਥਾਈ ਪ੍ਰਭਾਵਿਤ ਹੋਈ ਹੈ।

ਵੜਿੰਗ ਨੇ ਮੁਫ਼ਤ ਆਟਾ ਵੰਡਣ ਦੀ ਯੋਜਨਾ ਲਈ 500 ਕਰੋੜ ਰੁਪਏ ਦਾ ਟੈਂਡਰ ਕੱਢਣ ’ਤੇ ਚੁੱਕੇ ਸਵਾਲ

ਚੰਡੀਗੜ੍ਹ 1 ਨਵੰਬਰ। ਲੁਧਿਆਣਾ ਤੋਂ ਸੰਸਦ ਮੈਂਬਰ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਸਰਕਾਰ ਵੱਲੋਂ ਮੁਫ਼ਤ ਆਟਾ ਵੰਡਣ ਦੀ ਯੋਜਨਾ ਲਈ 500 ਕਰੋੜ ਰੁਪਏ ਦਾ ਟੈਂਡਰ ਕੱਢਣ ’ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਦੋਂ ਲੋਕ ਪਹਿਲਾਂ ਤੋਂ ਹੀ ਸਰਕਾਰ ਵੱਲੋਂ ਦਿੱਤੀ ਜਾ ਰਹੀ ਕਣਕ ਦੀ ਵੰਡ ਤੋਂ ਸੰਤੁਸ਼ਟ ਹਨ, ਤਾਂ ਇਸ ਨਵੀਂ ਯੋਜਨਾ ’ਤੇ ਵਾਧੂ ਪੈਸਾ ਖਰਚਣ ਦੀ ਕੀ ਲੋੜ ਹੈ? ਵੜਿੰਗ ਨੇ ਸਪੱਸ਼ਟ ਕੀਤਾ ਕਿ ਉਹ ਮੁਫ਼ਤ ਸਹੂਲਤਾਂ ਦੇਣ ਦੇ ਖ਼?ਲਾਫ਼ ਨਹੀਂ ਹਨ। ਉਨ੍ਹਾਂ ਕਿਹਾ ਕਿ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਮਦਦ ਲਈ ਸਰਕਾਰੀ ਯੋਜਨਾਵਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ, ਪਰ ਇਨ੍ਹਾਂ ਨੂੰ ਲਾਗੂ ਕਰਦੇ ਸਮੇਂ ਜਨਤਾ ਦੇ ਪੈਸੇ ਦੀ ਸਮਝਦਾਰੀ ਨਾਲ ਵਰਤੋਂ ਕਰਨੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ, “ਲੋਕ ਭਲਾਈ ਦੀਆਂ ਯੋਜਨਾਵਾਂ ਬੰਦ ਨਹੀਂ ਹੋਣੀਆਂ ਚਾਹੀਦੀਆਂ, ਪਰ ਜਨਤਾ ਦੇ ਪੈਸੇ ਦੀ ਬਰਬਾਦੀ ਵੀ ਨਹੀਂ ਹੋਣੀ ਚਾਹੀਦੀ।”ਉਨ੍ਹਾਂ ਮੁਤਾਬਕ ਅਜਿਹੀਆਂ ਯੋਜਨਾਵਾਂ ਸਮਾਜਿਕ ਨਿਆਂ ਲਈ ਜ਼ਰੂਰੀ ਹਨ ਅਤੇ ਇਨ੍ਹਾਂ ਨੂੰ ਭਵਿੱਖ ਵਿੱਚ ਵੀ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਮੁਫ਼ਤ ਆਟਾ ਯੋਜਨਾ ’ਤੇ ਸਵਾਲ ਚੁੱਕਦਿਆਂ ਵੜਿੰਗ ਨੇ ਕਿਹਾ ਕਿ ਜਦੋਂ ਲੋਕ ਪਹਿਲਾਂ ਤੋਂ ਮਿਲ ਰਹੀ ਕਣਕ ਦੀ ਵੰਡ ਤੋਂ ਸੰਤੁਸ਼ਟ ਹਨ, ਤਾਂ ਸਰਕਾਰ ਨੂੰ ਦੱਸਣਾ ਚਾਹੀਦਾ



ਹੈ ਕਿ 500 ਕਰੋੜ ਰੁਪਏ ਦਾ ਵਾਧੂ ਖਰਚਾ ਕਰਨ ਦੀ ਲੋੜ ਕਿਉਂ ਪੈ ਰਹੀ ਹੈ। ਕਾਂਗਰਸੀ ਆਗੂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਆਪਣੇ ਨੇੜਲੇ ਲੋਕਾਂ ਨੂੰ ਫਾਇਦਾ ਪਹੁੰਚਾਉਣ ਦਾ ਦੋਸ਼ ਵੀ ਲਾਇਆ। ਉਨ੍ਹਾਂ ਨੇ ‘ਆਪ’ ਵਰਕਰ ਗਾਇਤਰੀ ਬਿਸ਼ਨੋਈ ਦਾ ਹਵਾਲਾ ਦਿੰਦਿਆਂ ਦੋਸ਼ ਲਾਇਆ ਕਿ ਉਸ ਦੇ ਪਿਤਾ ਦੇ ਇਲਾਜ ਲਈ ਸਰਕਾਰੀ ਸਹੂਲਤਾਂ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ, ਜਦਕਿ ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਚੰਡੀਗੜ੍ਹ ਦੇ ਪੀਜੀਆਈ ਵਿੱਚ ਇਲਾਜ ਕਰਵਾਉਣ ਆਉਣ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੜਕਾਂ ’ਤੇ ਰਾਤਾਂ ਕੱਟਣੀਆਂ ਪੈਂਦੀਆਂ ਹਨ। ਵੜਿੰਗ ਨੇ ਸਵਾਲ ਕੀਤਾ ਕਿ ਕੀ ਅਜਿਹੇ ਖਰਚੇ ਨਿੱਜੀ ਤੌਰ ’ਤੇ ਨਹੀਂ ਕੀਤੇ ਜਾ ਸਕਦੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਆਪਣੀਆਂ ਤਰਜੀਹਾਂ ’ਤੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਬੇਲੋੜੇ ਖਰਚਿਆਂ ਨੂੰ ਰੋਕਿਆ ਜਾਵੇ ਅਤੇ ਸਰਕਾਰੀ ਪੈਸੇ ਦੀ ਸਹੀ ਵਰਤੋਂ ਕੀਤੀ ਜਾਵੇ, ਤਾਂ ਬਚਾਏ ਗਏ ਪੈਸੇ ਨਾਲ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਮੁਫ਼ਤ ਉੱਚ ਸਿੱਖਿਆ ਦਿੱਤੀ ਜਾ ਸਕਦੀ ਹੈ ਅਤੇ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾਇਆ ਜਾ ਸਕਦਾ ਹੈ। ਵੜਿੰਗ ਨੇ ਕਿਹਾ ਕਿ ਸਰਕਾਰ ਦਾ ਧਿਆਨ ਸਿਰਫ਼ ਨਵੀਆਂ ਯੋਜਨਾਵਾਂ ਦਾ ਐਲਾਨ ਕਰਨ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਸਰਕਾਰ ਨੂੰ ਜਨਤਾ ਦੇ ਟੈਕਸ ਦੇ ਹਰ ਰੁਪਏ ਦਾ ਹਿਸਾਬ ਦੇਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਵੇ।

ਕੱਪੜਾ ਵਪਾਰੀਆਂ ਤੇ ਮੈਡੀਕਲ ਕੰਪਨੀ ਨਾਲ 62.68 ਲੱਖ ਦੀ ਠੱਗੀ, ਪੁਲਸ ਨੇ 3 ਮੁਲਜ਼ਮਾਂ ਨੂੰ ਕੀਤਾ ਗ੍ਰਿਫ਼ਤਾਰ

ਕੌਮੀ ਪਤ੍ਰਿਕਾ

ਨਵੀਂ ਦਿੱਲੀ 1 ਨਵੰਬਰ। ਦਿੱਲੀ ਪੁਲਸ ਨੇ ਇੱਕ ਥੋਕ ਕੱਪੜਾ ਵਪਾਰੀ ਤੇ ਇੱਕ ਮੈਡੀਕਲ ਉਪਕਰਣ ਸਪਲਾਇਰ ਨਾਲ 62.68 ਲੱਖ ਰੁਪਏ ਦੀ ਧੋਖਾਧੜੀ ਕਰਨ ਦੇ 2 ਵੱਖ-ਵੱਖ ਮਾਮਲਿਆਂ ਵਿੱਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਦੇ ਅਨੁਸਾਰ ਦੋ ਦੋਸ਼ੀਆਂ ਨੇ ਕਥਿਤ ਤੌਰ ’ਤੇ ਕੱਪੜਾ ਵਪਾਰੀਆਂ ਤੋਂ ਲਗਭਗ 45 ਲੱਖ ਰੁਪਏ ਦੇ ਕੱਪੜੇ ਪ੍ਰਾਪਤ ਕੀਤੇ ਅਤੇ ਉਨ੍ਹਾਂ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ, ਜਦੋਂ ਕਿ ਤੀਜੇ ਦੋਸ਼ੀ ਨੇ ਬੈਂਕ ਟ?ਰਾਂਸਫਰ ਦੇ ਜਾਅਲੀ ਸਕ੍ਰੀਨਸ਼ਾਟ ਪ੍ਰਦਾਨ ਕਰਕੇ ਇੱਕ ਮੈਡੀਕਲ ਕੰਪਨੀ ਨਾਲ ਧੋਖਾਧੜੀ ਕੀਤੀ, ਜਿਸ ਨਾਲ 17.68 ਲੱਖ ਰੁਪਏ ਦੇ ਉਪਕਰਨ ਪ੍ਰਾਪਤ ਹੋਏ। ਕੱਪੜਾ ਵਪਾਰੀਆਂ ਨਾਲ ਜੁੜੀ ਧੋਖਾਧੜੀ ਸੰਬੰਧੀ ਓਖਲਾ ਇੰਡਸਟਰੀਅਲ ਏਰੀਆ ਪੁਲਸ ਸਟੇਸ਼ਨ ਵਿੱਚ ਦਰਜ ਸ਼ਿਕਾਇਤ ਦੇ ਅਨੁਸਾਰ ਦੋਸ਼ੀ ਨੇ ਇੱਕ ਆਨਲਾਈਨ ਪਲੇਟਫਾਰਮ ਰਾਹੀਂ ਵਪਾਰੀਆਂ ਨਾਲ ਸੰਪਰਕ ਕੀਤਾ, ਆਰਡਰ ਦਿੱਤੇ ਅਤੇ ਕੱਪੜੇ ਖਰੀਦੇ। ਭੁਗਤਾਨ ਦੇ ਵਿਰੁੱਧ ਜਾਰੀ ਕੀਤੇ ਗਏ ਚੈੱਕ ਬਾਊਂਸ ਹੋ ਗਏ ਅਤੇ ਹੋਰ ਤਰੀਕਿਆਂ ਨਾਲ ਭੁਗਤਾਨ ਵੀ ਅਸਫਲ ਰਿਹਾ। ਪੁਲਸ ਦੇ ਅਨੁਸਾਰ ਸਪਲਾਇਰਾਂ ਵੱਲੋਂ ਵਾਰ-ਵਾਰ ਕਾਲਾਂ ਤੇ ਸੰਦੇਸ਼ਾਂ ਦੇ ਬਾਵਜੂਦ ਦੋਸ਼ੀ ਨੇ ਬਕਾਇਆ ਭੁਗਤਾਨ ਨਹੀਂ ਕੀਤਾ ਤੇ ਬਾਅਦ ਵਿੱਚ ਡਿਸਕਨੈਕਟ ਕਰ ਦਿੱਤਾ। ਬਾਅਦ ਵਿੱਚ ਜਾਂਚ ਕਰਨ ’ਤੇ ਉਨ੍ਹਾਂ ਦੇ ਦਫਤਰ ਤੇ ਫੈਕਟਰੀਆਂ ਬੰਦ ਪਾਈਆਂ ਗਈਆਂ ਅਤੇ ਉਨ੍ਹਾਂ ਦੇ ਮੋਬਾਈਲ ਫੋਨ ਵੀ ਬੰਦ ਸਨ। ਪੁਲਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮਾਂ ਦੀ ਪਛਾਣ ਸਰਾਏ ਕਾਲੇ ਖਾਨ ਦੇ ਵਸਨੀਕ ਮੁਸ਼ੀਰ ਖਾਨ ਤੇ ਮੌਜਪੁਰ ਦੇ ਵਸਨੀਕ ਸ਼ਾਹਰੁਖ ਉਰਫ਼ ਮੁਹੰਮਦ ਇਸਹਾਕ ਵਜੋਂ ਹੋਈ ਹੈ। ਅਪਰਾਧ ਵਿੱਚ ਵਰਤੇ ਗਏ ਦੋ ਮੋਬਾਈਲ ਫੋਨ ਡਿਜੀਟਲ ਜਾਂਚ ਲਈ ਜ਼ਬਤ ਕਰ ਲਏ ਗਏ ਹਨ। ਪੁਲਿਸ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ,



ਜਿੱਥੇ ਉਨ੍ਹਾਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਇੱਕ ਹੋਰ ਮਾਮਲੇ ਵਿੱਚ ਪੁਲਸ ਨੇ ਰਾਜਸਥਾਨ ਦੇ ਅਲਵਰ ਦੇ ਰਹਿਣ ਵਾਲੇ ਅਸਲਮ (28) ਨੂੰ ਓਖਲਾ ਵਿੱਚ ਇੱਕ ਮੈਡੀਕਲ ਉਪਕਰਣ ਸਪਲਾਇਰ ਨਾਲ 17.68 ਲੱਖ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਹ ਮਾਮਲਾ 19 ਜਨਵਰੀ ਨੂੰ ਇੱਕ ਸ਼ਿਕਾਇਤ ਦੇ ਆਧਾਰ ’ਤੇ ਦਰਜ ਕੀਤਾ ਗਿਆ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਬੈਂਕ ਟ?ਰਾਂਸਫਰ ਦੇ ਜਾਅਲੀ ਸਕ੍ਰੀਨਸ਼ੌਟਸ ਦੀ ਵਰਤੋਂ ਕਰਕੇ ਮੈਸਰਜ਼ ਕ੍ਰਿਸ਼ਨਾ ਐਂਟਰਪ੍ਰਾਈਜ਼ਿਜ਼ ਤੋਂ ਲਗਭਗ 17.68 ਲੱਖ ਰੁਪਏ ਦੇ ਮੈਡੀਕਲ ਉਪਕਰਣ ਪ੍ਰਾਪਤ ਕੀਤੇ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਟੀਮ ਨੇ ਅਸਲਮ ਨੂੰ ਲੱਭਣ ਲਈ ਤਕਨੀਕੀ ਨਿਗਰਾਨੀ ਕੀਤੀ ਅਤੇ ਉਪਲਬਧ ਸਬੂਤਾਂ ਦਾ ਵਿਸ਼ਲੇਸ਼ਣ ਕੀਤਾ। ਅਸਲਮ ਆਪਣਾ ਮੋਬਾਈਲ ਫੋਨ ਬੰਦ ਕਰਕੇ ਪੁਲਿਸ ਹਿਰਾਸਤ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੁੱਢਲੀ ਪੁੱਛਗਿੱਛ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਅਸਲਮ ਅਲਵਰ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਇੱਕ ਟੈਕਨੀਸ਼ੀਅਨ ਸਹਾਇਕ ਵਜੋਂ ਕੰਮ ਕਰਦਾ ਸੀ ਤੇ ਡਾਕਟਰੀ ਉਪਕਰਣਾਂ ਵਿੱਚ ਚੰਗੀ ਤਰ੍ਹਾਂ ਜਾਣੂ ਸੀ। ਪੁਲਸ ਮਹਾਰਾਸ਼ਟਰ ਵਿੱਚ ਇਸੇ ਤਰ੍ਹਾਂ ਦੇ ਧੋਖਾਧੜੀ ਦੇ ਮਾਮਲਿਆਂ ਵਿੱਚ ਉਸਦੀ ਸੰਭਾਵਿਤ ਸ਼ਮੂਲੀਅਤ ਦੀ ਵੀ ਜਾਂਚ ਕਰ ਰਹੀ ਹੈ। ਇਨ੍ਹਾਂ ਮਾਮਲਿਆਂ ਵਿੱਚ ਸਪਲਾਇਰਾਂ ਨੂੰ ਔਨਲਾਈਨ ਥੋਕ ਪਲੇਟਫਾਰਮਾਂ ਰਾਹੀਂ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਧੋਖਾਧੜੀ ਨਾਲ ਸਾਮਾਨ ਖਰੀਦਿਆ ਗਿਆ ਸੀ। ਰਾਜਸਥਾਨ ਵਿੱਚ ਦਰਜ ਮਾਮਲਿਆਂ ਅਤੇ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੇ ਤਹਿਤ ਚੱਲ ਰਹੀ ਕਾਨੂੰਨੀ ਕਾਰਵਾਈ ਵਿੱਚ ਉਸਦੀ ਕਥਿਤ ਸ਼ਮੂਲੀਅਤ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਪੁੱਛਗਿੱਛ ਦੌਰਾਨ ਅਸਲਮ ਨੇ ਕਥਿਤ ਤੌਰ ’ਤੇ ਖੁਲਾਸਾ ਕੀਤਾ ਕਿ ਉਸਨੇ ਮੈਡੀਕਲ ਸਪਲਾਈ ਬਹੁਤ ਘੱਟ ਕੀਮਤ ’ਤੇ ਦਿੱਲੀ ਦੇ ਰਮੇਸ਼ ਨਗਰ-ਮਾਨਸਰੋਵਰ ਗਾਰਡਨ ਖੇਤਰ ਵਿੱਚ ਸਥਿਤ ਮੈਸਰਜ਼ ਸਵਾਸਤਿਕ ਸਰਜੀਕਲਜ਼ ਨੂੰ ਵੇਚੀ ਸੀ। ਫਰਮ ਦੇ ਮਾਲਕ, ਰਮੇਸ਼ ਚੰਦਰ ਜਸੂਜਾ (67) ਨੂੰ ਜਾਂਚ ਵਿੱਚ ਸ਼ਾਮਲ ਹੋਣ ਅਤੇ ਤਸਦੀਕ ਲਈ ਸਾਮਾਨ ਪੇਸ਼ ਕਰਨ ਲਈ ਕਿਹਾ ਗਿਆ ਹੈ। ਪੁਲਸ ਦੇ ਅਨੁਸਾਰ, ਲਗਭਗ ?17 ਲੱਖ ਦੀ ਕੀਮਤ ਵਾਲੇ ਸਾਮਾਨ ਨੂੰ ਕਥਿਤ ਤੌਰ ’ਤੇ ?600,000 ਤੋਂ ?700,000 ਵਿੱਚ ਖਰੀਦਿਆ ਗਿਆ ਸੀ।

ਤੇਜ਼ ਰਫ਼ਤਾਰ ਕਾਰ ਦੀ ਦੋ ਆਟੋਆਂ ਨਾਲ ਟੱਕਰ, 14 ਜ਼ਖ਼ਮੀ

ਅੰਮ੍ਰਿਤਸਰ 1 ਨਵੰਬਰ। ਪੁਤਲੀਘਰ ਇਲਾਕੇ ’ਚ ਸ਼ੁੱਕਰਵਾਰ ਰਾਤ ਇਕ ਸੜਕ ਹਾਦਸੇ ’ਚ 14 ਲੋਕ ਜ਼ਖ਼ਮੀ ਹੋ ਗਏ। ਹਾਦਸਾ ਰਾਤ ਕਰੀਬ 8 ਵਜੇ ਬੀ. ਆਰ. ਟੀ. ਐੱਸ. ਲਾਈਨ ਵਿਚਕਾਰ ਬਣੇ ਡਿਵਾਈਡਰ ਨੇੜੇ ਵਾਪਰਿਆ, ਜਿੱਥੇ ਇਕ ਤੇਜ਼ ਰਫ਼ਤਾਰ ਕਾਰ ਨੇ ਇਕ ਤੋਂ ਬਾਅਦ ਇਕ ਦੋ ਆਟੋਆਂ ਨੂੰ ਟੱਕਰ ਮਾਰ ਦਿੱਤੀ। ਜ਼ਖ਼ਮੀਆਂ ’ਚ 3 ਸਾਲ ਦੀ ਬੱਚੀ ਮਾਹੀ ਵੀ ਸ਼ਾਮਲ ਹੈ, ਜਿਸ ਦੇ ਸਿਰ ’ਤੇ ਸੱਟ ਲੱਗੀ ਹੈ। ਦੱਸਿਆ ਜਾ ਰਹਾ ਹੈ ਕਿ ਹਾਦਸੇ ਦਾ ਸ਼ਿਕਾਰ ਹੋਏ ਲੋਕ ਉੱਤਰਾਖੰਡ ਦੇ ਰੁੜਕੀ ਦੇ ਰਹਿਣ ਵਾਲੇ ਹਨ। ਉਹ ਵਾਹਗਾ ਬਾਰਡਰ ’ਤੇ ਪਰੇਡ ਦੇਖਣ ਤੋਂ ਬਾਅਦ ਆਟੋ ਰਾਹੀਂ ਵਾਪਸ ਪਰਤ ਰਹੇ ਸਨ। ਇਸੇ ਦੌਰਾਨ ਪੁਤਲੀਘਰ ਨੇੜੇ ਕਾਰ ਨੇ ਦੋਵਾਂ ਆਟੋਆਂ ਨੂੰ ਆਪਣੀ ਲਪੇਟ ’ਚ ਲੈ ਲਿਆ। ਟੱਕਰ ਤੋਂ ਬਾਅਦ ਆਟੋ ’ਚ ਸਵਾਰ ਯਾਤਰੀਆਂ ’ਚ ਚੀਖ਼-ਚਿਹਾੜਾ ਪੈ ਗਿਆ। ਹਾਦਸਾ ਵਾਪਦੇ ਹੀ ਆਸ-ਪਾਸ ਦੇ ਲੋਕ ਮੌਕੇ ’ਤੇ ਪਹੁੰਚ ਗਏ ਅਤੇ ਜ਼ਖ਼ਮੀਆਂ ਨੂੰ ਬਾਹਰ ਕੱਢ ਕੇ ਹਸਪਤਾਲ ਪਹੁੰਚਾਉਣ ’ਚ ਮਦਦ ਕੀਤੀ। ਸਾਰੇ ਜ਼ਖ਼ਮੀਆਂ ਨੂੰ ਨੇੜਲੇ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਟੀਮ ਵੀ ਮੌਕੇ ’ਤੇ ਪਹੁੰਚੀ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰਦਿਆਂ ਕਾਰ ਚਾਲਕ ਤੋਂ ਪੁੱਛਗਿੱਛ ਕੀਤੀ ਹੈ। ਉਥੇ ਹੀ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਵੀ ਜਾਂਚ ਕੀਤੀ ਜਾ ਰਹੀ ਹੈ। ਹਾਦਸੇ ਤੋਂ ਬਾਅਦ ਮੌਕੇ ’ਤੇ ਮੌਜੂਦ ਕੁਝ ਲੋਕਾਂ ਨੇ ਕਾਰ ਚਾਲਕ ਦੇ ਨਸ਼ੇ ’ਚ ਹੋਣ ਦੀ ਗੱਲ ਕਹੀ ਹੈ। ਹਾਲਾਂਕਿ ਚਾਲਕ ਦੇ ਨਸ਼ੇ ’ਚ ਹੋਣ ਦੀ ਅਜੇ ਪੁਲਸ ਵੱਲੋਂ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ। ਪੁਲਸ ਚਾਲਕ ਦੀ ਸਥਿਤੀ ਅਤੇ ਹਾਦਸੇ ਨਾਲ ਜੁੜੇ ਹੋਰ ਪਹਿਲੂਆਂ ਦੀ ਜਾਂਚ ਕਰ ਰਹੀ ਹੈ। ਉਥੇ ਹੀ ਹਾਦਸੇ ਤੋਂ ਬਾਅਦ ਸਥਾਨਕ ਲੋਕਾਂ ਨੇ ਬੀ. ਆਰ. ਟੀ. ਐੱਸ. ਲਾਈਨ ਵਿਚਕਾਰ ਬਣੇ ਡਿਵਾਈਡਰ ਨੂੰ ਲੈ ਕੇ ਵੀ ਨਰਾਜ਼ਗੀ ਜ਼ਾਹਰ ਕੀਤੀ। ਲੋਕਾਂ ਦਾ ਕਹਿਣਾ ਹੈ ਕਿ ਇਸ ਜਗ?ਹਾ ’ਤੇ ਪਹਿਲਾਂ ਵੀ ਹਾਦਸੇ ਵਾਪਰ ਚੁੱਕੇ ਹਨ ਅਤੇ ਡਿਵਾਈਡਰ ਕਾਰਨ ਵਾਹਨ ਚਾਲਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ।